# ਬਾਲ ਬਦਸਲੂਕੀ

## ਨਾਲ ਨਜਿੱਠਣਾ

### ਇੱਕ ਯੂਜ਼ਰ ਮੈਨੂਅਲ

HAQ Centre for Child Rights

Save the Children®

# ਤਤਕਰਾ


**ਬਾਲ ਬਦਸਲੂਕੀ – ਸਮਾਜ ਨੂੰ ਪਰਵਿਰਤਨ ਦੇ ਏਜੰਟ ਦੇ ਤੌਰ ਤੇ ਮਜ਼ਬੂਤ ਕਰਣ ਦੀ ਲੋੜ** 1

ਟ੍ਰੇਨਰਾਂ/ਬਾਲ ਸੁਰੱਖਿਆ ਸਮਿਤੀਆਂ ਅਤੇ ਹੋਰਾਂ ਲਈ ਮੈਨੁਅਲ 2

ਭਾਗ-1 4

ਟ੍ਰੇਨਿੰਗ ਪ੍ਰੋਗਰਾਮ ਦੀਆਂ ਜ਼ਰੂਰਤਾਂ 4

ਇਸ ਮੈਨੁਅਲ ਦਾ ਇਸਤੇਮਾਲ ਕਿਵੇਂ ਕੀਤਾ ਜਾਵੇ ? 6

ਭਾਈਚਾਰੇ ਅਧਾਰਿਤ ਸਮੂਹਾਂ, ਬਾਲ ਸਮੂਹਾਂ ਦੇ ਵਿੱਚ ਬਾਲ ਬਦਸਲੂਕੀ ਦੇ ਮੁੱਦੇ ਨੂੰ ਕਿਸ ਤਰ੍ਹਾਂ ਲੈ ਕੇ ਜਾਇਆ ਜਾਵੇ 9

ਬਾਲ ਬਦਸਲੂਕੀ ਤੇ ਫੈਸੀਲਿਟੇਸ਼ਨ ਅਤੇ ਟ੍ਰੇਨਿੰਗ- ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ 10

ਕਦਮ ਤੇ ਕਦਮ 11

ਭਾਗ-2 22

ਬਾਲ ਬਦਸਲੂਕੀ ਕੀ ਹੈ ? 22

ਸੈਕਸ਼ਨ 1: ਲੋਕਾਂ ਨੂੰ ਬਦਸਲੂਕੀ ਬਾਰੇ ਕਿਵੇਂ ਦੱਸਿਆ ਜਾਵੇ ਅਤੇ ਇਸ ਵਿਸ਼ੇ ਬਾਰੇ ਕਿਵੇਂ ਚਰਚਾ ਕੀਤੀ ਜਾਵੇ - ਕੁਝ ਟੂਲ ਅਤੇ ਵਿਧੀਆਂ 22

ਸੈਕਸ਼ਨ 2 ਬਾਲ ਬਦਸਲੂਕੀ ਬਾਰੇ ਜਾਣਕਾਰੀ 30

ਬਾਲ ਬਦਸਲੂਕੀ ਅਤੇ ਸ਼ੋਸ਼ਣ ਵਿੱਚ ਕੀ ਅੰਤਰ ਹੈ ? 31

ਬਦਸਲੂਕੀ ਦੇ ਰੂਪ 37

ਬਦਸਲੂਕੀ ਨੂੰ ਪਹਿਚਾਨਣਾ - ਬਦਸਲੂਕੀ ਦੇ ਲੱਛਣ 59

ਬਾਲ ਬਦਸਲੂਕੀ ਦੇ ਪ੍ਰਭਾਵ 61

ਭਾਗ-3 63

ਬਾਲ ਬਦਸਲੂਕੀ ਨੂੰ ਰੋਕਣਾ ਅਤੇ ਇਸ ਨਾਲ ਨਜਿੱਠਣਾ 63

ਕਿਹੜੇ ਕਾਨੂੰਨ ਬੱਚਿਆਂ ਦੀ ਬਦਸਲੂਕੀ ਤੋਂ ਸੁਰੱਖਿਆ ਕਰਦੇ ਹਨ ? 73

ਬਦਸਲੂਕੀ ਦੇ ਮਾਮਲੇ ਦੀ ਰਿਪੋਰਟ ਕਰਨਾ: ਜਾਣਨ ਵਾਲੀਆਂ ਗੱਲਾਂ 82

ਅਨੁਬੰਧ 86

ਬਾਲ ਬਦਸਲੂਕੀ ਦੀ ਰੋਕਥਾਮ ਅਤੇ ਇਸ ਨਾਲ ਨਜਿੱਠਣਾ 86

ਬਾਲ ਸੁਰੱਖਿਆ ਸਮਿਤੀਆਂ ਦੀ ਟ੍ਰੇਨਿੰਗ ਲਈ ਡਰਾਫਟ ਪ੍ਰੋਗਰਾਮ 89

ਬਾਲ ਸਮੂਹਾਂ ਦੀ ਟ੍ਰੇਨਿੰਗ ਲਈ ਡਰਾਫਟ ਪ੍ਰੋਗਰਾਮ 92

# ਬਾਲ ਬਦਸਲੂਕੀ

## ਬਾਲ ਬਦਸਲੂਕੀ – ਸਮਾਜ ਨੂੰ 'ਪਰਵਿਰਤਨ ਦੇ ਏਜੰਟਾ ਦੇ ਤੌਰ ਤੇ ਮਜ਼ਬੂਤ ਕਰਣ ਦੀ ਲੋੜ

2009 ਤੋਂ ਲੈ ਕੇ, ਸੇਵ ਦ ਚਿਲਡਰਨ ਬਾਲ ਅਧਿਕਾਰਾਂ ਦੀ ਹਰ ਤਰਾਂ ਦੀ ਉਲੰਘਣਾ ਦੀ ਰੋਕਥਾਮ ਨੂੰ ਸੁਨਿਸ਼ਚਿਤ ਕਰਣ ਲਈ ਇੱਕ ਸਮਾਜਿਕ ਅਤੇ ਨੀਤੀਪੂਰਵਕ ਵਾਤਾਵਰਣ ਬਣਾਉਣ ਦੇ ਉਦੇਸ਼ ਨਾਲ ਮਹਾਰਾਸ਼ਟਰ ਅਤੇ ਗੁਜਰਾਤ ਦੇ ਰਾਜਾਂ ਵਿਚ "ਚਾਈਲਡ ਰਾਈਟਸ ਫਾਰ ਚੇਂਜ" ਪ੍ਰੋਜੈਕਟ ਨੂੰ ਲਾਗੂ ਕਰ ਰਿਹਾ ਹੈ। ਇਸ ਪਹਿਲ ਵਿੱਚ ਵਿਧਰਬਾ ਖੇਤਰ ਮਹਾਰਾਸ਼ਟਰ (ਅਮਰਾਵਤੀ, ਬੁਲਦਾਨਾ, ਵਾਸ਼ਿਮ ਅਤੇ ਅਕੋਲਾ) ਦੇ ਚਾਰ ਜ਼ਿਲਿਆਂ ਦੇ 986 ਪਿੰਡ ਅਤੇ ਗੁਜਰਾਤ (ਅਹਿਮਦਾਬਾਦ, ਸਾਬਰਕਾਂਤਾ, ਸੁਰਿੰਦਰਨਗਰ ਅਤੇ ਭੜੂਚ) ਦੇ ਚਾਰ ਜ਼ਿਲਿਆਂ ਦੇ 882 ਪਿੰਡ ਸ਼ਾਮਲ ਹਨ।

ਇਹ ਸੰਪੂਰਨ ਭਾਈਚਾਰੇ ਅਧਾਰਿਤ ਦਖਲ 'ਤੇ ਕੇਂਦ੍ਰਿਤ ਹੈ ਅਤੇ ਇਸ ਵਿੱਚ ਬਾਲ ਸੁਰੱਖਿਆ, ਸੰਮਲਿਤ ਸਿੱਖਿਆ, ਮਹਿਲਾ ਸ਼ਕਤੀਕਰਣ ਅਤੇ ਨਿਵਾਰਕ ਸਿਹਤ ਵੀ ਸ਼ਾਮਲ ਹੈ।

ਇਸ ਪਹਿਲ ਦਾ ਹਿੱਸਾ ਹੋਣ ਦੇ ਨਾਤੇ, ਇਸ ਪ੍ਰਾਜੈਕਟ 'ਚ ਸੇਵ ਦ ਚਿਲਡਰਨ ਨੇ ਐਨ ਜੀ ਓ ਦੇ ਭਾਈਵਾਲਾਂ ਦੇ ਸਹਿਯੋਗ ਨਾਲ, ਪ੍ਰਾਜੈਕਟ ਦੇ ਸਾਰੇ ਪਿੰਡਾਂ ਵਿਚ ਬਾਲ ਸੁਰੱਖਿਆ ਸਮਿਤੀਆਂ ਅਤੇ ਬਾਲ ਸਮੂਹਾਂ ਦੇ ਗਠਨ ਵਿੱਚ ਮਦਦ ਕੀਤੀ। ਇਹ ਸਮੁਦਾਏ ਅਧਾਰਿਤ ਗਰੁੱਪ ਹਨ, ਜਿਹੜੇ 'ਪਰਿਵਰਤਨ ਦੇ ਏਜੰਟ' ਦੇ ਤੌਰ ਤੇ ਕੰਮ ਕਰਦੇ ਹੋਏ, ਦਿਨ-ਪ੍ਰਤੀ-ਦਿਨ ਦੇ ਆਧਾਰ 'ਤੇ ਬਾਲ ਸੁਰੱਖਿਆ ਦੇ ਮੁੱਦਿਆਂ ਨਾਲ ਜੁੜੇ ਹੋਏ ਹਨ। ਬਾਲ ਬਦਸਲੂਕੀ ਵਰਗੇ ਮੁੱਦਿਆਂ ਦੀ ਗੁੰਝਲਤਾ ਦੇ ਮੱਦੇਨਜ਼ਰ, ਪ੍ਰਾਜੈਕਟ ਦੇ ਉਦੇਸ਼ਾਂ ਵਿਚੋਂ ਇੱਕ ਉਦੇਸ਼ ਬਾਲ ਅਧਿਕਾਰਾਂ ਦੀਆਂ ਵੱਖ-ਵੱਖ ਉਲੰਘਣਾਵਾਂ ਖਾਸ ਤੌਰ ਤੇ ਬਾਲ ਬਦਸਲੂਕੀ ਨੂੰ ਹੱਲ ਕਰਣ ਲਈ ਗਿਆਨ, ਜਾਣਕਾਰੀ ਅਤੇ ਹੋਰ ਉਪਕਰਣਾਂ ਨਾਲ ਇਹਨਾਂ ਸਮੁਦਾਏ ਅਧਾਰਿਤ ਗਰੁਪਾਂ ਨੂੰ ਮਜ਼ਬੂਤ ਕਰਨਾ ਹੈ।

# A Manual

## ਟ੍ਰੇਨਰਾਂ/ਬਾਲ ਸੁਰੱਖਿਆ ਸਮਿਤੀਆਂ ਅਤੇ ਹੋਰਾਂ ਲਈ ਮੈਨੁਅਲ

### ਜ਼ਰੂਰਤ

ਬਾਲ ਸੁਰੱਖਿਆ ਦੇ ਬਹੁਤ ਸਾਰੇ ਮੁੱਦਿਆਂ ਵਿੱਚ, ਬਾਲ ਬਦਸਲੂਕੀ ਆਪਣੇ ਬਹੁਤ ਸਾਰੇ ਰੂਪਾਂ ਅਤੇ ਪ੍ਰਗਟਾਵੇ ਵਿੱਚ ਸਭ ਤੋਂ ਗੁੰਝਲਦਾਰ ਹੈ। ਬਾਲ ਬਦਸਲੂਕੀ ਜਿੰਨਾ ਕੁ ਸਵੀਕਾਰ ਕੀਤਾ ਜਾ ਸਕਦਾ ਹੈ, ਉਸ ਤੋਂ ਕਿਤੇ ਜ਼ਿਆਦਾ ਵਾਪਰਦਾ ਹੈ ਅਤੇ ਇਸ ਤੇ ਕੋਈ ਪ੍ਰਸ਼ਨ ਵੀ ਨਹੀਂ ਉਠਾਏ ਜਾਂਦੇ।
ਸਮੁਦਾਏ ਪੱਧਰ ਤੇ ਬਾਲ ਬਦਸਲੂਕੀ ਨੂੰ ਰੋਕਣ ਲਈ, ਨਾ ਸਿਰਫ ਇੱਕੋ ਤਰਾਂ ਦੇ ਵਿਚਾਰਾਂ ਵਾਲੇ ਵਿਅਕਤੀਆਂ ਦੇ ਇੱਕਠੇ ਹੋਣ ਦੀ ਲੋੜ ਹੁੰਦੀ ਹੈ, ਬਲਕਿ ਦਿਨ-ਪ੍ਰਤੀ-ਦਿਨ ਦੇ ਆਧਾਰ 'ਤੇ ਇਸ ਨਾਲ ਨਿਬਟਣ ਲਈ ਹੁਨਰ, ਗਿਆਨ ਅਤੇ ਜਾਣਕਾਰੀ ਦੇ ਸੈੱਟ ਦੀ ਲੋੜ ਵੀ ਹੁੰਦੀ ਹੈ। ਜਦੋਂ ਤੱਕ ਸਮੁਦਾਵਾਂ ਨੂੰ ਅਜਿਹੇ ਗਿਆਨ ਅਤੇ ਜਾਣਕਾਰੀ ਦੇ ਨਾਲ-ਨਾਲ ਜ਼ਰੂਰੀ ਤਕਨੀਕਾਂ ਅਤੇ ਉਪਕਰਣਾਂ ਨਾਲ ਸ਼ਕਤੀਵਾਨ ਨਹੀਂ ਕੀਤਾ ਜਾਂਦਾ, ਜਿਹੜੇ ਬਾਲ ਬਦਸਲੂਕੀ ਅਤੇ ਇਸ ਦੀਆਂ
ਜਟਿਲਤਾਵਾਂ ਬਾਰੇ ਉਹਨਾਂ ਦੀ ਸਮਝ ਦਾ ਨਿਰਮਾਣ ਕਰਣ ਅਤੇ ਇਸ ਦੀ ਰੋਕਥਾਮ ਲਈ ਕੰਮ ਕਰਣ ਵਿੱਚ ਮਦਦ ਕਰਣ, ਉਦੋਂ ਤੱਕ ਇਹ ਸਮੱਸਿਆ ਬੇਰੋਕਟੋਕ ਜਾਰੀ ਰਹੇਗੀ।

ਇਸ ਲਈ ਇਹ ਮੈਨੁਅਲ ਇਹ ਜ਼ਰੂਰਤ ਪੂਰੀ ਕਰਣ ਦੀ ਇੱਕ ਕੋਸ਼ਿਸ਼ ਹੈ। ਇਹ ਇੱਕ ਸਟੈਂਡਅਲੋਨ ਦਸਤਾਵੇਜ਼ ਨਹੀਂ ਹੈ ਅਤੇ ਇਸ ਨੂੰ ਬਾਲ ਬਦਸਲੂਕੀ ਬਾਰੇ ਹੋਰ ਮੌਜੂਦਾ ਜਾਣਕਾਰੀ ਅਤੇ ਟੂਲਕਿਟਾਂ ਦੇ ਨਾਲ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ।

### ਉਪਭੋਗਤਾ

ਇਹ ਮੈਨੁਅਲ ਮੁੱਖ ਤੌਰ ਤੇ ਉਹਨਾਂ ਵਿਅਕਤੀਆਂ ਲਈ ਹੈ, ਜਿਹੜੇ ਬਾਲ ਬਦਸਲੂਕੀ ਦੇ ਮੁੱਦਿਆਂ ਤੇ ਬਾਲ ਸੁਰੱਖਿਆ ਸਮਿਤੀਆਂ ਅਤੇ ਬੱਚਿਆਂ ਨਾਲ ਕੰਮ ਕਰਦੇ ਹਨ। ਪ੍ਰੰਤੂ ਇਹ ਸਮੱਗਰੀ ਬੱਚਿਆਂ ਨਾਲ ਕੰਮ ਕਰਣ ਵਾਲੇ ਅਤੇ ਬਾਲ ਬਦਸਲੂਕੀ ਤੋਂ ਉਹਨਾਂ ਦੀ ਸੁਰੱਖਿਆ ਕਰਣ ਵਾਲੇ, ਜਾਗਰੂਕਤਾ ਫੈਲਾਓਣ ਲਈ ਜ਼ਿੰਮੇਵਾਰ ਅਤੇ ਬਾਲ ਬਦਸਲੂਕੀ ਅਤੇ ਹਿੰਸਾ ਦੇ ਵੱਖ-ਵੱਖ ਰੂਪਾਂ ਨਾਲ ਨਜਿੱਠਣ ਲਈ ਦੂਜਿਆਂ ਨੂੰ ਸਿਖਲਾਈ ਦੇਣ ਵਾਲੇ ਅਤੇ ਨਾਲ ਹੀ ਸਮੁਦਾਏ ਦੇ ਲੀਡਰ ਅਤੇ ਪੰਚਾਇਤ ਦੇ ਮੈਂਬਰ, ਅਧਿਆਪਕ ਅਤੇ ਨਰਸਾਂ ਵਰਗੇ ਸੇਵਾ ਪ੍ਰਦਾਤਾ ਵੀ ਇਸਤੇਮਾਲ ਕਰ ਸਕਦੇ ਹਨ।

### ਮੈਨੁਅਲ ਬਾਰੇ

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਸਮੁਦਾਏ ਅਧਾਰਿਤ ਕਾਰਵਾਈ ਸਮੂਹਾਂ, ਖਾਸ ਤੌਰ 'ਤੇ ਬਾਲ ਸਮੂਹਾਂ ਦੇ ਨਾਲ ਬਾਲ ਬਦਸਲੂਕੀ ਦੇ ਵਿਸ਼ੇ ਬਾਰੇ ਚਰਚਾ ਕਰਨਾ, ਮੁੱਦੇ ਦੀ ਤਰਾਂ ਹੀ ਗੁੰਝਲਦਾਰ ਹੈ। ਇਸ ਲਈ ਇਸ ਦਸਤਾਵੇਜ਼ ਨੂੰ ਫੈਸੀਲਿਟੇਟਰਾਂ ਲਈ ਇੱਕ ਮਾਰਗਦਰਸ਼ਕ ਦੇ ਤੌਰ ਤੇ ਤਿਆਰ ਕੀਤਾ ਗਿਆ ਹੈ, ਤਾਂ ਜੋ ਉਹ ਬਾਲ ਸੁਰੱਖਿਆ ਸਮਿਤੀ ਦੇ ਮੈਂਬਰਾਂ ਨੂੰ ਸਿਖਲਾਈ ਦੇ ਸਕਣ ਅਤੇ ਸੁਰੱਖਿਆ ਲਈ ਬੱਚਿਆਂ ਦੇ ਅਧਿਕਾਰ ਨੂੰ ਕਾਇਮ ਰੱਖਦੇ ਹੋਏ ਬਾਲ ਬਦਸਲੂਕੀ ਨਾਲ ਨਜਿੱਠਣ ਲਈ ਅਤੇ ਇਸ ਨੂੰ ਰੋਕਣ ਲਈ ਸਮੁਦਾਏ ਦੇ ਅੰਦਰ 'ਪਰਿਵਰਤਨ ਦੇ ਏਜੰਟ" ਦੇ ਤੌਰ ਤੇ ਕੰਮ ਕਰਣ ਵਿੱਚ ਮਦਦ ਦੇਣ ਵਾਲੀ ਜਾਣਕਾਰੀ ਅਤੇ ਟੂਲ ਉਪਲਬਧ ਕਰਵਾ ਸਕਣ।

ਮੈਨੁਅਲ ਕੇਵਲ ਲਿਖਤੀ ਟ੍ਰੇਨਿੰਗ ਤੇ ਹੀ ਨਹੀਂ ਬਲਕਿ, ਇੱਕ ਅਮਲੀ, ਪਹੁੰਚਵਾਨ ਦ੍ਰਿਸ਼ਟੀਕੋਣ ਤੇ ਕੇਂਦ੍ਰਿਤ ਹੈ। ਇਸ ਨੂੰ ਵਿਆਪਕ ਅਤੇ ਇੰਟਰੈਕਟਿਵ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਗਾਈਡ ਦੇ ਸ਼ੁਰੂ ਵਿੱਚ, ਵਧੀਆ ਨਤੀਜੇ ਪ੍ਰਾਪਤ ਕਰਣ ਲਈ ਟ੍ਰੇਨਿੰਗ ਵਿੱਚ ਇੱਕ ਤਾਰਕਿਕ ਢਾਂਚੇ ਦੀ ਪਾਲਣਾ ਕਰਣ ਲਈ ਟ੍ਰੇਨਰ / ਫੈਸੀਲਿਟੇਟਰ ਦੇ ਮਾਰਗਦਰਸ਼ਨ ਲਈ ਪ੍ਰੋਗਰਾਮ ਸ਼ੈਡੀਯੂਲ ਦਿੱਤੇ ਗਏ ਹਨ। ਇਸ ਵਿੱਚ ਇਹ ਵੀ ਗੁੰਜਾਇਸ਼ ਰੱਖੀ ਗਈ ਹੈ ਕਿ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕਰਵਾਉਣ ਵਾਲੇ ਟ੍ਰੇਨਰ ਅਤੇ ਸਰੋਤ ਵਿਅਕਤੀ ਆਪਣੇ ਅਨੁਭਵਾਂ ਦਾ ਇਸਤੇਮਾਲ ਕਰਦੇ ਹੋਏ ਲੋੜੀਂਦੇ ਨਤੀਜੇ ਪ੍ਰਾਪਤ ਕਰਣ ਲਈ ਨਵੇਂ ਢੰਗਾਂ ਦਾ ਵਿਕਾਸ ਕਰਦੇ ਹੋਏ ਟ੍ਰੇਨਿੰਗ ਸੈਸ਼ਨ ਵਿੱਚ ਸਮ੍ਰਿਧੀ ਜੋੜ ਸਕਦੇ ਹਨ।

ਮੈਨੁਅਲ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ।
ਭਾਗ 1 ਵਿੱਚ ਨਿਮਨਲਿਖਿਤ ਹਨ:

ਸੁਵਿਧਾ ਅਤੇ ਟ੍ਰੇਨਿੰਗ ਦੀਆਂ ਜ਼ਰੂਰਤਾਂ
ਇਸ ਮੈਨੁਅਲ ਦਾ ਇਸਤੇਮਾਲ ਕਿਵੇਂ ਕੀਤਾ ਜਾਵੇ
ਸਵੈ-ਰੱਵਈਏ ਨੂੰ ਸਮਝਣਾ
ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ

ਭਾਗ 2 ਨਿਮਨਲਿਖਿਤ ਅਨੁਸਾਰ ਬਾਲ ਬਦਸਲੂਕੀ ਦੇ ਵਿਸ਼ੇ ਤੇ ਕੇਂਦ੍ਰਿਤ ਹੈ:

ਸੈਕਸ਼ਨ 1 - ਬਾਲ ਬਦਸਲੂਕੀ ਬਾਰੇ ਚਰਚਾ : ਕੁਝ ਵਿਧੀਆਂ ਅਤੇ ਉਪਕਰਣ
ਸਮੁਦਾਏ ਆਧਾਰਿਤ ਸਮੂਹਾਂ ਅਤੇ ਬਾਲ ਸਮੂਹਾਂ ਨਾਲ ਬਾਲ ਬਦਸਲੂਕੀ ਦੇ ਮੁੱਦੇ ਬਾਰੇ ਗੱਲਬਾਤ ਕਿਵੇਂ ਕੀਤੀ ਜਾਵੇ

ਸੈਕਸ਼ਨ 2 - ਬਾਲ ਬਦਸਲੂਕੀ ਬਾਰੇ ਜਾਣਕਾਰੀ
ਬਾਲ ਬਦਸਲੂਕੀ ਬਾਰੇ ਸਮਝਣਾ
ਸ਼ੋਸ਼ਣ ਅਤੇ ਬਦਸਲੂਕੀ ਵਿੱਚ ਅੰਤਰ
ਬਾਲ ਬਦਸਲੂਕੀ ਦੇ ਰੂਪ
ਬਾਲ ਬਦਸਲੂਕੀ ਬਾਰੇ ਮਿਥਕ ਅਤੇ ਤੱਥ

ਭਾਗ 3 ਵਿੱਚ ਕੁਝ ਕਾਰਵਾਈ ਬਿੰਦੂ ਦਿੱਤੇ ਗਏ ਹਨ। ਇਹਨਾਂ ਵਿੱਚ ਇਹ ਸ਼ਾਮਿਲ ਹਨ:

ਬਾਲ ਬਦਸਲੂਕੀ ਨੂੰ ਰੋਕਣਾ ਅਤੇ ਇਸ ਨਾਲ ਨਜਿੱਠਣਾ
ਬਾਲ ਸੁਰੱਖਿਆ ਸਮਿਤੀਆਂ ਦੀ ਭੂਮਿਕਾ ਓਹਨਾਂ ਕਾਨੂੰਨਾਂ ਬਾਰੇ ਜਾਣਨਾ ਜਿਹੜੇ ਬਾਲ ਬਦਸਲੂਕੀ ਨਾਲ ਨਜਿੱਠਣ ਵਿੱਚ ਮਦਦ ਕਰ ਸਕਦੇ ਹਨ

# ਭਾਗ-1

## ਟ੍ਰੇਨਿੰਗ ਪ੍ਰੋਗਰਾਮ ਦੀਆਂ ਜ਼ਰੂਰਤਾਂ

- ਇਸ ਮੈਨੂਅਲ ਦਾ ਉਦੇਸ਼ ਪ੍ਰਾਪਤ ਕਰਣ ਲਈ ਇਹ ਸਹੀ ਰਹੇਗਾ ਕਿ ਸੁਵਿਧਾ ਅਤੇ ਟ੍ਰੇਨਿੰਗ ਇਕੱਠੇ ਚੱਲਣ।
- ਪਰਿਵਰਤਨ ਨਿਰਮਾਤਾਵਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਵਾਲੇ ਪ੍ਰੋਗਰਾਮਾਂ ਲਈ ਫੈਸੀਲਿਟੇਟਰਾਂ ਨੂੰ ਵੀ ਟ੍ਰੇਨਰਾਂ ਦੀ ਭੂਮਿਕਾ ਨਿਭਾਓਣੀ ਚਾਹੀਦੀ ਹੈ।
- ਇਸ ਲਈ ਅਜਿਹੀਆਂ ਸਥਿਤੀਆਂ ਵਿੱਚ, ਸਭ ਤੋਂ ਪਹਿਲਾਂ ਸਰੋਤ ਵਿਅਕਤੀ ਨੂੰ ਵਿਸ਼ੇ ਬਾਰੇ ਗਿਆਨ ਅਤੇ ਸੁਵਿਧਾ ਦੇ ਹੁਨਰਾਂ ਨਾਲ ਆਪਣੇ ਆਪ ਨੂੰ ਲੈਸ ਕਰਨਾ ਚਾਹੀਦਾ ਹੈ।
- ਸਮੁਦਾਏ ਦੇ ਪੱਧਰ 'ਤੇ ਸਾਰੇ ਸਿਖਲਾਈ ਪ੍ਰੋਗਰਾਮ ਜ਼ਰੂਰੀ ਨਹੀਂ ਕਿ ਇੱਕ-ਵਾਰ ਦੇ ਪ੍ਰੋਗਰਾਮ ਹੀ ਹੋਣ ਅਤੇ ਇਸ ਤੋਂ ਬਾਅਦ ਰਿਫਰੈਸ਼ਰ ਕੋਰਸ ਹੋਵੇ। ਅਸਲ ਵਿਚ ਟ੍ਰੇਨਿੰਗ ਸਥਿਤੀ ਅਤੇ ਟ੍ਰੇਨਿੰਗ ਲੈ ਰਹੇ ਗਰੁੱਪ 'ਤੇ ਨਿਰਭਰ ਕਰਦੇ ਹੋਏ ਵੱਖ ਵੱਖ ਸਮੇਂ ਤੇ ਕਈ ਸੈਸ਼ਨਾਂ ਵਿੱਚ ਦਿੱਤੀ ਜਾ ਸਕਦੀ ਹੈ।
- ਜੇਕਰ ਟ੍ਰੇਨਿੰਗ ਪ੍ਰੋਗਰਾਮ ਇੱਕੋ ਵਾਰ ਦਾ ਹੋਵੇ, ਤਾਂ ਇਸ ਵਿੱਚ 30 ਪ੍ਰਤੀਭਾਗੀਆਂ ਤੋਂ ਜ਼ਿਆਦਾ ਮੈਂਬਰ ਨਹੀਂ ਹੋਣੇ ਚਾਹੀਦੇ, ਕਿਓਂਕਿ ਪ੍ਰੋਗਰਾਮ ਵਿੱਚ ਪ੍ਰਭਾਵੀ ਸੰਚਾਰ ਅਤੇ ਗੱਲਬਾਤ ਸੁਨਿਸ਼ਚਿਤ ਕਰਨਾ ਬਹੁਤ ਮਹੱਤਵਪੂਰਣ ਹੈ।
- ਸਮੇਂ ਦਾ ਸ਼ੈਡੀਯੂਲ ਅਜਿਹਾ ਹੋਣਾ ਚਾਹੀਦਾ ਹੈ ਕਿ ਇਹ ਸਭ ਦੀਆਂ ਅਤੇ ਟ੍ਰੇਨਿੰਗ ਪ੍ਰੋਗਰਾਮ ਦੀਆਂ ਜ਼ਰੂਰਤਾਂ ਦੇ ਅਨੁਕੂਲ ਹੋਵੇ।
- ਪ੍ਰਤੀਭਾਗੀਆਂ ਦੀ ਉਮਰ ਅਤੇ ਪਰਿਪੱਕਤਾ ਦੇ ਪੱਧਰ ਵਿੱਚ ਬਹੁਤ ਜ਼ਿਆਦਾ ਅੰਤਰ ਨਹੀਂ ਹੋਣਾ ਚਾਹੀਦਾ ਅਤੇ ਜੇਕਰ ਇਸ ਨੂੰ ਟਾਲਿਆ ਨਾ ਜਾ ਸਕੇ, ਤਾਂ ਫਿਰ ਟ੍ਰੇਨਿੰਗ ਲਈ ਵਰਤੇ ਜਾ ਰਹੇ ਟੂਲ ਅਤੇ ਤਕਨੀਕਾਂ ਪ੍ਰਤੀਭਾਗੀਆਂ ਦੇ ਖਾਸ ਉਮਰ-ਸਮੂਹਾਂ ਦੇ ਅਨੁਸਾਰ ਹੋਣੇ ਚਾਹੀਦੇ ਹਨ।
- ਪ੍ਰਤੀਭਾਗੀਆਂ ਦਾ ਗਿਆਨ ਇੱਕੋ ਵਰਗਾ ਨਹੀਂ ਹੋ ਸਕਦਾ, ਪਰ ਜਿੱਥੋਂ ਤੱਕ ਸੰਭਵ ਹੋਵੇ, ਪੱਧਰ ਇੱਕੋ-ਵਰਗਾ ਹੋਣਾ ਚਾਹੀਦਾ ਹੈ।

ਫੈਸੀਲਿਟੇਟਰ ਇੱਕ ਅਜਿਹਾ ਵਿਅਕਤੀ ਹੁੰਦਾ ਹੈ, ਜਿਸ ਦਾ ਕੰਮ ਵਿਅਕਤੀਆਂ ਦੇ ਕਿਸੇ ਸਮੂਹ ਦੀ ਜਾਣਕਾਰੀ ਦੇ ਆਦਾਨ-ਪ੍ਰਦਾਨ ਦੇ ਪ੍ਰਬੰਧਨ ਦੀ ਪ੍ਰਕਿਰਿਆ ਦੁਆਰਾ ਓਹਨਾਂ ਨੂੰ ਆਪਣੇ ਸਾਂਝੇ ਉਦੇਸ਼ਾਂ ਬਾਰੇ ਸਮਝਣ ਅਤੇ ਇਹਨਾਂ ਨੂੰ ਪ੍ਰਾਪਤ ਕਰਣ ਵਿੱਚ ਮਦਦ ਕਰਨਾ ਅਤੇ ਕੋਈ ਵਿਸ਼ੇਸ਼ ਸਥਿਤੀ ਲਏ ਬਿਨਾਂ ਓਹਨਾਂ ਦਾ ਸਹਿਯੋਗ ਕਰਨਾ ਹੁੰਦਾ ਹੈ। ਸੰਖੇਪ ਵਿੱਚ ਫੈਸੀਲਿਟੇਟਰ ਦੀ ਜ਼ਿੰਮੇਵਾਰੀ ਮੰਜ਼ਿਲ ਬਾਰੇ ਸੋਚਣ ਦੀ ਥਾਂ ਯਾਤਰਾ ਨੂੰ ਸੌਖਾ ਕਰਨਾ ਹੈ।

ਦੂਜੇ ਪਾਸੇ ਇੱਕ ਟ੍ਰੇਨਰ ਜਾਂ ਸਰੋਤ ਵਿਅਕਤੀ ਇੱਕ ਅਜਿਹਾ ਮਾਹਰ ਵਿਅਕਤੀ ਹੁੰਦਾ ਹੈ, ਜਿਸ ਦੀ ਭੂਮਿਕਾ ਖਾਸ ਤੌਰ ਤੇ ਚਰਚਾ ਦੀ ਸਮੱਗਰੀ ਬਾਰੇ ਸਹਿਯੋਗ ਅਤੇ ਤਾਲਮੇਲ ਨੂੰ ਪ੍ਰਾਪਤ ਕਰਨਾ ਹੁੰਦੀ ਹੈ।

ਉਦਾਹਰਣ ਲਈ, ਉਮਰ ਦੇ ਅਨੁਸਾਰ ਉਚਿਤ ਜਾਣਕਾਰੀ ਬੱਚਿਆਂ ਦੇ ਹਿੱਸਾ ਲੈਣ ਨੂੰ ਸੁਵਿਧਾਜਣਕ ਬਣਾਓਣ ਲਈ ਆਧਾਰੀ ਨਿਯਮ ਹੈ। ਬਾਲ ਸਮੂਹਾਂ ਨੂੰ ਟ੍ਰੇਨਿੰਗ ਦਿੰਦੇ ਹੋਏ ਇਹ ਸੁਨਿਸ਼ਚਿਤ ਕਰਨਾ ਜ਼ਰੂਰੀ ਹੁੰਦਾ ਹੈ ਕਿ ਸਾਂਝੀ ਕੀਤੀ ਜਾ ਰਹੀ ਜਾਣਕਾਰੀ ਅਜਿਹੀ ਭਾਸ਼ਾ ਵਿੱਚ ਹੋਵੇ ਜੋ ਹਰ ਉਮਰ ਦੇ ਬੱਚੇ ਨੂੰ ਸਮਝ ਆ ਸਕੇ। ਜੇਕਰ ਜ਼ਰੂਰਤ ਹੋਵੇ ਤਾਂ, ਬੱਚਿਆਂ ਨੂੰ ਉਮਰ ਦੇ ਸਮੂਹਾਂ ਦੇ ਅਨੁਸਾਰ ਵੰਡਿਆ ਜਾ ਸਕਦਾ ਹੈ ਅਤੇ ਪ੍ਰੋਗਰਾਮ ਦੇ ਵਿਚਕਾਰ ਵੱਖ-ਵੱਖ ਮਿਸ਼ਰਿਤ ਸਮੂਹਾਂ ਦੀ ਗੱਲਬਾਤ ਕਰਵਾਈ ਜਾ ਸਕਦੀ ਹੈ।



### ਫੈਸੀਲਿਟੇਟਰਾਂ ਅਤੇ ਟ੍ਰੇਨਰਾਂ ਲਈ ਕੁਝ ਲਾਭਦਾਇਕ ਸੁਝਾਅ

- ਸ਼ੁਰੂ ਵਿਚ ਹੀ ਪ੍ਰਤੀਭਾਗੀਆਂ ਦੀਆਂ ਉਮੀਦਾਂ ਦੀ ਸੂਚੀ ਬਣਾ ਲੈਣਾ ਮਹੱਤਵਪੂਰਣ ਹੁੰਦਾ ਹੈ। ਅਜਿਹੀ ਸੂਚੀ ਸਰੋਤ ਵਿਅਕਤੀ ਨੂੰ ਸਮੱਗਰੀ ਦੇ ਅਨੁਸਾਰ ਉਸ ਤੋਂ ਉਮੀਦਯੋਗ ਇਨਪੁਟ ਦੀ ਅਤੇ ਵਰਤੇ ਜਾਣ ਵਾਲੇ ਟੂਲ ਅਤੇ ਤਕਨੀਕਾਂ ਬਾਰੇ ਜਾਣਨ ਵਿੱਚ ਮਦਦ ਕਰਦੀ ਹੈ। ਇਹ ਪ੍ਰੋਗਰਾਮ ਵਿੱਚ ਅੱਗੇ ਵਧਣ ਤੋਂ ਪਹਿਲਾਂ ਟ੍ਰੇਨਰ/ਫੈਸੀਲਿਟੇਟਰ ਨੂੰ ਪ੍ਰਤੀਭਾਗੀਆਂ ਦੇ ਗਿਆਨ ਦੇ ਪੱਧਰ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਣ ਵਿੱਚ ਮਦਦ ਕਰਦੀ ਹੈ।
- ਜਦੋਂ ਪ੍ਰਤੀਭਾਗੀਆਂ ਦੇ ਗਿਆਨ ਦਾ ਪੱਧਰ ਇੱਕੋ ਵਰਗਾ ਨਾ ਹੋਵੇ, ਤਾਂ ਇਹ ਸੁਨਿਸ਼ਚਿਤ ਕਰਨਾ ਮਹੱਤਵਪੂਰਣ ਹੋ ਜਾਂਦਾ ਹੈ ਕਿ ਟ੍ਰੇਨਿੰਗ ਪ੍ਰੋਗਰਾਮ ਦੇ ਲਈ ਕੁਝ ਆਧਾਰਭੂਤ ਨਿਯਮ ਬਣਾਏ ਜਾਣ, ਜਿਸ ਵਿੱਚ ਸਾਰੇ ਪ੍ਰਤਿਭਾਗੀ ਇੱਕ-ਦੂਜੇ ਦੀ ਗੱਲ ਸੁਣਨ ਲਈ ਸਹਿਮਤ ਹੋਣ, ਜੇਕਰ ਓਹਨਾਂ ਕੋਲ ਅਧਿਕ ਜਾਣਕਾਰੀ ਹੋਵੇ, ਤਾਂ ਉਹ ਆਪਣੇ ਸਾਥੀਆਂ ਦੀ ਮਦਦ ਕਰਣ, ਪ੍ਰੋਗਰਾਮ ਦੇ ਕੋਰਸ ਵਿੱਚ ਉਹ ਇੱਕ-ਦੂਜੇ ਦਾ ਸਤਕਾਰ ਕਰਣ। ਫਿਰ ਜਦੋਂ ਵੀ ਜ਼ਰੂਰਤ ਹੋਵੇ ਜਾਂ ਇਹ ਨਿਯਮ ਤੋੜੇ ਜਾਣ ਤਾਂ ਪ੍ਰਤੀਭਾਗੀਆਂ ਨੂੰ ਇਹਨਾਂ ਬਾਰੇ ਯਾਦ ਕਰਵਾਓਣਾ ਫੈਸੀਲਿਟੇਟਰ/ਟ੍ਰੇਨਰ ਦਾ ਫ਼ਰਜ਼ ਹੁੰਦਾ ਹੈ। ਅਜਿਹੇ ਆਧਾਰਭੂਤ ਨਿਯਮਾਂ ਦੇ ਨਾ ਹੋਣ ਤੇ ਜਾਂ ਇਹਨਾਂ ਦੇ ਲਾਗੂ ਨਾ ਹੋਣ ਤੇ ਸੈਸ਼ਨਾਂ ਵਿੱਚ ਦਿਲਚਸਪੀ ਘੱਟ ਹੋਣ ਦੇ ਮੌਕੇ ਵਧ ਜਾਂਦੇ ਹਨ, ਕਿਓਂਕਿ ਏਦਾਂ ਲਗਦਾ ਹੈ ਕਿ ਚਰਚਾ ਕੀਤੇ ਜਾ ਰਹੇ ਮੁੱਦਿਆਂ ਬਾਰੇ ਕੁਝ ਪ੍ਰਤੀਭਾਗੀ ਦੂਜਿਆਂ ਨਾਲੋਂ ਜ਼ਿਆਦਾ ਜਾਣਕਾਰੀ ਰੱਖਦੇ ਹਨ।

  ਚੰਗਾ ਸੰਚਾਰ ਅਤੇ ਸਧਾਰਨ ਭਾਸ਼ਾ ਵਰਤੀ ਜਾਣੀ ਚਾਹੀਦੀ ਹੈ।
- ਪੂਰੀ ਵਰਕਸ਼ਾਪ/ਸਮਰੱਥਾ ਨਿਰਮਾਣ ਪ੍ਰੋਗਰਾਮ ਦੇ ਦੌਰਾਨ ਇੱਕ ਦੋਸਤਾਨਾ ਵਾਤਾਵਰਣ ਬਣਾ ਕੇ ਰੱਖਿਆ ਜਾਣਾ ਚਾਹੀਦਾ ਹੈ।
- ਜੇਕਰ ਵਰਕਸ਼ਾਪ ਵਿਚ ਹਾਜ਼ਰ ਕਿਸੇ ਵੀ ਵਿਅਕਤੀ ਦੇ ਕੋਈ ਵੀ ਪ੍ਰਸ਼ਨ ਹੋਣ ਤਾਂ ਇਹ ਅੱਗੇ ਵਧਣ ਤੋਂ ਪਹਿਲਾਂ ਸਪਸ਼ਟ ਕੀਤੇ ਜਾਣੇ ਚਾਹੀਦੇ ਹਨ। ਅਸਲ ਵਿਚ ਪੂਰਾ ਸਮਾਂ ਸਰੀਰ ਦੀ ਭਾਸ਼ਾ ਅਜਿਹੀ ਹੋਣੀ ਚਾਹੀਦੀ ਹੈ ਕਿ ਪ੍ਰਤਿਭਾਗੀ ਸਪਸ਼ਟੀਕਰਣ ਦੀ ਮੰਗ ਕਰਣ ਲਈ ਸਹਿਜ ਮਹਿਸੂਸ ਕਰਣ।
- ਵੱਖ-ਵੱਖ ਵਿਅਕਤੀਆਂ ਦੇ ਸਿੱਖਣ ਅਤੇ ਸਮਝਣ ਦਾ ਪੱਧਰ ਵੱਖ-ਵੱਖ ਹੁੰਦਾ ਹੈ। ਇਸ ਲਈ, ਟ੍ਰੇਨਿੰਗ ਦੀ ਗਤੀ ਅਜਿਹੀ ਹੋਣੀ ਚਾਹੀਦੀ ਹੈ ਕਿ ਇਹ ਸਾਰਿਆਂ ਨੂੰ ਨਾਲ ਲੈ ਕੇ ਚੱਲੇ ਅਤੇ ਸਾਰਿਆਂ ਲਈ ਮਦਦਗਾਰ ਹੋਵੇ।
  ਧਿਆਨ ਨਾਲ ਚਰਚਾ ਨੂੰ ਸੁਣਨਾ ਟ੍ਰੇਨਰਾਂ ਲਈ ਬਹੁਤ ਮਹੱਤਪੂਰਣ ਹੈ।
- ਜਦੋਂ ਟ੍ਰੇਨਿੰਗ ਜਾਂ ਵਰਕਸ਼ਾਪ ਦੀ ਗੱਲ ਹੋਵੇ, ਤਾਂ ਚਾਹੇ ਇਹ ਬੱਚਿਆਂ ਲਈ ਹੋਵੇ ਜਾਂ ਵੱਡਿਆਂ ਲਈ, ਇੱਕੋ ਵਾਰ ਵਿੱਚ ਜ਼ਿਆਦਾ ਗਿਆਨ ਵੰਡਣਾ ਬੋਰੀਅਤ ਪੈਦਾ ਕਰ ਸਕਦਾ ਹੈ। ਇਸ ਲਈ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਹਰ ਇੱਕ ਨੂੰ ਪ੍ਰੇਰਿਤ ਕੀਤਾ ਜਾਵੇ ਅਤੇ ਹਰ ਇੱਕ ਦੀ ਦਿਲਚਸਪੀ ਬਣੀ ਰਹੇ।
- ਇਸ ਦੇ ਲਈ ਚਰਚਾਵਾਂ ਦੇ ਨਾਲ-ਨਾਲ ਖੇਡਾਂ, ਕਸਰਤਾਂ, ਫਿਲਮਾਂ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਦੀ ਜ਼ਰੂਰਤ ਹੁੰਦੀ ਹੈ।

### ਹਮੇਸ਼ਾ ਯਾਦ ਰੱਖੋ !

ਮਾਨਵ ਅਧਿਕਾਰਾਂ ਨੂੰ ਕੇਵਲ ਉਦੋਂ ਹੀ ਸੁਨਿਸ਼ਚਿਤ ਅਤੇ ਸੁਰੱਖਿਅਤ ਕੀਤਾ ਜਾ ਸਕਦਾ ਹੈ, ਜਦੋਂ ਇਹ ਤਰਕਸ਼ੀਲਤਾ ਅਤੇ ਨਿਆਂ ਦੇ ਸਿਧਾਂਤਾਂ 'ਤੇ ਆਧਾਰਿਤ ਹੋਣ। ਇਸ ਲਈ ਸਾਰੀਆਂ ਚਰਚਾਵਾਂ ਅਤੇ ਗੱਲਬਾਤ ਦੀ ਅਗਵਾਈ ਤਰਕਸ਼ੀਲਤਾ ਦੁਆਰਾ ਹੋਣੀ ਚਾਹੀਦੀ ਹੈ ਅਤੇ ਪ੍ਰਤੀਭਾਗੀਆਂ ਨੂੰ ਨਿਰਪੱਖਤਾ ਨਾਲ ਸਮਾਜਿਕ ਸੰਸਕ੍ਰਿਤੀ ਅਤੇ ਰਿਵਾਜਾਂ ਤੋਂ ਅੱਗੇ ਵਧ ਕੇ ਅਤੇ ਨਿਆਂ ਦੇ ਸਿਧਾਂਤਾਂ ਦੇ ਨਾਲ ਖੜ੍ਹੇ ਹੋ ਕੇ ਸੋਚਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

## ਇਸ ਮੈਨੁਅਲ ਦਾ ਇਸਤੇਮਾਲ ਕਿਵੇਂ ਕੀਤਾ ਜਾਵੇ ?

ਇਸ ਮੈਨੁਅਲ ਨੂੰ ਤਿੰਨ ਦਿਨ ਦੇ ਟ੍ਰੇਨਿੰਗ ਪ੍ਰੋਗਰਾਮ ਲਈ ਇਸਤੇਮਾਲ ਕਰਣ ਲਈ ਤਿਆਰ ਕੀਤਾ ਗਿਆ ਹੈ। ਪਰ ਜੇਕਰ ਸਰੋਤ ਵਿਅਕਤੀ ਨੂੰ ਅਧਿਕ ਚਰਚਾ ਦੀ ਲੋੜ ਮਹਿਸੂਸ ਹੋਵੇ, ਜਾਂ ਉਸ ਨੂੰ ਲੱਗੇ ਕਿ ਚਰਚਾ ਨੂੰ ਤਿੰਨ ਦਿਨਾਂ ਵਿੱਚ ਪੂਰਾ ਨਹੀਂ ਕੀਤਾ ਜਾ ਸਕਦਾ, ਤਾਂ ਇਸ ਅਵਧੀ ਨੂੰ ਵਧਾਇਆ ਜਾ ਸਕਦਾ ਹੈ। ਪ੍ਰੋਗਰਾਮ ਨੂੰ ਪ੍ਰਤੀਭਾਗੀਆਂ ਦੀ ਉਪਲਬਧਤਾ ਦੇ ਅਨੁਸਾਰ ਅਤੇ ਤਰੀਕਾਂ ਦੇ ਆਪਸੀ ਸਮਝੌਤੇ ਦੇ ਆਧਾਰ ਤੇ ਅਧਿਕ ਸੈਸ਼ਨਾਂ ਵਿੱਚ ਵੰਡ ਕੇ ਦੁਬਾਰਾ ਵੀ ਤਿਆਰ ਕੀਤਾ ਜਾ ਸਕਦਾ ਹੈ।

ਇਸ ਨੂੰ ਕੁਝ ਸਮੇਂ ਬਾਅਦ ਕੇਸ-ਅਧਿਐਨ ਅਤੇ ਗਤੀਵਿਧੀਆਂ ਵਿੱਚ ਤਬਦੀਲੀ ਕਰ ਕੇ ਇੱਕ ਰਿਫਰੈਸ਼ਰ ਦੇ ਤੌਰ ਤੇ ਮੁੜ ਵਰਤਿਆ ਜਾ ਸਕਦਾ ਹੈ, ਜਿਹੜੀਆਂ ਕਿ ਟ੍ਰੇਨਿੰਗ ਦੇ ਉਦੇਸ਼ ਨੂੰ ਪ੍ਰਾਪਤ ਕਰਣ ਲਈ ਸਥਾਨਿਕ ਪੱਧਰ ਤੇ ਵਿਕਸਿਤ ਕੀਤੀਆਂ ਜਾ ਸਕਦੀਆਂ ਹਨ।

ਅਜਿਹੇ ਮੁੱਦਿਆਂ ਤੇ ਅਧਿਕ ਤੋਂ ਅਧਿਕ ਲੋਕਾਂ ਨੂੰ ਟ੍ਰੇਨਿੰਗ ਦੇਣ ਅਤੇ ਦੋ ਵੱਖ-ਵੱਖ ਟੀਚਾ ਸਮੂਹਾਂ ਦੇ ਸਮਰੱਥਾ ਨਿਰਮਾਣ ਦੀ ਵਿਸ਼ੇਸ਼ ਲੋੜ ਨੂੰ ਦਿਮਾਗ ਵਿੱਚ ਰੱਖਦੇ ਹੋਏ, ਅਨੁਬੰਧ 1 ਵਿੱਚ ਤਿੰਨ ਤਰਾਂ ਦੇ ਟ੍ਰੇਨਿੰਗ ਪ੍ਰੋਗਰਾਮਾਂ ਦੇ ਸੁਝਾਅ ਦਿੱਤੇ ਗਏ ਹਨ। ਇਹਨਾਂ ਵਿੱਚ ਸ਼ਾਮਿਲ ਹਨ :

ਟ੍ਰੇਨਰਾਂ ਦੀ ਟ੍ਰੇਨਿੰਗ ਪ੍ਰੋਗਰਾਮ ਗ੍ਰਾਮ ਪੱਧਰ ਤੇ ਬਾਲ ਸੁਰੱਖਿਆ ਸਮਿਤੀਆਂ ਲਈ ਸਮਰੱਥਾ ਨਿਰਮਾਣ ਦਾ ਪ੍ਰੋਗਰਾਮ ਖਾਸ ਤੌਰ ਤੇ ਬੱਚਿਆਂ ਲਈ ਤਿਆਰ ਕੀਤੀ ਗਈ ਹੈਂਡਬੁੱਕ ਤੇ ਆਧਾਰਿਤ ਬਾਲ ਬਦਸਲੂਕੀ ਬਾਰੇ ਗਿਆਨ ਅਤੇ ਜਾਣਕਾਰੀ ਨਾਲ ਬਾਲ ਸਮੂਹਾਂ ਨੂੰ ਸ਼ਕਤੀਵਾਨ ਕਰਣ ਲਈ ਪ੍ਰੋਗਰਾਮ

ਤਿੰਨ ਡਰਾਫਟ ਪ੍ਰੋਗਰਾਮ ਉਪਯੋਗਕਰਤਾ ਨੂੰ ਟ੍ਰੇਨਿੰਗ ਦੇ ਮਕਸਦ ਅਤੇ ਟੀਚਾ ਗਰੁੱਪ ਦੇ ਆਧਾਰ 'ਤੇ ਟ੍ਰੇਨਿੰਗ ਵਰਕਸ਼ਾਪ/ਪ੍ਰੋਗਰਾਮ ਤੈਅ ਕਰਣ ਲਈ ਵਿਚਾਰ ਪ੍ਰਦਾਨ ਕਰਦਾ ਹੈ। ਇਹ ਡਰਾਫਟ ਹਨ ਅਤੇ ਇਸ ਲਈ ਇਹਨਾਂ ਨੂੰ ਪ੍ਰਤੀਭਾਗੀਆਂ ਦੀਆਂ ਉਮੀਦਾਂ ਅਤੇ ਆਯੋਜਕਾਂ ਅਤੇ ਪ੍ਰਤੀਭਾਗੀਆਂ ਦੀਆਂ ਹੋਰ ਵਿਸ਼ਿਸ਼ਟਤਾਵਾਂ ਦੇ ਅਨੁਸਾਰ ਸੋਧਿਆ ਜਾ ਸਕਦਾ ਹੈ।

ਮੈਨੁਅਲ ਦਾ ਇਸਤੇਮਾਲ ਕਰਦੇ ਹੋਏ, ਇਹ ਧਿਆਨ ਵਿੱਚ ਰੱਖਿਆ ਜਾਣਾ ਜ਼ਰੂਰੀ ਹੈ ਕਿ ਇਸ ਵਿੱਚ ਦਿੱਤੀਆਂ ਗਈਆਂ ਅਭਿਆਸਾਂ ਨੂੰ ਬਾਲ ਸੁਰੱਖਿਆ ਸਮਿਤੀਆਂ ਦੇ ਮੈਂਬਰਾਂ ਸਮੇਤ ਵਿਅਕਤੀਆਂ ਦੇ ਵੱਖ-ਵੱਖ ਸਮੂਹਾਂ ਨੂੰ ਟ੍ਰੇਨਿੰਗ ਦਿੰਦੇ ਹੋਏ ਪ੍ਰਯੋਗ ਕੀਤਾ ਜਾ ਸਕਦਾ ਹੈ। ਪਰ ਬੱਚਿਆਂ ਲਈ, ਕੁਝ ਅਭਿਆਸ ਅਲੱਗ ਹੋ ਸਕਦੇ ਹਨ ਅਤੇ ਇਹ ਖਾਸ ਤੌਰ ਤੇ ਬਾਲ ਸਮੂਹਾਂ ਲਈ ਤਿਆਰ ਕੀਤੀ ਗਈ ਹੈਂਡਬੁੱਕ ਤੇ ਆਧਾਰਿਤ ਹੋਣਗੇ, ਜਿਸ ਦਾ ਨਾਂ ਹੈ 'Learning to Protect Ourselves from Abuse: a handbook for children"¢

ਮੈਨੁਅਲ ਅਤੇ ਹੈਂਡਬੁੱਕ ਦੋਵਾਂ ਵਿੱਚ ਹੀ ਅਜਿਹੀਆਂ ਗਤੀਵਿਧੀਆਂ ਦਿੱਤੀਆਂ ਗਈਆਂ ਹਨ, ਜਿਨਾਂ ਲਈ ਉਦੇਸ਼ ਅਤੇ ਸਿੱਖਿਆ ਦੇ ਨਤੀਜੇ ਸੁਝਾਏ ਗਏ ਹਨ। ਗਤੀਵਿਧੀਆਂ ਸਮੂਹਾਂ ਨੂੰ ਵਿਸ਼ੇ ਬਾਰੇ ਚਰਚਾ ਵਿੱਚ ਲਗਾਉਣ ਅਤੇ ਇੰਟਰੈਕਟਿਵ ਤਰੀਕੇ ਨਾਲ ਇਸ ਵਿਸ਼ੇ ਬਾਰੇ ਗਿਆਨ ਪ੍ਰਾਪਤ ਕਰਣ ਲਈ ਤਿਆਰ ਕੀਤੀਆਂ ਗਈਆਂ ਹਨ।

ਕੁਝ ਸਥਿਤੀਆਂ ਵਿੱਚ, ਬਾਲ ਸੁਰੱਖਿਆ ਸਮਿਤੀਆਂ ਬਣਾਉਣ ਵਾਲੇ ਬਾਲਗਾਂ ਲਈ ਵੀ ਅਜਿਹੇ ਹੀ ਸੈਸ਼ਨਵਾਰ ਪ੍ਰੋਗਰਾਮ ਦੀ ਜ਼ਰੂਰਤ ਹੋ ਸਕਦੀ ਹੈ। ਅਜਿਹੀ ਸਥਿਤੀ ਵਿੱਚ, ਤਿੰਨ ਦਿਨਾਂ ਦੇ ਪ੍ਰੋਗਰਾਮ ਨੂੰ ਵੱਖ-ਵੱਖ ਸੈਸ਼ਨਾਂ ਵਿੱਚ ਆਸਾਨੀ ਨਾਲ ਵੰਡਿਆ ਜਾ ਸਕਦਾ ਹੈ।

ਇਹ ਮੈਨੁਅਲ ਵਿਸ਼ੇਸ਼ ਉਦੇਸ਼ਾਂ ਨੂੰ ਪ੍ਰਾਪਤ ਕਰਣ ਲਈ ਤਿਆਰ ਕੀਤਾ ਗਿਆ ਹੈ। ਸ਼ੁਰੂ ਤੋਂ ਹੀ ਇਹਨਾਂ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ।

ਗਤੀਵਿਧੀ ਦਾ ਸਿਰਲੇਖ ਨਿਮਨਲਿਖਿਤ ਬਿਆਨਾਂ ਨੂੰ ਪੜ੍ਹੋ। ਉਸ ਬਾਕਸ ਤੇ ਸਹੀ ਦਾ ਨਿਸ਼ਾਨ ਲਗਾਓ, ਜਿਹੜਾ ਤੁਹਾਡੀਆਂ ਭਾਵਨਾਵਾਂ ਨੂੰ ਬਿਆਨ ਕਰਦਾ ਹੈ - ਸਹਿਮਤ/ਅਸਹਿਮਤ, ਅਤੇ ਗਰੁੱਪ ਵਿੱਚ ਚਰਚਾ ਕਰੋ।

ਉਦੇਸ਼

- ਪ੍ਰਤੀਭਾਗੀਆਂ ਦੀ ਬਾਲ ਬਦਸਲੂਕੀ ਬਾਰੇ ਓਹਨਾਂ ਦੇ ਵਿਚਾਰਾਂ, ਮੁੱਲਾਂ ਅਤੇ ਵਿਸ਼ਵਾਸਾਂ ਦੀ ਪੜਚੋਲ ਕਰਣ ਵਿੱਚ ਮਦਦ ਕਰਨਾ।
- ਬਾਲ ਬਦਸਲੂਕੀ ਬਾਰੇ ਸਮਝੌਤੇ ਦੇ ਕੁਝ ਸਾਂਝੇ ਖੇਤਰ ਸਥਾਪਿਤ ਕਰਨਾ।
- ਬਾਲ ਬਦਸਲੂਕੀ ਕੀ ਹੈ ਅਤੇ ਕੀ ਨਹੀਂ ਹੈ ਆਦਿ ਬਾਰੇ ਵੱਖ-ਵੱਖ ਵਿਚਾਰ ਸਾਂਝੇ ਕਰਣ ਲਈ ਗਰੁੱਪ ਨੂੰ ਉਤਸਾਹਿਤ ਕਰਨਾ।

ਸਿੱਖੇ ਜਾਣ ਵਾਲੇ ਮੁੱਖ ਬਿੰਦੂ

- ਬਾਲ ਬਦਸਲੂਕੀ ਇੱਕ ਗੁੰਝਲਦਾਰ ਵਿਸ਼ਾ ਹੈ। ਇਹ ਸੰਸਾਰ ਦੇ ਬਾਰੇ ਸਾਡੀਆਂ ਕੁਝ ਬੁਨਿਆਦੀ ਮਾਨਤਾਵਾਂ ਨੂੰ ਚੁਣੌਤੀ ਦਿੰਦਾ ਹੈ, ਉਦਾਹਰਣ ਲਈ ਮਾਤਾ ਜਾਂ ਪਿਤਾ, ਦੇਖਭਾਲ ਕਰਣ ਵਾਲਾ ਜਾਂ ਅਧਿਆਪਕ ਕਿਸੇ ਬੱਚੇ ਨੂੰ ਕਦੇ ਵੀ ਨੁਕਸਾਨ ਨਹੀਂ ਪਹੁੰਚਾ ਸਕਦੇ।
- ਸਾਡੇ ਲਈ ਇਹ ਸਵੀਕਾਰ ਕਰਨਾ ਮੁਸ਼ਕਿਲ ਹੁੰਦਾ ਹੈ ਕਿ ਇਹਨਾਂ ਵਿਚੋਂ ਕੋਈ ਵੀ ਕਿਸੇ ਬੱਚੇ ਨਾਲ ਦੁਰਵਿਵਹਾਰ ਕਰ ਸਕਦਾ ਹੈ ਕਿਓਂਕਿ ਸਾਡੇ ਵਿਚੋਂ ਕਈਆਂ ਨੂੰ ਲਗਦਾ ਹੈ ਕਿ ਇਸ ਨਾਲ ਸਮਾਜ ਅਤੇ ਪਰਿਵਾਰਾਂ ਵਿਚ ਅਮਨ ਅਤੇ ਸਦਭਾਵਨਾ ਨੂੰ ਧੱਕਾ ਲੱਗ ਸਕਦਾ ਹੈ।
- ਅਸੀਂ ਇਹ ਸਮਝਣ ਵਿੱਚ ਅਸਫਲ ਹੋ ਜਾਂਦੇ ਹਾਂ ਕਿ ਗੈਰ-ਸਵੀਕਾਰਤਾ ਅਤੇ ਕਾਰਵਾਈ ਵਿੱਚ ਅਸਫਲਤਾ ਸਮਾਜ ਨੂੰ ਬਦਸਲੂਕੀ ਦੇ ਖਿਲਾਫ ਕੰਮ ਕਰਣ ਤੋਂ ਵੱਧ ਨੁਕਸਾਨ ਪਹੁੰਚਾਉਂਦੀ ਹੈ।
- ਬਦਸਲੂਕੀ ਬਾਰੇ ਵਿਚਾਰ ਵਿਅਕਤੀਪਰਕ ਹੁੰਦੇ ਹਨ – ਕਿਸੇ ਇੱਕ ਵਿਅਕਤੀ ਦੀ ਨਜ਼ਰ ਵਿਚ ਜਿਹੜਾ ਵਿਵਹਾਰ ਬਦਸਲੂਕੀ ਹੋ ਸਕਦਾ ਹੈ, ਸ਼ਾਇਦ ਕਿਸੇ ਦੂਜੇ ਵਿਅਕਤੀ ਦੀ ਨਜ਼ਰ ਵਿੱਚ ਉਹੋ ਵਿਵਹਾਰ ਬਦਸਲੂਕੀ ਨਾ ਹੋਵੇ।
- ਅਪਮਾਨਜਣਕ ਵਿਵਹਾਰ ਬਾਰੇ ਨਿਰਣੇ ਕਰਦੇ ਹੋਏ ਅਸੀਂ ਸਾਰੇ ਆਪਣੇ ਨਿੱਜੀ ਅਨੁਭਵਾਂ, ਮੁੱਲਾਂ ਅਤੇ ਵਿਵਹਾਰ ਦਾ ਇਸਤੇਮਾਲ ਕਰਦੇ ਹਾਂ।
- ਦੁਰਵਿਵਹਾਰ ਲਈ ਜ਼ੀਰੋ ਸਹਿਣਸ਼ੀਲਤਾ ਹੀ ਇੱਕ ਸੁਰੱਖਿਅਤ ਭਵਿੱਖ ਅਤੇ ਇੱਕ ਸੱਭਿਅਕ ਸੰਸਾਰ ਲਈ ਜਵਾਬ ਹੈ।

ਕੇਸ ਦੇ ਅਧਿਐਨ ਦੀ ਵਰਤੋਂ ਕਰਦੇ ਹੋਏ ਗਤੀਵਿਧੀ

ਉਦੇਸ਼

- ਕੇਸ ਦੇ ਅਧਿਐਨ ਦੁਆਰਾ ਬਦਸਲੂਕੀ ਦੀਆਂ ਵੱਖ ਵੱਖ ਕਿਸਮਾਂ ਬਾਰੇ ਅਤੇ ਬੱਚਿਆਂ ਨਾਲ ਕਿਵੇਂ ਦੁਰਵਿਵਹਾਰ ਕੀਤਾ ਜਾਂਦਾ ਹੈ, ਬਾਰੇ ਸਮਝਣਾ।
- ਬਦਸਲੂਕੀ ਦੀਆਂ ਪਰਿਸਥਿਤੀਆਂ ਅਤੇ ਹਾਲਾਤਾਂ ਨੂੰ ਸਮਝਣਾ ਅਤੇ ਪਹਿਚਾਨਣਾ।
- ਬੱਚਿਆਂ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਸਥਿਤੀਆਂ ਨੂੰ ਪਹਿਚਾਨਣ ਵਿੱਚ ਹੁਨਰ ਅਤੇ ਭਰੋਸੇ ਦਾ ਨਿਰਮਾਣ ਕਰਨਾ ਅਤੇ ਉਸ ਦੀ ਉਚਿਤ ਕਾਰਵਾਈ ਕਰਣ ਵਿੱਚ ਮਦਦ ਕਰਨਾ।
- ਜਿਸ ਬੱਚੇ ਨਾਲ ਬਦਸਲੂਕੀ ਹੋ ਰਹੀ ਹੈ, ਉਸ ਦੀਆਂ ਭਾਵਨਾਵਾਂ ਨੂੰ ਅਤੇ ਇਸ ਦਾ ਉਸ ਦੇ ਜੀਵਨ ਤੇ ਕੀ ਪ੍ਰਭਾਵ ਪੈਂਦਾ ਹੈ, ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਨਾ।

ਟ੍ਰੇਨਰਾਂ ਅਤੇ ਬਾਲ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਦੇ ਧਿਆਨ ਵਿੱਚ ਰੱਖਣ ਲਈ ਕੁਝ ਗੱਲਾਂ ਦੀ ਸੂਚੀ ਇਸ ਪ੍ਰਕਾਰ ਹੈ:

- ਬਾਲ ਬਦਸਲੂਕੀ ਇੱਕ ਗੰਭੀਰ ਮਾਨਵ ਅਧਿਕਾਰ ਉਲੰਘਣਾ ਹੈ।

- ਬਾਲ ਬਦਸਲੂਕੀ ਲਈ ਅਧਿਕਾਰ ਆਧਾਰਿਤ ਦ੍ਰਿਸ਼ਟੀਕੋਣ ਦਾ ਅਰਥ ਹੈ ਕਿ ਸਾਰੀਆਂ ਚਰਚਾਵਾਂ ਅਤੇ ਦਖਲ ਕੇਵਲ ਲੱਛਣੀ ਇਲਾਜ ਪ੍ਰਦਾਨ ਕਰਣ ਦੀ ਥਾਂ ਸਮੱਸਿਆ ਦੀ ਜੜ੍ਹ ਨੂੰ ਸੰਬੋਧਿਤ ਕਰਣ ਲਈ ਅੱਗੇ ਵਧਣਗੇ। ਉਦਾਹਰਣ ਲਈ, ਅਸੀਂ ਕਿਸੇ ਐਂਟੀਬਾਇਓਟਿਕ ਨਾਲ ਕਿਸੇ ਬਿਮਾਰੀ ਨੂੰ ਠੀਕ ਕਰ ਸਕਦੇ ਹਾਂ ਜਾਂ ਅਸੀਂ ਇਸ ਦੇ ਅਸਲੀ ਕਾਰਣ ਨੂੰ ਲੱਭਣ ਅਤੇ ਇਸ ਨੂੰ ਠੀਕ ਕਰਨਾ ਚੁਣ ਸਕਦੇ ਹਾਂ ਤਾਂ ਜੋ ਬਿਮਾਰੀ ਦੁਬਾਰਾ ਨਾ ਆਵੇ ਜਾਂ ਇਸ ਦੇ ਦੁਬਾਰਾ ਆਓਣ ਦਾ ਖਤਰਾ ਘੱਟ ਹੋ ਜਾਵੇ। ਬਾਲ ਬਦਸਲੂਕੀ ਨਾਲ ਲੱਛਣੀ ਤਰੀਕੇ ਨਾਲ ਨਹੀਂ ਨਜਿੱਠਿਆ ਜਾ ਸਕਦਾ। ਇਸ ਦਾ ਮਤਲਬ ਹੈ ਕਿ ਬਾਲ ਸੁਰੱਖਿਆ ਸਮਿਤੀਆਂ ਕੇਵਲ ਬਦਸਲੂਕੀ ਦਾ ਮਾਮਲਾ ਵਾਪਰਣ ਤੇ ਅਤੇ ਸਿਰਫ ਬਦਸਲੂਕੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਹੀ ਹਰਕਤ ਵਿੱਚ ਨਾ ਆਉਣ। ਇਸ ਦੇ ਨਾਲ ਜੁੜੀਆਂ ਹੋਰ ਸਮੱਸਿਆਵਾਂ ਵੀ ਹੋ ਸਕਦੀਆਂ ਹਨ ਜਿਨਾਂ ਨੂੰ ਵੱਖ-ਵੱਖ ਤਰੀਕੇ ਨਾਲ ਹੱਲ ਕਰਣ ਦੀ ਜ਼ਰੂਰਤ ਹੋ ਸਕਦੀ ਹੈ। ਮਿਸਾਲ ਲਈ, ਕੋਈ ਬੱਚਾ ਪਰਿਵਾਰ ਵਿੱਚ ਘਰੇਲੂ ਹਿੰਸਾ ਦੇਖਦਾ ਹੈ ਕਿਓਂਕਿ ਉਸ ਦਾ ਪਿਤਾ ਰੋਜ਼ਾਨਾ ਸ਼ਰਾਬ ਪੀ ਕੇ ਘਰ ਆਓਂਦਾ ਹੈ ਅਤੇ ਉਸ ਦੀ ਮਾਂ ਨੂੰ ਮਾਰਦਾ ਹੈ। ਬੱਚੇ ਨੂੰ ਸਿੱਧੇ ਤੌਰ 'ਤੇ ਕੁੱਟ ਨਹੀਂ ਪੈਂਦੀ, ਪਰ ਇਹ ਸਭ ਕੁਝ ਰੋਜ਼ਾਨਾ ਦੇਖਣ ਤੇ ਉਸ ਨੂੰ ਹਰ ਰੋਜ਼ ਮਾਨਸਿਕ ਦਰਦ ਅਤੇ ਪੀੜਾ ਸਹਿਣੀ ਪੈਂਦੀ ਹੈ। ਅਜਿਹੇ ਬੱਚੇ ਮਾਨਸਿਕ ਬਦਸਲੂਕੀ, ਭਾਵਨਾਤਮਕ ਬਦਸਲੂਕੀ ਅਤੇ ਅਣਗਹਿਲੀ ਦੇ ਸ਼ਿਕਾਰ ਹੁੰਦੇ ਹਨ। ਇਸ ਲਈ ਬਾਲ ਸੁਰੱਖਿਆ ਸਮਿਤੀਆਂ ਲਈ ਪਰਿਵਾਰ ਵਿਚ ਘਰੇਲੂ ਹਿੰਸਾ ਅਤੇ ਸ਼ਰਾਬ ਦੇ ਮੁੱਦਿਆਂ ਨੂੰ ਹੱਲ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ, ਜੋ ਕਿ ਬੱਚੇ ਦੇ ਦੁੱਖ ਨੂੰ ਘੱਟ ਕਰਨ ਵਿੱਚ ਮਦਦ ਕਰੇਗਾ। ਇਹ ਦ੍ਰਿਸ਼ਟੀਕੋਣ ਇੱਕ ਸੰਪੂਰਨ ਦ੍ਰਿਸ਼ਟੀਕੋਣ ਹੈ ਅਤੇ ਇਹ ਅਧਿਕਾਰ ਆਧਾਰਿਤ ਵੀ ਹੈ, ਕਿਓਂਕਿ ਇਹ ਇਸ ਸਿਧਾਂਤ ਤੇ ਆਧਾਰਿਤ ਹੈ ਕਿ ਹਰ ਬੱਚੇ ਨੂੰ ਮਾਤਾ-ਪਿਤਾ ਦੇ ਪਿਆਰ ਅਤੇ ਦੇਖਭਾਲ ਦਾ ਅਧਿਕਾਰ, ਪਰਿਵਾਰ ਦਾ ਅਧਿਕਾਰ ਅਤੇ ਸੁਰੱਖਿਅਤ ਅਤੇ ਸੰਰੱਖਿਅਤ ਮਹਿਸੂਸ ਕਰਣ ਦਾ ਅਧਿਕਾਰ ਹੈ। ਜੇਕਰ ਸ਼ਰਾਬ ਭਾਈਚਾਰੇ ਵਿਚ ਇਕ ਆਮ ਸਮੱਸਿਆ ਹੈ, ਤਾਂ ਫਿਰ ਸ਼ਾਇਦ ਇਸ ਦੇ ਵਿਰੁੱਧ ਇੱਕ ਮੁਹਿੰਮ ਸ਼ੁਰੂ ਕਰਨੀ ਪਵੇਗੀ ਅਤੇ ਇਸ ਤੋਂ ਇਲਾਵਾ, ਉਸ ਬੱਚੇ ਦੇ ਪਰਿਵਾਰ ਨੂੰ ਸਲਾਹ ਮਸ਼ਵਰਾ ਦੇਣਾ ਪਵੇਗਾ, ਜਿਸ ਦਾ ਕੇਸ ਬਾਲ ਸੁਰੱਖਿਆ ਸਮਿਤੀ ਦੇ ਕੋਲ ਆਵੇ।

## ਬਾਲ ਬਦਸਲੂਕੀ ਤੇ ਫੈਸੀਲਿਟੇਸ਼ਨ ਅਤੇ ਟ੍ਰੇਨਿੰਗ - ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ

ਬਾਲ ਬਦਸਲੂਕੀ ਚਰਚਾ ਕਰਣ ਲਈ ਅਤੇ ਜਾਣਕਾਰੀ ਦੇਣ ਲਈ ਇੱਕ ਸੰਵੇਦਨਸ਼ੀਲ ਵਿਸ਼ਾ ਹੈ। ਇਸ ਲਈ ਕਿਸੇ ਵੀ ਟ੍ਰੇਨਰ/ਫੈਸੀਲਿਟੇਟਰ ਲਈ ਟ੍ਰੇਨਿੰਗ ਲਈ ਇੱਕ ਸੁਰੱਖਿਅਤ ਅਤੇ ਸ਼ਮੂਲੀਅਤ ਭਰਿਆ ਵਾਤਾਵਰਣ ਸੁਨਿਸ਼ਚਿਤ ਕਰਨਾ ਜ਼ਰੂਰੀ ਹੈ। ਯਾਦ ਰੱਖਣ ਲਈ ਕੁਝ ਮਹੱਤਵਪੂਰਣ ਬਿੰਦੂ ਹਨ:

| ਕੀ ਕਰਨਾ ਚਾਹੀਦਾ ਹੈ | ਕੀ ਨਹੀਂ ਕਰਨਾ ਚਾਹੀਦਾ |
|---|---|
| ਪਹਿਲਾਂ ਬੱਚਿਆਂ ਦੇ ਆਮ ਵਿਚਾਰਾਂ ਅਤੇ ਸਥਿਤੀ ਤੇ ਚਰਚਾ ਕਰੋ। | ਬਾਲ ਬਦਸਲੂਕੀ ਤੇ ਸਮੁਦਾਏ ਵਿੱਚ ਚਰਚਾ ਕਦੇ ਵੀ ਲੋਕਾਂ ਨੂੰ ਬਾਲ ਬਦਸਲੂਕੀ ਵੱਲ ਵੇਖਣ ਦੀ ਜ਼ਰੂਰਤ ਤੇ ਤਿਆਰ ਕਰੇ ਬਿਨਾਂ ਨਾ ਸ਼ੁਰੂ ਕਰੋ। |
| ਪ੍ਰਤੀਭਾਗੀਆਂ ਨੂੰ ਆਪਣੇ ਆਪ ਇਹ ਸਮਝ ਵਿਕਸਿਤ ਕਰਣ ਦੀ ਸੁਵਿਧਾ ਦਿਓ ਕਿ ਕੀ ਸਵੀਕਾਰਯੋਗ ਹੈ ਅਤੇ ਕੀ ਨਹੀਂ। | ਨਿਰਣਾਇਕ ਨਾ ਬਣੋ। |
| ਪ੍ਰਤੀਭਾਗੀਆਂ ਦੁਆਰਾ ਉਠਾਏ ਗਏ ਬਿੰਦੂਆਂ ਉੱਤੇ ਚਰਚਾ ਨੂੰ ਵਧਾਵਾ ਦੇਣ ਲਈ ਫੀਡਬੈਕ ਨੂੰ ਅਤੇ ਨਵੇਂ ਵਿਚਾਰਾਂ ਨੂੰ ਉਤਸਾਹਿਤ ਕਰੋ। | ਜੇਕਰ ਕੋਈ ਪ੍ਰਤਿਭਾਗੀ ਫੀਡਬੈਕ ਨਹੀਂ ਦੇਣਾ ਚਾਹੁੰਦਾ, ਤਾਂ ਉਸ ਨੂੰ ਮਜਬੂਰ ਨਾ ਕਰੋ। |
| ਚਰਚਾ ਦੇ ਦੌਰਾਨ ਤਰਕਸ਼ੀਲਤਾ ਅਤੇ ਨਿਰਪੱਖਤਾ ਨੂੰ ਉਤਸਾਹਿਤ ਕਰੋ, ਤਾਂ ਜੋ ਹਰ ਇੱਕ ਬਿੰਦੂ ਨੂੰ ਇਸਦੀ ਯੋਗਤਾ ਦੇ ਆਧਾਰ ਤੇ ਦੇਖਿਆ ਜਾਵੇ। | ਚਰਚਾ ਦੇ ਦੌਰਾਨ ਤਰਕਸ਼ੀਲਤਾ ਅਤੇ ਨਿਰਪੱਖਤਾ ਨੂੰ ਉਤਸਾਹਿਤ ਕਰੋ, ਤਾਂ ਜੋ ਹਰ ਇੱਕ ਬਿੰਦੂ ਨੂੰ ਇਸਦੀ ਯੋਗਤਾ ਦੇ ਆਧਾਰ ਤੇ ਦੇਖਿਆ ਜਾਵੇ। |
| ਚਰਚਾ ਤੱਥਾਂ ਅਤੇ ਅੰਕੜਿਆਂ ਦੇ ਆਧਾਰ ਤੇ ਹੋਣੀ ਚਾਹੀਦੀ ਹੈ। | ਸਾਡੇ ਆਪਣੇ ਮਨ ਦੀ ਸਹੀ ਅਤੇ ਗ਼ਲਤ ਦੀ ਭਾਵਨਾ 'ਤੇ ਆਧਾਰਿਤ ਤਰਕਾਂ ਦਾ ਕੋਈ ਨਤੀਜਾ ਨਹੀਂ ਨਿੱਕਲ ਸਕਦਾ। |



## ਚਰਣ ਇੱਕ
## ਧਾਰਨਾਵਾਂ ਅਤੇ ਸਵੈ-ਰਵੱਈਏ ਨੂੰ ਸਮਝਣਾ

ਗਤੀਵਿਧੀ 1:

ਸਾਰੇ ਸਰੋਤ ਵਿਅਕਤੀਆਂ/ਫੈਸੀਲਿਟੇਟਰਾਂ/ਟ੍ਰੇਨਰਾਂ ਅਤੇ ਬਾਲ ਸੁਰੱਖਿਆ ਸਮਿਤੀਆਂ ਦੇ ਮੈਂਬਰਾਂ ਲਈ ਪਹਿਲਾ ਕਦਮ ਮੁੱਦੇ ਉੱਤੇ ਆਪਣੀਆਂ ਧਾਰਨਾਵਾਂ ਦੀ ਪੜਚੋਲ ਕਰਨਾ ਅਤੇ ਇਹ ਦੇਖਣਾ ਹੈ ਕਿ ਇਹ ਕਿਵੇਂ ਬਣਦੀਆਂ ਹਨ।

ਉਦੇਸ਼:

ਲੋਕਾਂ ਦੀ ਮਦਦ ਕਰਨਾ -

- ਸਾਡੀਆਂ ਧਾਰਨਾਵਾਂ ਦਾ ਮਾਰਗਦਰਸ਼ਨ ਕਰਣ ਵਾਲੇ ਕਾਰਕਾਂ ਨੂੰ ਸਮਝਣ ਵਿੱਚ;
- ਆਪਣੇ ਆਪ ਨੂੰ ਸਵਾਲ ਕਰਣ ਵਿੱਚ। ਆਪਣੇ ਆਪ ਨੂੰ ਸਵਾਲ ਕਰਨਾ ਕਿਸੇ ਤਰਕਸ਼ੀਲ ਸੋਚ ਤੱਕ ਪਹੁੰਚਣ ਦਾ ਪਹਿਲਾ ਕਦਮ ਹੁੰਦਾ ਹੈ;
- ਇਹ ਅਹਿਸਾਸ ਕਰਾਓਣ ਵਿੱਚ ਕਿ ਜੇਕਰ ਉਹ ਆਪਣੇ ਆਪ ਨੂੰ ਚੁਣੌਤੀ ਦੇਣ ਲਈ ਤਿਆਰ ਹੋਣਗੇ, ਤਾਂ ਹੀ ਉਹ ਦੂਜਿਆਂ ਤੋਂ ਇਹੋ ਚੀਜ਼ ਦੀ ਉਮੀਦ ਕਰ ਸਕਦੇ ਹਨ ਅਤੇ ਉਹਨਾਂ ਨੂੰ ਰਸਤੇ ਤੇ ਲਿਆ ਸਕਦੇ ਹਨ;
- ਇਹ ਪਹਿਚਾਨਣ ਵਿੱਚ ਕਿ ਕਿਸੇ ਇੱਕੋ ਚੀਜ਼ ਬਾਰੇ ਵੱਖ-ਵੱਖ ਵਿਅਕਤੀਆਂ ਦੀਆਂ ਵੱਖ-ਵੱਖ ਧਾਰਨਾਵਾਂ ਹੋ ਸਕਦੀਆਂ ਹਨ;
- ਇੱਕੋ ਜਿਹੀਆਂ ਸਥਿਤੀਆਂ ਵਿੱਚ ਬੱਚਿਆਂ ਉੱਤੇ ਵੱਖ-ਵੱਖ ਧਾਰਨਾਵਾਂ ਦੇ ਨਤੀਜਿਆਂ ਨੂੰ ਸਮਝਣ ਵਿੱਚ;
- ਇਹ ਸਮਝਣ ਵਿੱਚ ਕਿ ਕਿਸੇ ਵਿਸ਼ੇਸ਼ ਮਾਮਲੇ ਜਾਂ ਸਥਿਤੀ ਦਾ ਆਕਲਣ ਕਰਦੇ ਹੋਏ ਕਿਸੇ ਵਿਅਕਤੀ ਦਾ ਰਵੱਈਆ ਕਿਵੇਂ ਕੰਮ ਕਰਦਾ ਹੈ; ਅਤੇ
- ਇਹ ਅਹਿਸਾਸ ਕਰਾਓਣ ਵਿੱਚ ਕਿ ਕਿਸੇ ਵਿਅਕਤੀ ਬਾਰੇ ਨਿਰਣੇ ਤੇ ਪਹੁੰਚਣ ਦਾ ਪਹਿਲਾ ਕਦਮ ਕਿਸ ਤਰਾਂ ਕੇਸ ਦੇ ਭਵਿੱਖ ਦਾ ਨਿਸ਼ਚਾ ਕਰ ਸਕਦਾ ਹੈ;

ਇੱਥੇ ਪ੍ਰਸਤਾਵਿਤ ਅਭਿਆਸ ਪ੍ਰਤੀਭਾਗੀਆਂ ਨੂੰ ਇਹ ਸਮਝਣ ਵਿੱਚ ਮਦਦ ਕਰਣ ਲਈ ਹੈ ਕਿ ਧਾਰਨਾਵਾਂ ਕਿਵੇਂ ਬਣਦੀਆਂ ਹਨ ਅਤੇ ਇਹ ਸਾਡੇ ਕਾਰਵਾਈ ਕਰਣ ਜਾਂ ਨਾ ਕਰਣ ਦਾ ਕਿਵੇਂ ਮਾਰਗਦਰਸ਼ਨ ਕਰਦੀਆਂ ਹਨ, ਨਾ ਕਿ ਉਹਨਾਂ ਨੂੰ ਡਰਾਓਣ ਲਈ ਜਾਂ ਡਰ ਭਰੇ ਹਾਲਾਤ ਪੈਦਾ ਕਰਣ ਲਈ।

ਵਿਧੀ:

- ਇੱਕ ਚਾਰਟ ਜਾਂ ਸਫੇਦ ਬੋਰਡ ਉੱਤੇ ਨਿਮਨਲਿਖਿਤ ਪਾਤਰਾਂ ਦੀ ਸੂਚੀ ਲਿਖੋ:
- 12 ਸਾਲ ਦਾ ਸਰਕਾਰੀ ਸਕੂਲ ਵਿੱਚ ਜਾਣ ਵਾਲਾ ਇੱਕ ਲੜਕਾ
- 10 ਸਾਲ ਦਾ ਅੰਗਰੇਜ਼ੀ ਮੀਡੀਅਮ ਦੇ ਪ੍ਰਾਇਵੇਟ ਸਕੂਲ ਵਿੱਚ ਜਾਣ ਵਾਲਾ ਇੱਕ ਲੜਕਾ
- 17 ਸਾਲ ਦੀ ਇੱਕ ਪਿੰਡ ਦੀ ਲੜਕੀ ਜਿਸ ਨੂੰ ਪੱਛਮੀ ਸੱਭਿਅਤਾ ਦੇ ਕੱਪੜੇ ਪਹਿਨਣਾ ਬਹੁਤ ਪਸੰਦ ਹੈ
- 14 ਸਾਲ ਦਾ ਇੱਕ ਮੋਚੀ ਲੜਕਾ
- 9 ਸਾਲ ਦਾ ਇੱਕ ਚਰਵਾਹਾ ਬੱਚਾ
- 16 ਸਾਲ ਦੀ ਇੱਕ ਵਿਆਹੀ ਹੋਈ ਲੜਕੀ

- ਪ੍ਰਤੀਭਾਗੀਆਂ ਨੂੰ ਇੱਕ-ਇੱਕ ਕਰਕੇ ਪਾਤਰਾਂ ਦਾ ਵਰਣਨ ਕਰਣ ਲਈ ਕਹੋ। ਹਰ ਪਾਤਰ ਲਈ ਘੱਟੋ-ਘੱਟ 5 ਅਤੇ ਵੱਧ ਤੋਂ ਵੱਧ 7 ਸ਼ਬਦ ਕਹਿਣ ਲਈ ਕਹੋ।

- ਚਾਰਟ ਜਾਂ ਸਫੇਦ ਬੋਰਡ ਉੱਤੇ ਹਰ ਪਾਤਰ ਦੇ ਨਾਂ ਦੇ ਸਾਹਮਣੇ ਉਸ ਦਾ ਵਰਣਨ ਲਿਖਿਆ ਜਾਣਾ ਚਾਹੀਦਾ ਹੈ।

- ਵੱਖ-ਵੱਖ ਵਿਅਕਤੀਆਂ ਦੁਆਰਾ ਵੱਖ-ਵੱਖ ਪਾਤਰਾਂ ਦਾ ਵਰਣਨ ਵੱਖ-ਵੱਖ ਤਰੀਕੇ ਨਾਲ ਕੀਤਾ ਜਾਵੇਗਾ। ਪ੍ਰਤੀਭਾਗੀਆਂ ਨੂੰ ਇਹ ਸਾਬਿਤ ਕਰਣ ਲਈ ਕਹੋ ਕਿ ਉਹਨਾਂ ਨੇ ਕੁਝ ਵਿਸ਼ੇਸ਼ ਸ਼ਬਦਾਂ ਦਾ ਇਸਤੇਮਾਲ ਕਿਓਂ ਕੀਤਾ।

- ਪ੍ਰਤੀਭਾਗੀਆਂ ਨੂੰ ਇਹ ਅਹਿਸਾਸ ਕਰਣ ਵਿੱਚ ਮਦਦ ਕਰੋ ਕਿ ਧਾਰਨਾਵਾਂ ਕਿਵੇਂ ਬਣਦੀਆਂ ਹਨ। ਉਦਾਹਰਣ ਲਈ, ਅੰਗਰੇਜ਼ੀ ਮਾਧਿਅਮ ਦੇ ਸਕੂਲ ਵਿੱਚ ਜਾਣ ਵਾਲੇ ਇੱਕ 10 ਸਾਲ ਦੇ ਲੜਕੇ ਨੂੰ ਇੱਕ ਵਿਅਕਤੀ ਹੁਸ਼ਿਆਰ ਕਹਿ ਸਕਦਾ ਹੈ ਅਤੇ ਸਰਕਾਰੀ ਸਕੂਲ ਵਿੱਚ ਜਾਣ ਵਾਲੇ 12 ਸਾਲ ਦੇ ਲੜਕੇ ਨੂੰ ਗਰੀਬ ਅਤੇ ਅਨਪੜ੍ਹ ਕਹਿ ਸਕਦਾ ਹੈ।

- ਹੁਣ ਤੱਕ ਪ੍ਰਤੀਭਾਗੀਆਂ ਨੂੰ ਇਹ ਅਹਿਸਾਸ ਕਰਨ ਦੇ ਯੋਗ ਹੋ ਜਾਣਾ ਚਾਹੀਦਾ ਹੈ ਕਿ ਧਾਰਨਾਵਾਂ ਆਪਣੇ ਸਮਾਜੀਕਰਣ, ਸਿੱਖਿਆ, ਅਨੁਭਵ, ਗਿਆਨ ਅਤੇ ਦੂਜਿਆਂ ਬਾਰੇ ਜਾਣਕਾਰੀ ਅਤੇ ਆਪਣੇ ਹਾਲਾਤਾਂ, ਧਾਰਮਿਕ ਸਿੱਖਿਆ, ਰੀਤੀ-ਰਿਵਾਜਾਂ, ਸਮਾਜਿਕ ਮੁੱਲਾਂ ਆਦਿ ਦੇ ਆਧਾਰ 'ਤੇ ਬਣਦੀਆਂ ਹਨ।

- ਅਗਲਾ ਕਦਮ ਹੋਵੇਗਾ, ਕੋਈ ਵੀ ਇੱਕ ਪਾਤਰ ਲੈਣਾ ਅਤੇ ਵੱਖ-ਵੱਖ ਵਿਅਕਤੀਆਂ ਦੁਆਰਾ ਉਸ ਪਾਤਰ ਬਾਰੇ ਵੱਖ-ਵੱਖ ਵਰਣਨ ਦੇਣਾ। ਇਸ ਗੱਲ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਇੱਕੋ ਹੀ ਵਿਅਕਤੀ ਬਾਰੇ ਵੱਖ-ਵੱਖ ਵਿਅਕਤੀਆਂ ਦੇ ਉਹਨਾਂ ਦੀਆਂ ਧਾਰਨਾਵਾਂ ਦੇ ਆਧਾਰ ਤੇ ਵੱਖ-ਵੱਖ ਵਿਚਾਰ ਹੁੰਦੇ ਹਨ।

- ਕੋਈ ਉਦਾਹਰਣ ਦੇ ਕੇ ਵਰਣਨ ਕਰੋ ਕਿ ਧਾਰਨਾਵਾਂ ਦੇ ਕਾਰਣ ਕਿਸੇ ਬੱਚੇ ਦੀ ਪੂਰੀ ਜ਼ਿੰਦਗੀ ਕਿਸ ਤਰਾਂ ਬਦਲ ਸਕਦੀ ਹੈ। ਉਦਾਹਰਣ ਲਈ, ਇੱਕ 16 ਸਾਲ ਦੀ ਵਿਆਹੀ ਲੜਕੀ ਨੂੰ ਕੁਝ ਵਿਅਕਤੀ 'ਸਿਆਣੀ' ਕਹਿਣਗੇ, ਜਦੋਂ ਕਿ ਕੋਈ ਹੋਰ ਵਿਅਕਤੀ ਉਸ ਨੂੰ 'ਬੱਚੀ' ਕਹਿ ਸਕਦੇ ਹਨ। ਸ਼ਬਦ ਇੱਕ-ਦੂਜੇ ਦੇ ਵਿਰੋਧੀ ਹਨ। ਪਰ ਜੇਕਰ ਉਸ ਦੇ ਸਹੁਰੇ ਉਸ ਨੂੰ ਸਿਆਣੀ ਸਮਝਣਗੇ ਤਾਂ ਉਹ ਉਸ ਨੂੰ ਹਰ ਤਰਾਂ ਦੇ ਕੰਮ ਕਰਣ ਲਈ ਦੇਣਗੇ, ਜਿਨਾਂ ਨਾਲ ਕਿ ਉਸ ਦੇ ਸ਼ਰੀਰਿਕ ਵਿਕਾਸ ਦਾ ਨੁਕਸਾਨ ਹੋ ਸਕਦਾ ਹੈ। ਜੇਕਰ ਉਹ ਉਸ ਨੂੰ ਬੱਚੀ ਸਮਝਣਗੇ, ਤਾਂ ਜਾਂ ਤਾਂ ਉਹ ਉਸ ਦਾ ਮਜ਼ਾਕ ਉਡਾਓਣਗੇ ਅਤੇ ਉਸ ਦਾ ਭਾਵਨਾਤਮਕ ਨੁਕਸਾਨ ਕਰਣਗੇ ਜਾਂ ਫਿਰ ਉਹ ਉਸ ਨੂੰ ਉਸ ਦੀਆਂ ਜ਼ਿੰਮੇਦਾਰੀਆਂ ਸੰਭਾਲਣ ਵਿੱਚ ਮਦਦ ਕਰਣ ਦਾ ਫੈਸਲਾ ਕਰਣਗੇ। ਦੂਜੇ ਸ਼ਬਦਾਂ ਵਿੱਚ, "ਅਜਿਹੇ ਬੱਚੇ ਦੀ ਕਿਸਮਤ ਸਾਡੀਆਂ ਧਾਰਨਾਵਾਂ ਤੇ ਨਿਰਭਰ ਕਰਦੀ ਹੈ"। ਪ੍ਰਤੀਭਾਗੀਆਂ ਨੂੰ ਪੁੱਛੋ ਕਿ ਕੀ ਇਹ ਸਹੀ ਹੈ ?

- ਇੱਕ ਹੋਰ ਉਦਾਹਰਣ ਇੱਕ ਮੋਚੀ ਲੜਕੇ ਦੀ ਹੋ ਸਕਦੀ ਹੈ। ਕੁਝ ਉਸ ਨੂੰ 'ਗੰਦਾ ਮੁੰਡਾ', 'ਆਵਾਰਾ' ਕਹਿ ਸਕਦੇ ਹਨ ਅਤੇ ਕੁਝ ਹੋਰ ਉਸ ਨੂੰ 'ਮਿਹਨਤੀ' ਲੜਕਾ ਸਮਝ ਸਕਦੇ ਹਨ। ਸਪਸ਼ਟ ਤੌਰ ਤੇ, ਉਸ ਨੂੰ ਗੰਦਾ ਕਹਿਣ ਦਾ ਕਾਰਣ ਸਾਡੀ ਮੁੱਲ ਪ੍ਰਣਾਲੀ, ਜਾਤੀਵਾਦ ਆਦਿ ਤੇ ਆਧਾਰਿਤ ਹੈ। ਉਸ ਨੂੰ 'ਆਵਾਰਾ' ਕਹਿਣਾ ਅਜਿਹੇ ਬੱਚਿਆਂ ਨਾਲ ਸਾਡੇ ਅਨੁਭਵ ਕਾਰਣ ਹੋ ਸਕਦਾ ਹੈ, ਖਾਸ ਤੌਰ ਤੇ ਉਹਨਾਂ ਦਾ, ਜਿਨਾਂ ਨੂੰ ਕਦੇ ਕਿਸੇ ਮੋਚੀ ਲੜਕੇ ਨੇ ਲੁੱਟਿਆ ਹੋਵੇ ਅਤੇ ਓਹਨਾਂ ਦੇ ਮਨ ਵਿੱਚ ਹਮੇਸ਼ਾ ਲਈ ਅਜਿਹੀ ਧਾਰਣਾ ਬਣ ਗਈ। ਜਿਨਾਂ ਨੇ ਕਹਾਣੀਆਂ ਵਿੱਚ ਜਾਂ ਫਿਲਮਾਂ ਵਿੱਚ ਅਜਿਹੇ ਬੱਚਿਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਵੇਖਿਆ ਹੋਵੇਗਾ, ਉਹ ਉਸ ਨੂੰ ਮਿਹਨਤੀ ਸਮਝਣਗੇ। ਪਰ ਇਹਨਾਂ ਵੱਖ-ਵੱਖ ਧਾਰਨਾਵਾਂ ਕਾਰਣ ਵੱਖ-ਵੱਖ ਵਿਅਕਤੀ ਉਸ ਮੋਚੀ ਲੜਕੇ ਨਾਲ ਵੱਖ-ਵੱਖ ਵਿਵਹਾਰ ਕਰਣਗੇ। ਪ੍ਰਤੀਭਾਗੀਆਂ ਨੂੰ ਪੁੱਛੋ ਕਿ ਕੀ ਇਹ ਸਹੀ ਹੈ ?

ਅੰਤਿਮ ਪ੍ਰਸ਼ਨ ਇਹ ਹੋਣਾ ਚਾਹੀਦਾ ਹੈ ਕਿ ਅਸਲ ਵਿੱਚ ਸਹੀ ਕੀ ਹੈ ਅਤੇ ਇਸ ਦਾ ਨਿਸ਼ਚਾ ਕਿਸ ਤਰਾਂ ਕੀਤਾ ਜਾਵੇ ?





ਇਸ ਅਭਿਆਸ ਲਈ ਮਾਰਗਦਰਸ਼ਕ ਪ੍ਰਸ਼ਨਾਂ ਦੀ ਸੂਚੀ

- ਕਿਸੇ ਇੱਕ ਪਾਤਰ ਲਈ ਵਿਅਕਤੀਆਂ ਨੇ ਅਲੱਗ-ਅਲੱਗ ਧਾਰਨਾਵਾਂ ਕਿਓਂ ਦਿੱਤੀਆਂ ਹਨ ?
- ਧਾਰਨਾਵਾਂ ਬਣਾਓਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਓਣ ਵਾਲੇ ਕਾਰਕ ਕਿਹੜੇ ਹਨ ?
- ਜੇਕਰ ਧਾਰਨਾਵਾਂ ਕਿਸੇ ਵਿਅਕਤੀ ਜਾਂ ਸਥਿਤੀ ਦਾ ਆਕਲਣ ਕਰਣ ਵਿੱਚ ਰੁਕਾਵਟ ਬਣ ਜਾਣ, ਤਾਂ ਇਸ ਤੋਂ ਕੀ ਖਤਰੇ ਹੁੰਦੇ ਹਨ ?
- ਕਿਸੇ ਬੱਚੇ ਦੇ ਕੇਸ ਬਾਰੇ ਵਿਚਾਰ ਕਰਦੇ ਹੋਏ ਸਾਡੇ ਲਈ ਗੈਰ-ਪੱਖਪਾਤੀ ਹੋਣਾ ਮਹੱਤਵਪੂਰਣ ਕਿਓਂ ਹੈ ?

ਉਮੀਦਯੋਗ ਨਤੀਜੇ

ਗਰੁੱਪ ਸਮਝ ਜਾਂਦਾ ਹੈ ਕਿ ਇਹ ਸਾਡਾ ਸਮਾਜੀਕਰਣ, ਸਾਡੇ ਰੀਤੀ-ਰਿਵਾਜ਼, ਪਰੰਪਰਾਵਾਂ, ਪ੍ਰਥਾਵਾਂ, ਸਿੱਖਿਆ, ਜੋਖਿਮ, ਅਨੁਭਵ ਆਦਿ ਹੁੰਦਾ ਹੈ ਜੋ ਸਾਡੀਆਂ ਧਾਰਨਾਵਾਂ ਬਣਾਓਂਦਾ ਹੈ।

ਇਹ ਅਹਿਸਾਸ ਹੋ ਜਾਂਦਾ ਹੈ ਕਿ ਬਦਸਲੂਕੀ ਦੇ ਕੇਸਾਂ ਬਾਰੇ ਵਿਚਾਰ ਕਰਦੇ ਹੋਏ ਸਾਨੂੰ ਆਪਣੀਆਂ ਧਾਰਨਾਵਾਂ ਅਤੇ ਆਪਣੇ ਵਿਸ਼ਵਾਸਾਂ ਨੂੰ ਪਹਿਚਾਨਣ ਦੀ ਜ਼ਰੂਰਤ ਹੁੰਦੀ ਹੈ, ਅਤੇ ਇਹ ਸੁਨਿਸ਼ਚਿਤ ਕਰਨਾ ਜ਼ਰੂਰੀ ਹੁੰਦਾ ਹੈ ਕਿ ਅਸੀਂ ਪੱਖਪਾਤੀ ਨਾ ਹੋ ਜਾਈਏ।

ਇਹ ਚੰਗੀ ਤਰਾਂ ਸਮਝ ਲਿਆ ਜਾਂਦਾ ਹੈ ਕਿ ਕੋਈ ਵੀ ਧਾਰਣਾ ਗਲਤ ਜਾਂ ਸਹੀ ਨਹੀਂ ਹੁੰਦੀ , ਪਰ ਧਾਰਨਾਵਾਂ ਬਦਲ ਸਕਦੀਆਂ ਹਨ ਅਤੇ ਇਹਨਾਂ ਉੱਤੇ ਪ੍ਰਸ਼ਨ ਕਰਣ ਦੀ ਜ਼ਰੂਰਤ ਹੁੰਦੀ ਹੈ।

ਇਹ ਸਪਸ਼ਟ ਹੋ ਜਾਂਦਾ ਹੈ ਕਿ ਕਿਸੇ ਦੀਆਂ ਧਾਰਨਾਵਾਂ ਨਿਰਧਾਰਤ ਕਰਣ ਵਾਲੇ ਭਿੰਨ-ਭਿੰਨ ਕਾਰਕਾਂ ਵਿੱਚ ਤਰਕਸ਼ੀਲਤਾ ਅਤੇ ਨਿਰਪੱਖਤਾ ਮਾਰਗਦਰਸ਼ਕ ਬਲ ਹੋਣੇ ਚਾਹੀਦੇ ਹਨ।

ਜਦੋਂ ਧਾਰਨਾਵਾਂ/ਕਾਰਵਾਈਆਂ/ਸਿਥਲਤਾ ਨੈਤਿਕਤਾ ਤੇ ਆਧਾਰਿਤ ਹੋਵੇ, ਤਾਂ ਕੀ ਵਾਪਰ ਸਕਦਾ ਹੈ ?

ਨੈਤਿਕਤਾ 'ਤੇ ਆਧਾਰਿਤ ਬਹਿਸ ਨਾਲ ਗਲਤ ਨੂੰ ਸਹੀ ਠਹਿਰਾਓਣ ਦਾ ਖਤਰਾ ਹੋ ਸਕਦਾ ਹੈ; ਬਦਸਲੂਕੀ ਨੂੰ ਸਹੀ ਠਹਿਰਾਓਣ ਦਾ; ਅਤੇ ਉਸ ਚੀਜ਼ ਨੂੰ ਸਹੀ ਠਹਿਰਾਓਣ ਦਾ ਖਤਰਾ, ਜੋ ਕਿ ਜੇਕਰ ਸਾਡੇ ਨਾਲ ਵਾਪਰੇ ਤਾਂ ਸਾਨੂੰ ਚੰਗਾ ਨਹੀਂ ਲੱਗੇਗਾ।

ਜੇਕਰ ਕਿਸੇ ਇੱਕ ਵਿਅਕਤੀ ਨਾਲ ਵਾਪਰਣ ਵਾਲਾ ਕੁਝ ਗਲਤ ਹੈ, ਤਾਂ ਇਹ ਸਾਰਿਆਂ ਲਈ ਗਲਤ ਹੁੰਦਾ ਹੈ। ਮਾਨਵ ਅਧਿਕਾਰ ਵਿਅਕਤੀਆਂ ਅਤੇ ਉਹਨਾਂ ਦੀਆਂ ਸਥਿਤੀਆਂ ਵਿੱਚ ਭੇਦਭਾਵ ਨਹੀਂ ਕਰਦੇ।

ਰਿਵਾਜਾਂ, ਪਰੰਪਰਾ, ਵਿਸ਼ਵਾਸਾਂ ਅਤੇ ਸਮਾਜਕ ਨਿਯਮਾਂ ਉੱਤੇ ਆਧਾਰਿਤ ਤਰਕ ਇਸ ਲਈ ਵੀ ਸਹੀ ਨਹੀਂ ਮੰਨੇ ਜਾ ਸਕਦੇ, ਕਿਓਂਕਿ ਵੱਖ-ਵੱਖ ਵਿਅਕਤੀ ਇੱਕੋ ਗੱਲ ਬਾਰੇ ਵੱਖ-ਵੱਖ ਤਰੀਕੇ ਨਾਲ ਸੋਚਦੇ ਹਨ। ਉਦਾਹਰਣ ਲਈ, ਦੇਵਤੇ ਅਤੇ ਦੇਵੀ ਨੂੰ ਬੱਚੇ ਸਮਰਪਿਤ ਕਰਨਾ ਕੁਝ ਸਮਾਜਾਂ ਵਿੱਚ ਇੱਕ ਪਰੰਪਰਾ ਹੈ। ਕਈਆਂ ਦੇ ਲਈ ਇਹ ਇੱਕ ਸੱਭਿਆਚਾਰਕ ਅਭਿਆਸ ਹੈ ਅਤੇ ਇੱਕ ਧਾਰਮਿਕ ਮਾਮਲਾ ਹੈ, ਜਿਸ ਵਿੱਚ ਦਖ਼ਲ ਨਹੀਂ ਦਿੱਤਾ ਜਾਣਾ ਚਾਹੀਦਾ, ਪਰ ਬੱਚਿਆਂ ਲਈ ਇਹ ਇੱਕ ਡਰਾਉਣੀ ਸਥਿਤੀ ਜਾਂ ਇੱਕ ਦੁਖਦਾਈ ਅਨੁਭਵ ਹੋ ਸਕਦਾ ਹੈ।

ਇਸੇ ਤਰਾਂ ਅਕਸਰ ਕਿਹਾ ਜਾਂਦਾ ਹੈ ਕਿ ਲੜਕੀਆਂ ਠੀਕ ਢੰਗ ਦੇ ਕੱਪੜੇ ਨਾ ਪਾ ਕੇ ਆਪਣੇ ਆਪ ਹੀ ਬਦਸਲੂਕੀ ਨੂੰ ਸੱਦਾ ਦਿੰਦੀਆਂ ਹਨ। ਅਜਿਹੇ ਬਿਆਨ ਸਪਸ਼ਟ ਤੌਰ ਤੇ ਸੱਚੇ ਸਬੂਤਾਂ ਅਤੇ ਨਿਰਪੱਖ ਸੋਚ ਤੇ ਆਧਾਰਿਤ ਨਾ ਹੋ ਕੇ ਸਾਡੀ ਨੈਤਿਕਤਾ ਤੇ ਆਧਾਰਿਤ ਹੁੰਦੇ ਹਨ। ਸਬੂਤ ਦੱਸਦੇ ਹਨ ਕਿ ਪੂਰੇ ਕੱਪੜਿਆਂ ਅਤੇ ਘੁੰਡ ਕਰਣ ਵਾਲੀਆਂ ਲੜਕੀਆਂ ਨੂੰ ਵੀ ਯੌਨ ਬਦਸਲੂਕੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੋਂ ਤੱਕ ਕਿ ਨਵਜਾਤ ਬੱਚਿਆਂ ਦਾ ਵੀ ਬਲਾਤਕਾਰ ਕੀਤਾ ਜਾਂਦਾ ਹੈ। ਬਦਸਲੂਕੀ ਕਰਣ ਵਾਲਾ ਆਪਣੇ ਸ਼ਿਕਾਰ ਨੂੰ ਨਹੀਂ ਛੱਡਦਾ ਅਤੇ ਕਿਸੇ ਨੂੰ ਵੀ ਨਿਸ਼ਾਨਾ ਬਣਾ ਸਕਦਾ ਹੈ। ਇਸ ਤੋਂ ਇਲਾਵਾ, ਤਰਕ ਦਾ ਬਿੰਦੂ ਇਹ ਨਹੀਂ ਹੋਣਾ ਚਾਹੀਦਾ ਕਿ ਲੜਕੀ ਨੇ ਬਦਸਲੂਕੀ ਨੂੰ ਸੱਦਾ ਦਿੱਤਾ ਜਾਂ ਨਹੀਂ। ਤਰਕ ਇਹ ਹੈ ਕਿ ਜੇਕਰ ਕੋਈ ਚੀਜ਼ ਉਸ ਦੇ ਮਾਣ, ਸ਼ਰੀਰ ਅਤੇ ਦਿਮਾਗ ਨੂੰ ਨੁਕਸਾਨ ਪਹੁੰਚਾ ਰਹੀ ਹੈ, ਤਾਂ ਇਹ ਬਦਸਲੂਕੀ ਹੈ। ਜੇਕਰ ਕੋਈ ਚੀਜ਼ ਉਸ ਦੇ ਸੁਰੱਖਿਆ ਅਤੇ ਬਦਸਲੂਕੀ ਤੋਂ ਆਜ਼ਾਦੀ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਕਰਦੀ ਹੈ, ਤਾਂ ਇਸ ਦੇ ਨਾਲ ਸਖਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ ਅਤੇ ਸਮਾਜ ਨੂੰ ਉਸ ਦੇ ਅਧਿਕਾਰ ਦੁਆਓਣ ਵਿੱਚ ਉਸ ਦੀ ਮਦਦ ਕਰਣ ਲਈ ਅੱਗੇ ਆਓਣਾ ਚਾਹੀਦਾ ਹੈ।

ਜਦੋਂ ਤੱਕ ਟ੍ਰੇਨਰਾਂ ਅਤੇ ਬਾਲ ਸੁਰੱਖਿਆ ਸਮਿਤੀਆਂ ਦੇ ਮੈਂਬਰਾਂ ਜਾਂ ਹੋਰ ਸਮਾਜਕ ਸਮੂਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ, ਉਦੋਂ ਤੱਕ ਸਮਾਜ ਵਿੱਚ ਬਦਲਾਵ ਲਿਆਓਣਾ ਮੁਸ਼ਕਿਲ ਹੈ ਅਤੇ ਉਦੋਂ ਤੱਕ ਬੱਚਿਆਂ ਦੇ ਅਧਿਕਾਰ ਅਸੁਰੱਖਿਅਤ ਰਹਿਣਗੇ।

ਕਿਸੇ ਕੇਸ ਦੇ ਹੋਰ ਸਾਰੇ ਹਾਲਾਤਾਂ ਤੋਂ ਅਲਾਵਾ, ਜੇਕਰ ਸਾਡੀਆਂ ਧਾਰਨਾਵਾਂ, ਕਾਰਵਾਈਆਂ ਜਾਂ ਸਿਥਲਤਾਵਾਂ ਦੇ ਕਾਰਣ ਮਨੁੱਖ ਦੇ ਬੁਨਿਆਦੀ ਅਧਿਕਾਰ ਅਤੇ ਆਜ਼ਾਦੀ ਦੀ ਉਲੰਘਣਾ ਹੋਵੇ, ਤਾਂ ਅਜਿਹੀਆਂ ਧਾਰਨਾਵਾਂ, ਕਾਰਵਾਈਆਂ ਜਾਂ ਸਿਥਲਤਾਵਾਂ ਤਰਕਹੀਣ ਹੁੰਦੀਆਂ ਹਨ ਅਤੇ ਇਸ ਵਿੱਚ ਉਦੇਸ਼ਪੂਰਣਤਾ ਦੀ ਘਾਟ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਕਿਸੇ ਵਿਅਕਤੀ ਦੇ ਜੀਵਿਤ ਰਹਿਣ, ਵਧਣ, ਵਿਕਾਸ ਕਰਣ ਅਤੇ ਸ਼ੋਸ਼ਣ ਤੋਂ ਸੁਰੱਖਿਅਤ ਰਹਿਣ ਦੇ ਅਧਿਕਾਰ ਦੀ ਉਲੰਘਣਾ ਕਰਣ ਵਾਲਾ ਕੁਝ ਵੀ ਤਰਕਹੀਣ ਹੈ ਅਤੇ ਇਸ ਨੂੰ ਉਚਿਤ ਨਹੀਂ ਠਹਿਰਾਇਆ ਜਾ ਸਕਦਾ।

ਨਿਰਪੱਖਤਾ ਅਤੇ ਤਰਕਸ਼ੀਲਤਾ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਤੇ ਆਧਾਰਿਤ ਹੁੰਦੀਆਂ ਹਨ ਨਾ ਕਿ ਜਜ਼ਬਾਤਾਂ ਅਤੇ ਨੈਤਿਕ ਮੁੱਲਾਂ ਤੇ।



ਕਿਸੇ ਵੀ ਬੱਚੇ ਸਮੇਤ ਹਰ ਮਨੁੱਖ ਦੇ ਕੁਝ ਮੂਲ ਅਧਿਕਾਰ ਹੁੰਦੇ ਹਨ·

ਜੀਵਨ ਦਾ ਅਧਿਕਾਰ;

ਇੱਜ਼ਤ ਨਾਲ ਜੀਣ ਦਾ ਅਧਿਕਾਰ;

ਚੰਗੀ ਸਿਹਤ ਅਤੇ ਅਸਤਿੱਤਵ ਦਾ ਅਧਿਕਾਰ;

ਭੋਜਨ, ਕੱਪੜੇ ਅਤੇ ਪਨਾਹ ਦਾ ਅਧਿਕਾਰ;

ਜਾਣਕਾਰੀ ਪ੍ਰਾਪਤ ਕਰਣ ਅਤੇ ਅਭਿਵਿਅਕਤੀ ਕਰਣ ਦਾ ਅਧਿਕਾਰ;

ਆਪਣੇ ਨਾਲ ਸਬੰਧਤ ਨਿਰਣਿਆਂ ਦੀ ਪ੍ਰਕਿਰਿਆ ਵਿੱਚ ਭਾਗੀਦਾਰੀ ਦਾ ਅਧਿਕਾਰ;

ਸ਼ੋਸ਼ਣ ਅਤੇ ਬਦਸਲੂਕੀ ਤੋਂ ਆਜ਼ਾਦੀ ਅਤੇ ਸੁਰੱਖਿਆ ਅਤੇ ਸੁਰੱਖਿਅਤ ਵਾਤਾਵਰਣ ਦਾ ਅਧਿਕਾਰ

ਇਹਨਾਂ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਣ ਵਾਲੀਆਂ ਧਾਰਨਾਵਾਂ, ਕਾਰਵਾਈਆਂ ਜਾਂ ਸਿਥਲਤਾਵਾਂ ਨੂੰ ਤਰਕਸ਼ੀਲ ਅਤੇ ਉਦੇਸ਼ਪੂਰਣ ਨਹੀਂ ਕਿਹਾ ਜਾ ਸਕਦਾ।

ਸਬੂਤ ਅਤੇ ਹਰ ਮਨੁੱਖ ਦੇ ਬੁਨਿਆਦੀ ਅਧਿਕਾਰਾਂ ਦੀ ਰਾਖੀ ਦੇ ਤਰਕ ਨੂੰ ਆਪਣੇ ਵਿਚਾਰਾਂ ਅਤੇ ਤਰਕਾਂ ਦਾ ਆਧਾਰ ਬਣਾਓਣ ਵਾਲੇ ਵਿਅਕਤੀ ਤਰਕਸ਼ੀਲ ਕਹਾਓਂਦੇ ਹਨ ਅਤੇ ਓਹਨਾਂ ਦੇ ਆਪਣੇ ਕੰਮ ਅਤੇ ਫੈਸਲਿਆਂ ਵਿੱਚ ਉਦੇਸ਼ਪੂਰਣ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।

ਉਦਾਹਰਣ ਲਈ, ਕਿਸੇ ਬੱਚੇ ਨੂੰ ਅਨੁਸ਼ਾਸਿਤ ਕਰਣ ਲਈ ਉਸ ਨੂੰ ਕੁੱਟਣਾ ਤਰਕਸ਼ੀਲ ਅਤੇ ਉਦੇਸ਼ਪੂਰਣ ਸੋਚ ਤੇ ਆਧਾਰਿਤ ਨਹੀਂ ਹੋ ਸਕਦਾ। ਇਹ ਸਮਾਜਕ ਮੁੱਲਾਂ ਤੇ ਆਧਾਰਿਤ ਇੱਕ ਆਮ ਅਭਿਆਸ ਹੈ ਅਤੇ ਇਸ ਦੀ ਕੋਈ ਵੀ ਤਰਕਸ਼ੀਲ ਸਫਾਈ ਪੇਸ਼ ਨਹੀਂ ਕੀਤੀ ਜਾ ਸਕਦੀ। ਜੇਕਰ ਤਰਕ ਦਾ ਇਸਤੇਮਾਲ ਕੀਤਾ ਜਾਵੇ ਅਤੇ ਸਬੂਤ ਇਕੱਠੇ ਕੀਤੇ ਜਾਣ, ਤਾਂ ਇਹ ਪਤਾ ਚੱਲ ਜਾਵੇਗਾ ਕਿ ਕੁਟਾਈ ਨਾਲ ਕਦੇ ਵੀ ਕਿਸੇ ਬੱਚੇ ਨੂੰ ਅਨੁਸ਼ਾਸਿਤ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਉਸ ਦਾ ਵਿਵਹਾਰ ਬਦਲਿਆ ਜਾ ਸਕਦਾ ਹੈ। ਇਸ ਦਾ ਨਤੀਜਾ ਬੱਚੇ ਦਾ ਅਨੁਸ਼ਾਸਨ ਦਾ ਅਰਥ ਅਤੇ ਮੁੱਲ ਸਮਝਣਾ ਨਹੀਂ ਹੁੰਦਾ ਬਲਕਿ ਸ਼ਰੀਰਿਕ ਦੰਡ ਦਾ ਡਰ ਪੈਦਾ ਹੋਣਾ ਹੁੰਦਾ ਹੈ। ਇਹ ਬੱਚੇ ਦੇ ਮਾਣ, ਪਿਆਰ ਅਤੇ ਡਰ ਤੋਂ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਵੀ ਕਰਦਾ ਹੈ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸਾਰੇ ਰਿਵਾਜ, ਪਰੰਪਰਾਵਾਂ ਅਤੇ ਅਭਿਆਸ ਜਾਂ ਨੈਤਿਕ ਮੁੱਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਕਰਦੇ।

ਪਰ ਇਹਨਾਂ ਵਿਚੋਂ ਜਿਹੜੇ ਮਾਨਵ ਅਧਿਕਾਰਾਂ ਦਾ ਟੈਸਟ ਪਾਸ ਨਹੀਂ ਕਰਦੇ, ਉਹਨਾਂ ਨੂੰ ਬਦਲਣਾ ਜ਼ਰੂਰੀ ਹੈ।

ਇਸ ਲਈ ਸਮੁਦਾਵਾਂ ਨੂੰ ਇਹ ਨਿਸ਼ਚਾ ਕਰਣ ਵਿੱਚ ਮਦਦ ਕਰਨਾ ਜ਼ਰੂਰੀ ਹੈ ਕਿ ਕੀ ਸਵੀਕਾਰ ਕੀਤਾ ਜਾਵੇ ਅਤੇ ਕਿਸ ਨੂੰ ਇਨਕਾਰ ਕਰ ਦਿੱਤਾ ਜਾਵੇ।

## ਚਰਣ ਤਿੰਨ – ਬਾਲ ਅਧਿਕਾਰ ਕਿਓਂ ?

ਕਿਸੇ ਵੀ ਦੁਨੀਆਂ ਵਿੱਚ ਕਿਸੇ ਵੀ ਸਮਾਜ ਦੁਆਰਾ ਪੁੱਛਿਆ ਜਾਣ ਵਾਲਾ ਸਭ ਤੋਂ ਪਹਿਲਾ ਪ੍ਰਸ਼ਨ ਸੱਚ-ਮੁੱਚ ਵਿੱਚ ਇਹੀ ਹੋਵੇਗਾ ਜਿਹੜਾ ਥੋੜੇ-ਥੋੜੇ ਅੰਤਰ ਨਾਲ ਅਮੀਰ ਅਤੇ ਗਰੀਬ ਦੋਹਾਂ ਦੁਆਰਾ ਪੁੱਛਿਆ ਜਾਂਦਾ ਹੈ, ਜਦੋਂ ਕਿ ਕਰੋੜਾਂ ਲੋਕਾਂ ਲਈ ਗੁਜ਼ਾਰਾ ਕਰਨਾ ਵੀ ਮੁਸ਼ਕਿਲ ਹੋ ਰਿਹਾ ਹੋਵੇ।

- ਅਜੋਕੇ ਸਮਾਜ ਦੀਆਂ ਜ਼ਰੂਰੀ ਲੋੜਾਂ ਬਹੁਤ ਵੱਖਰੀਆਂ ਹਨ। ਲੋਕ ਬਾਲ ਅਧਿਕਾਰਾਂ ਬਾਰੇ ਜਾਣਨ ਦੀ ਥਾਂ ਇਹ ਜਾਣਨ ਵਿੱਚ ਆਪਣਾ ਸਮਾਂ ਲਗਾਓਣਾ ਪਸੰਦ ਕਰਣਗੇ ਕਿ ਆਸਾਨੀ ਨਾਲ ਲੋਨ ਕਿੱਥੋਂ ਮਿਲ ਸਕਦਾ ਹੈ, ਨੌਕਰੀ ਕਿਸ ਤਰਾਂ ਮਿਲ ਸਕਦੀ ਹੈ ਜਾਂ ਕਿਸੇ ਵਿਸ਼ੇਸ਼ ਸਕੀਮ ਦੇ ਲਾਭ ਕਿਸ ਤਰਾਂ ਮਿਲ ਸਕਦੇ ਹਨ।
- ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਪਰਿਵਾਰ ਦੀ ਸਥਿਤੀ ਵਿੱਚ ਸੁਧਾਰ ਹੁੰਦਾ ਹੈ, ਤਾਂ ਇਸ ਦੇ ਬੱਚਿਆਂ ਦੀ ਸਥਿਤੀ ਵਿੱਚ ਵੀ ਸੁਧਾਰ ਹੋਵੇਗਾ। ਪਰ ਫਿਰ ਵੀ, ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਬੱਚੇ ਸੁਰੱਖਿਅਤ ਰਹਿਣਗੇ, ਉਹਨਾਂ ਨੂੰ ਕਦੇ ਵੀ ਕੁੱਟਿਆ ਨਹੀਂ ਜਾਵੇਗਾ, ਉਹ ਕਦੇ ਵੀ ਦੁਖੀ ਨਹੀਂ ਹੋਣਗੇ ਅਤੇ ਉਹਨਾਂ ਦੇ ਮਾਣ ਦੀ ਹਮੇਸ਼ਾ ਇੱਜ਼ਤ ਕੀਤੀ ਜਾਵੇਗੀ।
- ਸਾਡੇ ਰੋਜ਼ ਦੇ ਸੰਘਰਸ਼ ਵਿੱਚ, ਸਾਨੂੰ ਅਕਸਰ ਇਹ ਅਹਿਸਾਸ ਨਹੀਂ ਹੁੰਦਾ ਕਿ ਬਾਲ ਅਧਿਕਾਰਾਂ ਨੂੰ ਮਹਤੱਤਾ ਦੇਣੀ ਅਜਿਹੀ ਪੀੜ੍ਹੀ ਦੀ ਨੀਂਹ ਰੱਖਣ ਲਈ ਬਹੁਤ ਜ਼ਰੂਰੀ ਹੈ, ਜਿਹੜੀ ਭਾਵਨਾਤਮਕ ਰੂਪ ਵਿੱਚ ਸਥਿਰ ਹੋਵੇ, ਅਤੇ ਰੋਜ਼ਾਨਾ ਜਿੰਦਗੀ ਦੀ ਅਨਿਯਮਿਤਤਾ ਨੂੰ ਸਾਡੀ ਤੁਲਨਾ ਵਿੱਚ ਬਿਹਤਰ ਤਰੀਕੇ ਨਾਲ ਨਿਪਟਾ ਸਕੇ।

ਕੀ ਤੁਸੀਂ ਜਾਣਦੇ ਹੋ ਕਿ ਬੱਚਾ ਕੌਣ ਹੁੰਦਾ ਹੈ ?

ਕੋਈ ਵੀ ਵਿਅਕਤੀ ਜਿਸ ਦੀ ਉਮਰ 18 ਸਾਲ ਤੋ ਘੱਟ ਹੋਵੇ, ਉਹ ਬੱਚਾ ਹੁੰਦਾ ਹੈ।

ਗਤੀਵਿਧੀ 2: ਕੋਲਾਜ ਬਣਾਓਣਾ/ਡਰਾਇੰਗ/ਨਾਟਕ

ਉਦੇਸ਼:

ਸਭ ਲਈ ਮਾਨਵ ਅਧਿਕਾਰਾਂ ਦੀ ਮੰਗ ਕਰਦੇ ਹੋਏ ਬਾਲ ਅਧਿਕਾਰਾਂ ਤੇ ਜ਼ੋਰ ਦੇਣ ਦੀ ਜ਼ਰੂਰਤ ਨੂੰ ਸਥਾਪਿਤ ਕਰਨਾ।

ਵਿਧੀ:

ਪ੍ਰਤੀਭਾਗੀਆਂ ਨੂੰ ਤਿੰਨ ਗਰੁੱਪਾਂ ਵਿੱਚ ਵੰਡੋ ਅਤੇ ਉਹਨਾਂ ਨੂੰ ਨਿਮਨ ਤਿੰਨ ਸਥਿਤੀਆਂ ਉੱਤੇ ਕੋਲਾਜ ਜਾਂ ਡਰਾਇੰਗ ਬਣਾਓਣ ਲਈ ਕਹੋ ਜਾਂ ਇਸ ਤੇ ਕੋਈ ਛੋਟਾ ਨਾਟਕ ਕਰਣ ਲਈ ਕਹੋ।

1) ਬੱਚਿਆਂ ਤੋਂ ਬਿਨਾਂ ਸੰਸਾਰ।
2) ਅਜਿਹਾ ਸੰਸਾਰ ਜਿਸ ਵਿੱਚ ਸਾਰੇ ਬੱਚੇ ਕੁਪੋਸ਼ਣ ਵਾਲੇ ਹੋਣ ਜਾਂ ਅਨਪੜ੍ਹ ਹੋਣ ਜਾਂ ਸ਼ੋਸ਼ਿਤ ਹੋਣ ਜਾਂ ਤਿੰਨੋਂ ਤਰੀਕੇ ਦੇ ਹੋਣ।
3) ਇੱਕ ਅਜਿਹਾ ਸੰਸਾਰ ਜਿੱਥੇ ਬੱਚਿਆਂ ਨੂੰ ਪਿਆਰ, ਦੇਖਭਾਲ ਅਤੇ ਸੁਰੱਖਿਆ ਦਿੱਤੀ ਜਾਂਦੀ ਹੋਵੇ !

- ਇਹ ਕੋਲਾਜ ਜਾਂ ਡਰਾਇੰਗ ਹਰ ਇੱਕ ਨੂੰ ਵਿਖਾਓ।
- ਪ੍ਰਤੀਭਾਗੀਆਂ ਨੂੰ ਇਹ ਨਿਸ਼ਚਾ ਕਰਣ ਲਈ ਚਰਚਾ ਕਰੋ ਕਿ ਅਸੀਂ ਕਿਸ ਤਰਾਂ ਦੇ ਸੰਸਾਰ ਵਿੱਚ ਰਹਿਣਾ ਚਾਹੁੰਦੇ ਹਾਂ ਅਤੇ ਉਹ ਸੰਸਾਰ ਕਿਸ ਤਰਾਂ ਦਾ ਹੋਵੇਗਾ, ਜਿਸ ਵਿੱਚ ਬੱਚਿਆਂ ਅਤੇ ਉਹਨਾਂ ਦੇ ਅਧਿਕਾਰਾਂ ਦੀ ਰੱਖਿਆ ਨਹੀਂ ਕੀਤੀ ਜਾਂਦੀ।

ਨਿਮਨਲਿਖਿਤ ਬਿੰਦੂਆਂ ਨਾਲ ਚਰਚਾ ਨੂੰ ਪੂਰਾ ਕਰੋ:

– ਜਿਨਾਂ ਸਥਿਤੀਆਂ ਵਿੱਚ ਬੱਚੇ ਰਹਿੰਦੇ ਹਨ, ਉਹ ਆਮ ਤੌਰ ਤੇ ਬਾਲਗਾਂ ਨਾਲੋਂ ਅਧਿਕ ਕਮਜ਼ੋਰ ਹੁੰਦੇ ਹਨ। ਅਕਸਰ ਉਹਨਾਂ ਦੀ ਗੱਲ ਨੂੰ ਨਹੀਂ ਸੁਣਿਆ ਜਾਂਦਾ।

– ਇਸ ਲਈ ਸਰਕਾਰ ਅਤੇ ਸਮਾਜ ਦੀਆਂ ਕਾਰਵਾਈਆਂ ਜਾਂ ਸਿਥਲਤਾਵਾਂ ਤੋਂ ਉਹ ਹੋਰ ਕਿਸੇ ਵੀ ਸਮੂਹ ਤੋਂ ਅਧਿਕ ਪ੍ਰਭਾਵਿਤ ਹੁੰਦੇ ਹਨ।

– ਚਾਹੇ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦੀ ਐਕਸਟੈਨਸ਼ਨ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਅਤੇ ਉਹਨਾਂ ਨੂੰ ਵੋਟ ਪਾਓਣ ਦਾ ਅਧਿਕਾਰ ਨਹੀਂ ਹੁੰਦਾ, ਫਿਰ ਵੀ ਬੱਚੇ ਦੇਸ਼ ਦੇ ਬਰਾਬਰ ਦੇ ਨਾਗਰਿਕ ਹੁੰਦੇ ਹਨ ਅਤੇ ਉਹਨਾਂ ਦੇ ਅਧਿਕਾਰ ਵੀ ਮਾਨਵ ਅਧਿਕਾਰ ਹੁੰਦੇ ਹਨ।

– ਸੱਚ ਹੀ, ਬੱਚੇ ਕਿਸੇ ਦੇਸ਼ ਦਾ ਭਵਿੱਖ ਹੁੰਦੇ ਹਨ। ਪਰ ਅਸੀਂ ਇਹ ਘੱਟ ਹੀ ਯਾਦ ਰੱਖਦੇ ਹਾਂ ਕਿ ਉਹਨਾਂ ਦਾ ਇੱਕ ਵਰਤਮਾਨ ਵੀ ਹੈ ਅਤੇ ਇਸ ਦੀ ਸੁਰੱਖਿਆ ਜ਼ਰੂਰੀ ਹੈ।

– ਜ਼ਿੰਦਗੀ ਨਾਲ ਸਿੱਝਣ ਅਤੇ ਆਪਣੀ ਅਤੇ ਹੋਰਾਂ ਦੀ ਰੱਖਿਆ ਕਰਣ ਦੇ ਬਿਹਤਰ ਹੁਨਰ ਵਾਲੀ ਇੱਕ ਪੀੜ੍ਹੀ ਬਣਾਓਣ ਨਾਲ ਇੱਕ ਸਥਿਰ ਅਤੇ ਸੁਰੱਖਿਅਤ ਸਮਾਜ ਦੀ ਬੁਨਿਆਦ ਰੱਖਣ ਵਿੱਚ ਮਦਦ ਮਿਲਦੀ ਹੈ।

– ਇਸ ਪੂਰੇ ਅਭਿਆਸ ਵਿੱਚ ਇੱਕ ਘੰਟੇ ਤੋਂ ਅਧਿਕ ਦਾ ਸਮਾਂ ਨਹੀਂ ਲਗਣਾ ਚਾਹੀਦਾ।

## ਗੁਜਰਾਤ ਅਤੇ ਮਹਾਂਰਾਸ਼ਟਰ ਦੀਆਂ ਕੁਝ ਸਾਂਝੀਆਂ ਕੀਤੀਆਂ ਜਾਣ ਵਾਲਿਆ ਝਲਕੀਆਂ

ਕੁਝ ਬਾਲ ਅਧਿਕਾਰ ਸੰਕੇਤਕਾਂ ਤੇ ਮਹਾਂਰਾਸ਼ਟਰ ਅਤੇ ਗੁਜਰਾਤ ਦੇ ਲਈ ਰੈਂਕਿੰਗ

| State | Overall National Ranking | Overall GDP | Birth Registration | Sex Ratio | Early Childhood Care | Child Marraige | Child Labour 5-14 | Education | Health | Crime Against Children Incidences | Crime Against Children Victim | Crime By Children |
|---|---|---|---|---|---|---|---|---|---|---|---|---|
| Gujarat | 6 | 5 | 9 | 22 | 16 | 10 | 10 | 9 | 19 | 3 | 16 | 5 |
| Maharashtra | 3 | 1 | 87 | 27 | 14 | 19 | 7 | 4 | 7 | 4 | 11 | 3 |

ਸਰੋਤ: ਭਾਰਤ: ਬਾਲ ਅਧਿਕਾਰ ਇੰਡੈਕਸ : ਬਾਲ ਅਧਿਕਾਰਾਂ ਲਈ ਕੇਂਦਰ

## ਚਰਣ ਚਾਰ-ਬਾਲ ਬਦਸਲੂਕੀ ਕਿਓਂ ?

ਜੇਕਰ ਲੋਕਾਂ ਨੂੰ ਵਿਸ਼ਵਾਸ ਹੋ ਵੀ ਜਾਵੇ ਕਿ ਬਾਲ ਅਧਿਕਾਰਾਂ ਬਾਰੇ ਗੱਲ ਕਰਣ ਦੀ ਜ਼ਰੂਰਤ ਹੁੰਦੀ ਹੈ, ਉਹ ਕਹਿੰਦੇ ਹਨ ਕਿ ਬਾਲ ਬਦਸਲੂਕੀ ਜਿਹੇ ਮੁੱਦਿਆਂ ਤੇ ਗੱਲ ਕਰਣ ਦੀ ਕੀ ਜ਼ਰੂਰਤ ਹੈ, ਕਿਓਂਕਿ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਅਧਿਕ ਨਾਜ਼ੁਕ ਚਿੰਤਾਵਾਂ ਹੁੰਦੀਆਂ ਹਨ ਅਤੇ ਬਾਲ ਬਦਸਲੂਕੀ ਦੀ ਇਸ ਵਿੱਚ ਕੋਈ ਥਾਂ ਨਹੀਂ ਹੁੰਦੀ।

ਅਜਿਹੇ ਪ੍ਰਸ਼ਨਾਂ ਅਤੇ ਚਿੰਤਾਵਾਂ ਨੂੰ ਹੱਲ ਕਰਨਾ ਟ੍ਰੇਨਰਾਂ ਲਈ ਮਹੱਤਵਪੂਰਣ ਹੁੰਦਾ ਹੈ।

ਇਹ ਸਮਝਣ ਲਈ ਕਿ ਸਮੁਦਾਏ ਪੱਧਰ ਤੇ ਬਾਲ ਬਦਸਲੂਕੀ ਦੇ ਮੁੱਦੇ ਨੂੰ ਹੱਲ ਕਰਨਾ ਕਿਓਂ ਜ਼ਰੂਰੀ ਹੈ, ਫੈਸੀਲਿਟੇਟਰਾਂ ਅਤੇ ਟ੍ਰੇਨਰਾਂ ਨੂੰ ਨਿਮਨਲਿਖਿਤ ਅਭਿਆਸ ਕਰਵਾਉਣਾ ਚਾਹੀਦਾ ਹੈ।

ਗਤੀਵਿਧੀ 3: ਸਮਾਚਾਰ ਵਿਸ਼ਲੇਸ਼ਣ

ਉਦੇਸ਼:

- ਪ੍ਰਤੀਭਾਗੀਆਂ ਨੂੰ ਇਹ ਸਮਝਣ ਅਤੇ ਅਹਿਸਾਸ ਕਰਵਾਓਣ ਵਿੱਚ ਮਦਦ ਕਰਨਾ ਕਿ-
- ਬੱਚਿਆਂ ਦੇ ਖਿਲਾਫ਼ ਅਪਰਾਧ ਵਧ ਰਹੇ ਹਨ
- ਬੱਚਿਆਂ ਦੇ ਖਿਲਾਫ਼ ਅਪਰਾਧ ਕਿਤੇ ਹੋਰ ਨਹੀਂ ਹੁੰਦੇ; ਇਹ ਸਾਡੇ ਆਲੇ-ਦੁਆਲੇ ਹੀ ਹੁੰਦੇ ਹਨ
- ਸਮਾਜ ਨੂੰ ਆਪਣੇ ਬੱਚਿਆਂ ਦੀ ਰੱਖਿਆ ਕਰਣ ਲਈ ਅੱਗੇ ਆਓਣਾ ਚਾਹੀਦਾ ਹੈ

ਵਿਧੀ:

- ਸਾਰੇ ਪ੍ਰਤੀਭਾਗੀਆਂ ਨੂੰ ਪੰਜ-ਪੰਜ ਦੇ ਗਰੁੱਪਾਂ ਵਿੱਚ ਵੰਡ ਦਿਓ।

- ਹਰ ਗਰੁੱਪ ਨੂੰ ਕੁਝ ਅਖਬਾਰ ਦਿਓ ਅਤੇ ਉਹਨਾਂ ਨੂੰ ਬੱਚਿਆਂ ਦੇ ਖਿਲਾਫ਼ ਅਪਰਾਧਾਂ ਨਾਲ ਸਬੰਧਤ ਖਬਰਾਂ ਲੱਭਣ ਲਈ ਕਹੋ।

- ਗਰੁੱਪਾਂ ਨੂੰ ਇਹ ਖਬਰਾਂ ਕੱਟਣ ਅਤੇ ਇਹਨਾਂ ਨੂੰ ਚਾਰਟ ਤੇ ਚਿਪਕਾਓਣ ਲਈ ਕਹੋ ਅਤੇ ਫਿਰ ਇਹ ਵਿਸ਼ਲੇਸ਼ਣ ਕੀਤਾ ਜਾਵੇ ਕਿ ਉਹ ਬੱਚਿਆਂ ਦੇ ਖਿਲਾਫ਼ ਅਪਰਾਧਾਂ ਨਾਲ ਸਬੰਧਤ ਕਿੰਨੀਆਂ ਖਬਰਾਂ ਲੱਭ ਸਕੇ ਅਤੇ ਬੱਚਿਆਂ ਦੇ ਖਿਲਾਫ਼ ਕਿਸ ਤਰਾਂ ਦੇ ਅਪਰਾਧ ਕੀਤੇ ਜਾ ਰਹੇ ਸਨ ?

- ਸਭ ਨੂੰ ਇਹ ਪੁੱਛਣਾ ਬਹੁਤ ਜ਼ਰੂਰੀ ਹੈ ਕਿ ਕਿਸੇ ਸਮਾਜ ਨੂੰ ਬੱਚਿਆਂ ਦੀ ਚਿੰਤਾ ਕੇਵਲ ਉਦੋਂ ਹੀ ਕਰਨੀ ਚਾਹੀਦੀ ਹੈ, ਜਦੋਂ ਬੱਚਿਆਂ ਦੇ ਖਿਲਾਫ਼ ਅਪਰਾਧਾਂ ਦੇ ਕੇਸ ਬਹੁਤ ਵਧ ਜਾਣ ਜਾਂ ਫਿਰ ਕੋਈ ਇੱਕ ਕੇਸ ਹੀ ਸਮਾਜ ਦੇ ਜਾਗਣ ਲਈ ਕਾਫੀ ਹੈ।

- ਹੋ ਸਕਦਾ ਹੈ ਕਿ ਕੁਝ ਰਾਜਾਂ ਵਿੱਚ ਬੱਚਿਆਂ ਦੇ ਖਿਲਾਫ ਅਪਰਾਧਾਂ 'ਤੇ ਉਥੇ ਹੀ ਰਿਪੋਰਟ ਹੋ ਜਾਂਦੀ ਹੋਵੇ, ਕਿਓਂਕਿ ਉੱਥੇ ਇਸ ਤੱਥ ਨੂੰ ਬਹੁਤ ਘੱਟ ਸਵੀਕਾਰ ਕੀਤਾ ਜਾਂਦਾ ਹੈ ਕਿ ਅਜਿਹੀ ਗੱਲ ਸਾਰੇ ਸਮਾਜਾਂ ਵਿੱਚ ਵਾਪਰ ਸਕਦੀ ਹੈ। ਉਸ ਸਥਿਤੀ ਵਿੱਚ, ਫੈਸੀਲਿਟੇਟਰ ਜਾਂ ਟ੍ਰੇਨਰ ਜੇਕਰ ਉਹਨਾਂ ਖੇਤਰਾਂ ਦੇ ਬੱਚਿਆਂ ਦੇ ਖਿਲਾਫ਼ ਅਪਰਾਧਾਂ ਦੇ ਅੰਕੜਿਆਂ ਬਾਰੇ ਜਾਣਦੇ ਹੋਣ, ਜਿਨਾਂ ਨਾਲ ਪ੍ਰਤਿਭਾਗੀ ਸਬੰਧ ਰੱਖਦੇ ਹੋਣ, ਤਾਂ ਇਹ ਉਹਨਾਂ ਨੂੰ ਦੱਸੇ ਜਾਣ।




- ਬੱਚਿਆਂ ਦੇ ਖਿਲਾਫ਼ ਅਪਰਾਧਾਂ ਦੀ ਸੰਖਿਆ ਤੇ ਅੰਕੜਿਆਂ ਬਾਰੇ ਕੁਝ ਜਾਣਕਾਰੀ ਬਾਲ ਬਦਸਲੂਕੀ ਦੇ ਮੁੱਦੇ ਨੂੰ ਹੱਲ ਕਰਣ ਦੀ ਜ਼ਰੂਰਤ ਦੇ ਮਹੱਤਵ ਦਾ ਅਹਿਸਾਸ ਕਰਵਾਓਣ ਵਿੱਚ ਸ਼ਾਇਦ ਥੋੜੀ ਮਦਦ ਕਰੇ।

- ਫੈਸੀਲਿਟੇਟਰਾਂ ਅਤੇ ਬਾਲ ਸੁਰੱਖਿਆ ਸਮਿਤੀਆਂ ਨੂੰ ਅਜਿਹੀ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ।

- ਬੱਚਿਆਂ ਦੇ ਖਿਲਾਫ਼ ਵਧਦੇ ਅਪਰਾਧਾਂ ਬਾਰੇ ਕੁਝ ਜਾਣਕਾਰੀ ਦੇਣ ਲਈ ਗੁਜਰਾਤ ਅਤੇ ਮਹਾਂਰਾਸ਼ਟਰ ਦੀ ਉਦਾਹਰਣ ਲੈਂਦੇ ਹੋਏ ਕੁਝ ਅੰਕੜੇ ਇੱਥੇ ਦਿੱਤੇ ਗਏ ਹਨ।

- ਇਹ ਉਹ ਰਾਜ ਵੀ ਹਨ ਜਿੱਥੇ ਬਾਲ ਬਦਸਲੂਕੀ ਨੂੰ ਕੋਈ ਸਮੱਸਿਆ ਨਹੀਂ ਸਮਝਿਆ ਜਾਂਦਾ। ਇਸ ਲਈ ਇਸ ਮਿਥਕ ਨੂੰ ਤੋੜਨਾ ਜ਼ਰੂਰੀ ਹੈ ਕਿ ਬਾਲ ਬਦਸਲੂਕੀ ਕਿਤੇ ਹੋਰ ਹੀ ਵਾਪਰਦੀ ਹੈ।

- ਇਹ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਇਹ ਅੰਕੜੇ ਪੁਲਿਸ ਦੁਆਰਾ ਰਜਿਸਟਰ ਕੀਤੇ ਗਏ ਕੇਸਾਂ ਤੇ ਹੀ ਆਧਾਰਿਤ ਹਨ। ਬਹੁਤ ਸਾਰੇ ਅਜਿਹੇ ਕੇਸ ਵੀ ਹੁੰਦੇ ਹਨ ਜਿਨਾਂ ਦੀ ਕਦੇ ਕੋਈ ਰਿਪੋਰਟ ਨਹੀਂ ਕੀਤੀ ਜਾਂਦੀ ਅਤੇ ਉਹਨਾਂ ਨੂੰ ਕਦੇ ਵੀ ਰਜਿਸਟਰ ਵਿੱਚ ਲਿਖਿਆ ਨਹੀਂ ਜਾ ਸਕਦਾ!

### ਬੱਚਿਆਂ ਦੇ ਖਿਲਾਫ਼ ਅਪਰਾਧ

| ਰਾਜ | ਰਾਜ ਰੈਂਕ [2010 ਵਿੱਚ ਭਾਰਤ ਵਿੱਚ ਬੱਚਿਆਂ ਦੇ ਖਿਲਾਫ਼ ਅਪਰਾਧਾਂ ਦੀ ਪ੍ਰਤਿਸ਼ਤ ਉੱਤੇ ਆਧਾਰਿਤ] |
|---|---|
| ਗੁਜਰਾਤ | 9 |
| ਮਹਾਂਰਾਸ਼ਟਰ | 3 |

ਸਰੋਤ: ਭਾਰਤ ਵਿੱਚ ਅਪਰਾਧ 2010, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ, ਭਾਰਤ ਸਰਕਾਰ

ਬੱਚਿਆਂ ਦੇ ਨਾਲ ਅਪਰਾਧ -2009 ਅਤੇ 2010 ਵਿਚਕਾਰ ਤੁਲਨਾ

| ਅਪਰਾਧ | ਮਹਾਂਰਾਸ਼ਟਰ | | ਗੁਜਰਾਤ | |
|---|---|---|---|---|
| | 2009 | 2010 | 2009 | 2010 |
| ਨਵਜਾਤ ਹੱਤਿਆ | 1 | 3 | 1 | 0 |
| ਭਰੂਣ ਹੱਤਿਆ | 17 | 5 | 3 | 100 |
| ਕਤਲ | 181 | 211 | 66 | 66 |
| ਬਲਾਤਕਾਰ | 612 | 747 | 91 | 102 |
| ਅਪਹਰਣ | 534 | 749 | 503 | 565 |
| ਜੋਖਮ ਅਤੇ ਪਰੀਤਿਆਗ | 274 | 198 | 129 | 121 |
| ਨਾਬਾਲਗ ਲੜਕੀਆਂ ਦੀ ਕਮਾਈ | 42 | 26 | 2 | 0 |
| ਵੇਸ਼ਵਾਵ੍ਰਿੱਤੀ ਲਈ ਲੜਕੀਆਂ ਨੂੰ ਖਰੀਦਣਾ | 29 | 27 | 0 | 0 |
| ਵੇਸ਼ਵਾਵ੍ਰਿੱਤੀ ਲਈ ਲੜਕੀਆਂ ਨੂੰ ਵੇਚਣਾ | 2 | 1 | 1 | 0 |
| ਬਾਲ ਵਿਆਹ | 0 | 4 | 0 | 14 |
| ਆਤਮਹੱਤਿਆ ਲਈ ਉਕਸਾਓਣਾ | 13 | 16 | 0 | 10 |
| ਹੋਰ ਅਪਰਾਧ | 1189 | 1277 | 172 | 118 |

ਸਰੋਤ: ਭਾਰਤ ਵਿੱਚ ਅਪਰਾਧ 2009 ਅਤੇ 2010, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ

ਫੈਸੀਲਿਟੇਟਰਾਂ/ਟ੍ਰੇਨਰਾਂ ਅਤੇ ਬਾਲ ਸੁਰੱਖਿਆ ਸਮਿਤੀਆਂ ਲਈ ਨੋਟ:

ਇਸ ਅਭਿਆਸ ਦੇ ਉਦੇਸ਼ ਨੂੰ ਪ੍ਰਾਪਤ ਕਰਣ ਲਈ ਸਮਾਚਾਰ ਵਿਸ਼ਲੇਸ਼ਣ ਉੱਤੇ ਚਰਚਾ ਨੂੰ ਉਤਸਾਹਿਤ ਕਰਨਾ ਜ਼ਰੂਰੀ ਹੈ। ਇਸ ਦੇ ਨਾਲ ਹੀ, ਚਰਚਾਵਾਂ ਨੂੰ ਛੋਟਾ ਅਤੇ ਸਟੀਕ ਰੱਖਣਾ ਵੀ ਮਹੱਤਵਪੂਰਣ ਹੈ। ਚਰਚਾਵਾਂ ਦੇ ਦੌਰਾਨ ਬੱਚਿਆਂ ਦੇ ਖਿਲਾਫ਼ ਅਪਰਾਧਾਂ ਦੇ ਵਧਣ ਦੇ ਕਾਰਣਾਂ ਨਾਲ ਸਬੰਧਤ ਬਹੁਤ ਸਾਰੇ ਮੁੱਦੇ ਉਠਾਏ ਜਾ ਸਕਦੇ ਹਨ। ਇਹਨਾਂ ਵਿਚੋਂ ਕੁਝ ਨੂੰ ਬਾਅਦ ਵਿੱਚ ਚਰਚਾ ਕਰਣ ਲਈ ਇੱਕ ਚਾਰਟ ਤੇ ਨੋਟ ਕੀਤਾ ਜਾ ਸਕਦਾ ਹੈ ਕਿਓਂਕਿ ਇਸ ਅਭਿਆਸ ਦਾ ਉਦੇਸ਼ ਲੋਕਾਂ ਨੂੰ ਇਹ ਸਮਝਣ ਵਿੱਚ ਮਦਦ ਕਰਨਾ ਹੈ ਕਿ ਬਦਸਲੂਕੀ ਦਾ ਸਾਹਮਣਾ ਕਰਦੇ ਬੱਚਿਆਂ ਨੂੰ ਦੇਖਣ ਲਈ ਸਾਨੂੰ ਕਿਤੇ ਦੂਰ ਜਾਣ ਦੀ ਲੋੜ ਨਹੀਂ ਹੈ ਅਤੇ ਜੇਕਰ ਇੱਕ ਵੀ ਕੇਸ ਬਦਸਲੂਕੀ ਦਾ ਦਿਖੇ, ਤਾਂ ਇਸ ਨੂੰ ਹੱਲ ਕੀਤੇ ਬਿਨਾਂ ਨਹੀਂ ਛੱਡਿਆ ਜਾਣਾ ਚਾਹੀਦਾ।

ਅੰਤ ਵਿੱਚ, ਫੈਸੀਲਿਟੇਟਰ/ਟ੍ਰੇਨਰ ਨੂੰ ਸਮੁਦਾਏ ਵਿੱਚ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ -

ਸਾਰੇ ਅਧਿਕਾਰ ਅਵਿਭਾਜਿਤ ਹਨ ਅਤੇ ਇਹਨਾਂ ਦੀ ਸੁਰੱਖਿਆ ਕਰਣ ਦੀ ਜ਼ਰੂਰਤ ਹੁੰਦੀ ਹੈ।

ਉਦਾਹਰਣ ਲਈ, ਬੱਚਿਆਂ ਦੀ ਉਦੋਂ ਤੱਕ ਸੁਰੱਖਿਆ ਨਹੀਂ ਕੀਤੀ ਜਾ ਸਕਦੀ, ਜਦੋਂ ਤੱਕ ਉਹਨਾਂ ਦੇ ਜੀਵਨ, ਵਿਕਾਸ ਅਤੇ ਭਾਗੀਦਾਰੀ ਦੇ ਅਧਿਕਾਰਾਂ ਨੂੰ ਸੁਨਿਸ਼ਚਿਤ ਨਹੀਂ ਕੀਤਾ ਜਾਂਦਾ।

ਇਸੇ ਤਰਾਂ, ਬੱਚੇ ਉਦੋਂ ਤੱਕ ਜੀ ਨਹੀਂ ਸਕਦੇ ਜਾਂ ਉਹਨਾਂ ਦਾ ਉਦੋਂ ਤੱਕ ਵਿਕਾਸ ਨਹੀਂ ਹੋ ਸਕਦਾ, ਜਦੋਂ ਤੱਕ ਉਹਨਾਂ ਦੀ ਬਦਸਲੂਕੀ ਅਤੇ ਸ਼ੋਸ਼ਣ ਤੋਂ ਰੱਖਿਆ ਨਹੀਂ ਕੀਤੀ ਜਾਂਦੀ।

ਇਸ ਲਈ, ਸੁਰੱਖਿਆ ਦੇ ਉਹਨਾਂ ਦੇ ਅਧਿਕਾਰ ਨੂੰ ਸੁਨਿਸ਼ਚਿਤ ਕਰਣ ਲਈ ਕੰਮ ਕਰਣ ਵਿੱਚ ਉਹਨਾਂ ਦੇ ਹਰ ਅਧਿਕਾਰ ਨੂੰ ਸੁਨਿਸ਼ਚਿਤ ਕਰਣ ਵੱਲ ਕੰਮ ਕਰਨਾ ਸ਼ਾਮਿਲ ਹੋਣਾ ਚਾਹੀਦਾ ਹੈ।

ਬਾਲ ਬਦਸਲੂਕੀ ਸੁਰੱਖਿਆ ਦੀ ਘਾਟ ਜਾਂ ਸੁਰੱਖਿਆ ਦੇ ਅਧਿਕਾਰ ਦੀ ਉਲੰਘਣਾ ਦੇ ਸਭ ਤੋਂ ਬੁਰੇ ਪ੍ਰਗਟਾਵਿਆਂ ਵਿਚੋਂ ਇੱਕ ਹੈ।

ਜਾਂ ਤਾਂ ਇਹ ਦਿਖਦਾ ਹੀ ਨਹੀਂ, ਜਾਂ ਇਸ ਵੱਲ ਧਿਆਨ ਨਹੀਂ ਜਾਂਦਾ।

ਇਸ ਨੂੰ ਇਸ ਤਰੀਕੇ ਨਾਲ ਵੇਖਿਆ ਜਾਂਦਾ ਹੈ ਕਿ ਇਹ 'ਉਹਨਾਂ' ਵਿੱਚ ਹੁੰਦਾ ਹੈ ਅਤੇ 'ਸਾਡੇ' ਵਿੱਚ ਨਹੀਂ ਹੁੰਦਾ।

ਜ਼ਿਆਦਾਤਰ ਬਦਸਲੂਕੀ ਨੂੰ ਜੀਵਨ ਦਾ ਹਿੱਸਾ ਸਮਝਿਆ ਜਾਂਦਾ ਹੈ। ਪਰ ਇਸ ਨਾਲ ਇੱਕ ਅਜਿਹੀ ਪੀੜ੍ਹੀ ਤਿਆਰ ਹੁੰਦੀ ਹੈ ਜਿਹੜੀ ਹਿੰਸਾ ਅਤੇ ਬਦਸਲੂਕੀ ਨੂੰ ਜਾਰੀ ਰੱਖਦੀ ਹੈ ਅਤੇ ਇਸ ਦੇ ਵੱਖ-ਵੱਖ ਪ੍ਰਗਟਾਵਿਆਂ ਵਾਲਾ ਅਤੇ ਦੂਜਿਆਂ ਲਈ ਚਿੰਤਾ ਦੀ ਘਾਟ ਵਾਲਾ ਇੱਕ ਲੀਰੋਲੀਰ ਸਮਾਜ ਤਿਆਰ ਹੁੰਦਾ ਹੈ।

# ਭਾਗ-2

## ਬਾਲ ਬਦਸਲੂਕੀ ਕੀ ਹੈ ?

ਇਹ ਭਾਗ ਦੋ ਸੈਕਸ਼ਨਾਂ ਵਿੱਚ ਵੰਡਿਆ ਗਿਆ ਹੈ।

ਸੈਕਸ਼ਨ 1 ਵਿੱਚ ਬਾਲ ਸੁਰੱਖਿਆ ਸਮਿਤੀਆਂ ਦੇ ਮੈਂਬਰਾਂ ਜਾਂ ਸਮੁਦਾਏ ਵਿੱਚ ਹੋਰ ਬਾਲਗਾਂ ਨਾਲ ਬਾਲ ਬਦਸਲੂਕੀ ਦੇ ਮੁੱਦੇ ਦੀ ਚਰਚਾ ਕਰਣ ਲਈ ਇਸਤੇਮਾਲ ਕੀਤੇ ਜਾਣ ਵਾਲੇ ਵੱਖ-ਵੱਖ ਢੰਗ ਦਿੱਤੇ ਗਏ ਹਨ।

ਸੈਕਸ਼ਨ 2 ਵਿੱਚ ਬਾਲ ਬਦਸਲੂਕੀ ਬਾਰੇ ਕੁਝ ਤੱਥ ਦਿੱਤੇ ਗਏ ਹਨ ਜਿਹੜੇ ਸਾਰੇ ਬਾਲਗਾਂ ਅਤੇ ਬਾਲ ਸੁਰੱਖਿਆ ਸਮਿਤੀਆਂ ਦੇ ਮੈਂਬਰਾਂ ਨੂੰ ਪਤਾ ਹੋਣੇ ਚਾਹੀਦੇ ਹਨ। ਬੱਚਿਆਂ ਲਈ ਕੀ ਜਾਣਨਾ ਜ਼ਰੂਰੀ ਹੈ, ਇਹ ਬਾਲ ਸਮੂਹਾਂ ਲਈ ਹੈਂਡਬੁੱਕ ਵਿੱਚ ਪੇਸ਼ ਕੀਤਾ ਗਿਆ ਹੈ, ਜਦੋਂ ਕਿ ਇਸ ਦਾ ਥੋੜਾ ਸੰਖੇਪ ਸੈਕਸ਼ਨ 2 ਵਿੱਚ ਵੀ ਦਿੱਤਾ ਗਿਆ ਹੈ।

### ਸੈਕਸ਼ਨ 1: ਲੋਕਾਂ ਨੂੰ ਬਦਸਲੂਕੀ ਬਾਰੇ ਕਿਵੇਂ ਦੱਸਿਆ ਜਾਵੇ ਅਤੇ ਇਸ ਵਿਸ਼ੇ ਬਾਰੇ ਕਿਵੇਂ ਚਰਚਾ ਕੀਤੀ ਜਾਵੇ - ਕੁਝ ਟੂਲ ਅਤੇ ਵਿਧੀਆਂ

ਕਿਉਂਕਿ ਬਦਸਲੂਕੀ ਦਾ ਵਿਸ਼ਾ ਗੁੰਝਲਦਾਰ ਹੁੰਦਾ ਹੈ, ਗੈਰ-ਧਮਕੀ ਭਰੇ ਢੰਗ ਅਤੇ ਟੂਲ ਹੀ ਇਸ ਮੁੱਦੇ ਨੂੰ ਸਮਝਣ ਅਤੇ ਇਸ ਤੇ ਚਰਚਾ ਕਰਣ ਵਿੱਚ ਮਦਦ ਕਰ ਸਕਦੇ ਹਨ। ਕੁਝ ਅਜਿਹੇ ਢੰਗ ਅਤੇ ਟੂਲ ਹੇਠਾਂ ਦਿੱਤੇ ਗਏ ਹਨ:

ਗਤੀਵਿਧੀ 4 -ਇਸ ਵਿਸ਼ੇ ਤੇ ਚਰਚਾ ਕਰਣ ਲਈ ਹਿੰਦੀ ਫਿਲਮਾਂ ਦਾ ਇਸਤੇਮਾਲ ਕਰੋ

ਪ੍ਰਤੀਭਾਗੀਆਂ ਨੂੰ ਕੁਝ ਫਿਲਮਾਂ ਵੇਖਣ ਅਤੇ ਬਦਸਲੂਕੀ ਨੂੰ ਪਛਾਣਨ ਲਈ ਕਿਹਾ ਜਾ ਸਕਦਾ ਹੈ।
ਫਿਰ ਉਹਨਾਂ ਨੂੰ ਇਹਨਾਂ ਬਦਸਲੂਕੀਆਂ ਨੂੰ ਸ਼ਰੀਰਿਕ, ਭਾਵਨਾਤਮਕ, ਅਣਗਹਿਲੀ ਅਤੇ ਯੌਨ ਬਦਸਲੂਕੀ ਵਿੱਚ ਵੰਡਣ ਲਈ ਕਿਹਾ ਜਾ ਸਕਦਾ ਹੈ।

ਸੈਕਸ਼ਨ 2 ਵਿੱਚ ਦਿੱਤੀ ਗਈ ਸਮੱਗਰੀ ਨੂੰ ਚਰਚਾ ਨੂੰ ਅੱਗੇ ਵਧਾਉਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ, ਜਿਸ ਵਿੱਚ ਬਾਲ ਬਦਸਲੂਕੀ ਬਾਰੇ ਮਿਥਕਾਂ ਉੱਤੇ ਚਰਚਾ ਵੀ ਸ਼ਾਮਿਲ ਹੋਵੇ ਅਤੇ ਇਸ ਤੋਂ ਬਾਅਦ ਇਸ ਗੱਲ ਦੀ ਸਪਸ਼ਟ ਸਮਝ ਆ ਜਾਵੇ ਕਿ ਬਦਸਲੂਕੀ ਕੀ ਹੁੰਦੀ ਹੈ, ਬਦਸਲੂਕੀ ਦੇ ਵੱਖ-ਵੱਖ ਰੂਪ ਕੀ ਹਨ, ਬਦਸਲੂਕੀ ਦੇ ਲੱਛਣ ਕੀ ਹੁੰਦੇ ਹਨ ਅਤੇ ਬਦਸਲੂਕੀ ਦੇ ਬੱਚਿਆਂ ਉੱਤੇ ਅਤੇ ਪੂਰੇ ਸਮਾਜ ਉੱਤੇ ਕੀ ਪ੍ਰਭਾਵ ਹੋ ਸਕਦੇ ਹਨ।

ਗਤੀਵਿਧੀ 5 - ਗਰੁੱਪਾਂ ਵਿੱਚ ਚਰਚਾ ਲਈ ਜਾਂ ਪਾਤਰ-ਚਿਤਰਣ ਲਈ ਕੇਸ ਅਧਿਐਨ ਅਤੇ ਕਹਾਣੀਆਂ ਦਾ ਇਸਤੇਮਾਲ ਕਰੋ

ਹੇਠਾਂ ਦਿੱਤੇ ਗਏ ਕੁਝ ਕੇਸ-ਅਧਿਐਨਾਂ ਜਾਂ ਕਹਾਣੀਆਂ ਨੂੰ ਬਾਲ ਬਦਸਲੂਕੀ ਦੇ ਵਿਸ਼ੇ ਤੇ ਚਰਚਾ ਕਰਣ ਲਈ, ਬਦਸਲੂਕੀ ਦੇ ਰੂਪਾਂ ਦੀ ਪਛਾਣ ਕਰਣ ਲਈ, ਇਸ ਦੇ ਪ੍ਰਭਾਵਾਂ ਤੇ ਚਰਚਾ ਕਰਣ ਲਈ ਅਤੇ ਇਸ ਦੇ ਚਿੰਨਾਂ ਅਤੇ ਲੱਛਣਾਂ ਬਾਰੇ ਸਮਝਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

ਇਹਨਾਂ ਕੇਸ ਅਧਿਐਨਾਂ ਨੂੰ ਪਾਤਰ-ਚਿੱਤਰਣ ਲਈ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਆਮ ਤੌਰ ਤੇ ਪਾਤਰ-ਚਿੱਤਰਣ ਨਾਲ ਬਾਲ ਬਦਸਲੂਕੀ ਨਾਲ ਜੁੜੇ ਮਿਥਕਾਂ ਨੂੰ ਤੋੜਨ ਅਤੇ ਤੱਥਾਂ ਨੂੰ ਸਮਝਣ ਲਈ ਚੰਗੀ ਚਰਚਾ ਸ਼ੁਰੂ ਕਰਣ ਵਿੱਚ ਮਦਦ ਮਿਲਦੀ ਹੈ।




ਸਮੂਹਿਕ ਕੰਮ ਲਈ ਸੁਝਾਏ ਗਏ ਕੇਸ ਅਧਿਐਨ

ਕੇਸ ਅਧਿਐਨ 1

ਪੂਜਾ 11 ਸਾਲ ਦੀ ਹੈ। ਜਦੋਂ ਉਹ 8 ਸਾਲ ਦੀ ਸੀ ਤਾਂ ਉਸ ਦੇ ਮਾਤਾ-ਪਿਤਾ ਦੀ ਮੌਤ ਹੋ ਗਈ ਸੀ। ਉਹ ਆਪਣੀ ਚਾਚੀ ਨਾਲ ਗੁਜਰਾਤ ਦੇ ਇੱਕ ਪਿੰਡ ਵਿੱਚ ਰਹਿੰਦੀ ਹੈ। ਉਸ ਦੇ 15 ਅਤੇ 8 ਸਾਲ ਦੀ ਉਮਰ ਦੇ ਦੋ ਭਰਾ ਹਨ ਅਤੇ 4 ਸਾਲ ਦੀ ਇੱਕ ਭੈਣ ਹੈ। ਉਸ ਦੀ ਚਾਚੀ ਅਤੇ 15 ਸਾਲ ਦਾ ਭਰਾ ਸਾਰੇ ਦਿਨ ਲਈ ਕੰਮ ਤੇ ਜਾਂਦੇ ਹਨ ਅਤੇ ਉਸ ਦਾ ਛੋਟਾ ਭਰਾ ਸਕੂਲ ਜਾਂਦਾ ਹੈ, ਅਤੇ ਪੂਜਾ ਘਰ ਵਿੱਚ ਆਪਣੀ ਛੋਟੀ ਭੈਣ ਦੀ ਦੇਖਭਾਲ ਕਰਦੀ ਹੈ। ਉਸ ਦੀ ਚਾਚੀ ਗਰੀਬੀ ਅਤੇ ਥਕਾਵਟ ਦੀ ਆਪਣੀ ਚਿੜ੍ਹ ਪੂਜਾ ਨੂੰ ਕੁੱਟ ਕੇ ਕੱਢਦੀ ਹੈ।

ਇੱਕ ਦਿਨ ਉਸ ਦੀ ਚਾਚੀ ਘਰ ਆਈ ਅਤੇ ਉਸ ਨੇ ਦੇਖਿਆ ਕਿ ਰਾਤ ਦੇ ਖਾਣੇ ਲਈ ਰੱਖਿਆ ਭੋਜਨ ਪੂਜਾ ਨੇ ਖਾ ਲਿਆ ਹੈ। ਉਸ ਦੀ ਚਾਚੀ ਏਨਾ ਨਾਰਾਜ਼ ਹੋਈ ਕਿ ਉਸ ਨੇ ਪੂਜਾ ਦਾ ਸੱਜਾ ਹੱਥ ਉੱਬਲਦੇ ਪਾਣੀ ਵਿੱਚ ਪਾ ਦਿੱਤਾ। ਜ਼ਿਆਦਾ ਜਲ ਜਾਣ ਕਾਰਣ ਉਸ ਨੂੰ ਨੇੜੇ ਦੇ ਸਿਹਤ ਕੇਂਦਰ ਵਿੱਚ ਦਾਖਲ ਕਰਵਾਉਣਾ ਪਿਆ।

ਕੁਟਾਈ ਅਤੇ ਜਲਾਏ ਜਾਣ ਦੇ ਬਾਵਜੂਦ ਪੂਜਾ ਮਹਿਸੂਸ ਕਰਦੀ ਹੈ ਕਿ ਇਸ ਵਿੱਚ ਉਸ ਦੀ ਚਾਚੀ ਦੀ ਕੋਈ ਗਲਤੀ ਨਹੀਂ ਹੈ ਕਿਉਂਕਿ ਉਸ ਦੀ ਚਾਚੀ 'ਤੇ ਗਰੀਬੀ ਅਤੇ ਕੰਮ ਦਾ ਭਾਰ ਹੈ। ਉਹ ਦੂਜੇ ਬੱਚਿਆਂ ਦੀ ਤਰਾਂ ਇਸ ਦਾ ਇਲਜ਼ਾਮ ਕਿਸਮਤ ਨੂੰ ਦਿੰਦੀ ਹੈ।

ਕੇਸ ਅਧਿਐਨ 2

ਸੋਨੂ 8 ਸਾਲ ਦਾ ਹੈ। ਉਸ ਦੇ ਮਾਤਾ-ਪਿਤਾ ਕੰਮ ਤੇ ਜਾਂਦੇ ਹਨ। ਸਕੂਲ ਤੋਂ ਬਾਅਦ ਓਹ ਆਪਣੀ ਚਾਚੀ ਦੇ ਘਰ ਚਲਾ ਜਾਂਦਾ ਹੈ ਅਤੇ ਸ਼ਾਮ ਨੂੰ ਉਸ ਦੀ ਮਾਂ ਜਾਂ ਪਿਤਾ ਜੀ ਉਸ ਨੂੰ ਲੈਣ ਆਓਂਦੇ ਹਨ। ਸੋਨੂ ਦੀ ਚਾਚੀ ਉਸ ਨੂੰ ਜ਼ਿਆਦਾ ਪਸੰਦ ਨਹੀਂ ਕਰਦੀ ਅਤੇ ਇਸ ਲਈ ਓਹ ਉਸ ਦੇ ਨਾਲ ਬਹੁਤ ਘੱਟ ਗੱਲ ਕਰਦੀ ਹੈ।

ਜਦੋਂ ਸੋਨੂ ਅਤੇ ਉਸ ਦੇ ਮਾਤਾ-ਪਿਤਾ ਘਰ ਵਾਪਸ ਆਓਂਦੇ ਹਨ, ਤਾਂ ਓਹ ਖਾਣਾ ਖਾਂਦੇ ਹਨ ਅਤੇ ਸੋਨੂ ਸੌਂ ਜਾਂਦਾ ਹੈ। ਮਾਤਾ-ਪਿਤਾ ਥੱਕੇ ਹੁੰਦੇ ਹਨ ਅਤੇ ਇਸ ਲਈ ਓਹਨਾਂ ਕੋਲ ਸੋਨੂ ਨਾਲ ਸਮਾਂ ਬਿਤਾਓਣ ਲਈ ਊਰਜਾ ਨਹੀਂ ਹੁੰਦੀ।

ਸੋਨੂ ਨੂੰ ਜੋ ਕਿਹਾ ਜਾਂਦਾ ਹੈ, ਆਪਣੇ ਵੱਲੋਂ ਓਹ ਕਰਦਾ ਹੈ। ਜਦੋਂ ਵੀ ਓਹ ਆਪਣੇ ਮਾਤਾ-ਪਿਤਾ ਨਾਲ ਕੋਈ ਗੱਲ ਕਰਣ ਦੀ ਕੋਸ਼ਿਸ਼ ਕਰਦਾ ਹੈ ਜਾਂ ਕੁਝ ਮੰਗਦਾ ਹੈ, ਤਾਂ ਉਸ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ। ਜੇਕਰ ਓਹ ਜ਼ਿੱਦ ਕਰਦਾ ਹੈ, ਤਾਂ ਓਹ ਗੁੱਸਾ ਕਰਦੇ ਹਨ ਅਤੇ ਉਸ ਨੂੰ ਕਹਿੰਦੇ ਹਨ ਕਿ ਜਦੋਂ ਓਹ ਥੱਕੇ ਹੋਣ, ਤਾਂ ਓਹ ਮੂਰਖ ਅਤੇ ਮਤਲਬੀ ਬਣ ਕੇ ਓਹਨਾਂ ਨੂੰ ਤੰਗ ਨਾ ਕਰੇ।

ਓਹ ਉਸ ਦੀ ਗੁਆਂਢੀਆਂ ਦੇ ਮੁੰਡੇ ਨਾਲ ਵੀ ਤੁਲਨਾ ਕਰਦੇ ਹਨ, ਜਿਸ ਦੀ ਓਹ ਹਮੇਸ਼ਾ ਪ੍ਰਸ਼ੰਸਾ ਕਰਦੇ ਹਨ। ਸਕੂਲ ਵਿੱਚ ਸੋਨੂ ਆਮ ਤੌਰ ਤੇ ਚੁੱਪ ਰਹਿੰਦਾ ਹੈ ਅਤੇ ਉਸ ਦੇ ਜ਼ਿਆਦਾ ਦੋਸਤ ਨਹੀਂ ਹਨ। ਬਾਕੀ ਬੱਚੇ ਉਸ ਨੂੰ ਪਾਗਲ ਕਹਿੰਦੇ ਹਨ ਕਿਓਂਕਿ ਓਹ ਜ਼ਿਆਦਾ ਗੱਲ ਨਹੀਂ ਕਰਦਾ। ਨਤੀਜੇ ਵੱਲੋਂ, ਸੋਨੂ ਆਮ ਤੌਰ ਤੇ ਇੱਕਲਾ ਹੀ ਰਹਿੰਦਾ ਹੈ। ਸਕੂਲ ਵਿੱਚ ਅਧਿਆਪਕ ਵੀ ਰੁੱਝੇ ਰਹਿੰਦੇ ਹਨ ਅਤੇ ਹਰ ਸਮੇਂ ਸੋਨੂ ਵੱਲ ਧਿਆਨ ਨਹੀਂ ਦੇ ਸਕਦੇ।

ਕੇਸ ਅਧਿਐਨ 3

ਦਸ ਸਾਲ ਦੀ ਸੁਨੀਤਾ ਪੀਲੇ ਰੰਗ ਦੀ, ਪਤਲੀ ਜਿਹੀ ਸੀ ਅਤੇ ਆਪਣੀ ਉਮਰ ਤੋਂ ਬਹੁਤ ਛੋਟੀ ਦਿਖਦੀ ਸੀ। ਉਸ ਨੇ ਆਮ ਤੌਰ ਤੇ ਫਟੇ ਹੋਏ ਅਤੇ ਗੰਦੇ ਕੱਪੜੇ ਪਹਿਨੇ ਹੁੰਦੇ ਸਨ ਅਤੇ ਉਸ ਦੇ ਘੁੰਗਰਾਲੇ ਵਾਲ ਗੰਦੇ ਰਹਿੰਦੇ ਸਨ। ਉਹ ਘਰ ਤੋਂ ਬਾਹਰ ਘੱਟ ਹੀ ਨਿੱਕਲਦੀ ਸੀ।

ਉਸ ਦੀ ਖਰਾਬ ਸ਼ਰੀਰਿਕ ਹਾਲਤ ਕਾਰਣ, ਸੁਨੀਤਾ ਅਕਸਰ ਬਿਮਾਰ ਰਹਿੰਦੀ ਸੀ ਅਤੇ ਉਸ ਦਾ ਇਲਾਜ ਘੱਟ ਹੀ ਕਰਵਾਇਆ ਜਾਂਦਾ ਸੀ ਅਤੇ ਉਸ ਦੀ ਦੇਖਭਾਲ ਵੀ ਨਹੀਂ ਕੀਤੀ ਜਾਂਦੀ ਸੀ।

ਓਹ ਘਰ ਵਿੱਚ ਆਓਣ ਵਾਲੇ ਮਹਿਮਾਨਾਂ ਨਾਲ ਕੋਈ ਗੱਲ ਨਹੀਂ ਸੀ ਕਰਦੀ ਅਤੇ ਓਹਨਾਂ ਦੀ ਗੱਲ ਦਾ ਜਵਾਬ ਹਾਂ ਜਾਂ ਨਾਂਹ ਵਿੱਚ ਸਿਰ ਹਿਲਾ ਕੇ ਹੀ ਦਿੰਦੀ ਸੀ।

ਪਰ, ਉਸ ਦਾ 9 ਸਾਲ ਦਾ ਭਰਾ ਹਮੇਸ਼ਾ ਸਾਫ਼-ਸੁਥਰਾ, ਤੰਦਰੁਸਤ ਅਤੇ ਖੁਸ਼ ਰਹਿੰਦਾ ਸੀ। ਸੁਨੀਤਾ ਕਦੇ ਨਹੀਂ ਸਮਝ ਸਕੀ ਕਿ ਉਸ ਦੇ ਮਾਪੇ ਸਿਰਫ਼ ਉਸ ਦੇ ਭਰਾ ਨੂੰ ਹੀ ਕਿਓਂ ਪਿਆਰ ਕਰਦੇ ਸਨ। ਜਾਂ ਉਸ ਨੂੰ ਹਮੇਸ਼ਾ ਭੁੱਖਾ ਕਿਓਂ ਰੱਖਿਆ ਜਾਂਦਾ ਸੀ। ਜਾਂ ਉਸ ਨੂੰ ਬਾਹਰ ਜਾਣ ਦੀ, ਖੇਡਣ ਦੀ ਜਾਂ ਗੁਆਂਢ ਵਿੱਚ ਹੋਰ ਬੱਚਿਆਂ ਨਾਲ ਦੋਸਤੀ ਕਰਣ ਦੀ ਆਗਿਆ ਕਿਓਂ ਨਹੀਂ ਸੀ। ਜਾਂ ਜੇਕਰ ਉਸ ਦੀ ਮਾਂ ਨਾਰਾਜ਼ ਹੁੰਦੀ ਸੀ ਤਾਂ ਉਸ ਨੂੰ ਭੁੱਖੇ ਪੇਟ ਕਿਓਂ ਸੌਂਣਾ ਪੈਂਦਾ ਸੀ।

ਕੇਸ ਅਧਿਐਨ 4

ਰਜਨੀ ਦਾ ਪਤੀ ਮਰ ਗਿਆ ਅਤੇ ਉਸ ਨੇ ਦੁਬਾਰਾ ਵਿਆਹ ਕਰਵਾ ਲਿਆ। ਪਹਿਲੇ ਵਿਆਹ ਤੋਂ ਉਸ ਦੀ ਇੱਕ 13 ਸਾਲ ਦੀ ਲੜਕੀ ਨੇਹਾ ਸੀ। ਇੱਕ ਦਿਨ ਰਜਨੀ ਆਪਣੀ ਇੱਕ ਸਹੇਲੀ ਦੇ ਘਰ ਗਈ ਅਤੇ ਪਿੱਛੋਂ ਉਸ ਦੇ ਪਤੀ ਨੇ ਨੇਹਾ ਦਾ ਬਲਾਤਕਾਰ ਕੀਤਾ। ਨੇਹਾ ਗਰਭਵਤੀ ਹੋ ਗਈ। ਜਦੋਂ ਨੇਹਾ ਨੇ ਰਜਨੀ ਨੂੰ ਆਪਣੇ ਗਰਭਵਤੀ ਹੋਣ ਬਾਰੇ ਦੱਸਿਆ ਤਾਂ ਰਜਨੀ ਨੂੰ ਏਨਾ ਗੁੱਸਾ ਆਇਆ ਕਿ ਉਸ ਨੇ ਨੇਹਾ ਨੂੰ ਆਪਣੇ ਪਤੀ ਦੇ ਸਾਹਮਣੇ ਹੀ ਕੁੱਟਿਆ। ਨੇਹਾ ਨੇ ਉਸ ਨੂੰ ਦੱਸਿਆ ਕਿ ਉਸੇ ਨੇ ਉਸ ਦਾ ਬਲਾਤਕਾਰ ਕੀਤਾ ਹੈ। ਪਤੀ ਨੇ ਸਵੀਕਾਰ ਕਰ ਲਿਆ ਅਤੇ ਮਾਫ਼ੀ ਮੰਗ ਲਈ। ਰਜਨੀ ਨੇ ਉਸ ਨੂੰ ਮਾਫ਼ ਕਰ ਦਿੱਤਾ। ਨੇਹਾ ਦਾ ਗਰਭਪਾਤ ਕਰਵਾ ਦਿੱਤਾ ਗਿਆ ਅਤੇ ਇਹ ਮਾਮਲਾ ਦਬਾ ਦਿੱਤਾ ਗਿਆ।

ਬਾਅਦ ਵਿੱਚ, ਇੱਕ ਦਿਨ, ਰਜਨੀ ਆਪਣੀ 10 ਸਾਲ ਦੀ ਧੀ ਨੂੰ ਘਰ ਛੱਡ ਕੇ ਡਾਕਟਰ ਕੋਲ ਗਈ। ਇਸ ਵਾਰ ਉਸ ਦੇ ਪਤੀ ਨੇ ਆਪਣੀ ਹੀ ਬੇਟੀ ਦਾ ਬਲਾਤਕਾਰ ਕੀਤਾ। ਰਜਨੀ ਦੀ ਧੀ ਨੇ ਉਸ ਨੂੰ ਦੱਸਿਆ ਕਿ ਉਸ ਦੇ ਨਾਲ ਕੀ ਹੋਇਆ ਹੈ ਅਤੇ ਦੱਸਿਆ ਕਿ ਉਸ ਦੇ ਪਿਤਾ ਨੇ ਕਿਹਾ ਸੀ, “ਜੇਕਰ ਤੂੰ ਕਿਸੇ ਨੂੰ ਦੱਸਿਆ, ਤਾਂ ਮੈਂ ਤੈਨੂੰ ਮਾਰ ਦੇਵਾਂਗਾ।“

ਕੇਸ ਅਧਿਐਨ 5

ਸਮੀਰਾ 13 ਸਾਲ ਦੀ ਇੱਕ ਕੁੜੀ ਹੈ ਅਤੇ ਉਹ ਇੱਕ ਪਿੰਡ ਦੇ ਇੱਕ ਅਮੀਰ ਪਰਿਵਾਰ ਵਿੱਚ ਇੱਕ ਪੱਕੀ ਨੌਕਰਾਣੀ ਦੇ ਤੌਰ ਤੇ ਕੰਮ ਕਰਦੀ ਹੈ। ਉਹ ਉਸੇ ਪਿੰਡ ਦੇ ਇੱਕ ਗਰੀਬ ਪਰਿਵਾਰ ਦੀ ਕੁੜੀ ਹੈ। ਨੌਕਰੀ ਲੱਗਣ ਦੇ ਸਮੇਂ ਉਸ ਨੂੰ ਤਨਖਾਹ, ਭੋਜਨ ਅਤੇ ਖਾਲੀ ਸਮੇਂ ਵਿੱਚ ਪੜ੍ਹਨ ਦੀ ਆਗਿਆ ਦਾ ਵਾਦਾ ਕੀਤਾ ਗਿਆ ਸੀ। ਜਦੋਂ ਤੋਂ ਉਸ ਨੇ ਕੰਮ ਸ਼ੁਰੂ ਕੀਤਾ, ਉਸ ਨੂੰ ਅਜੇ ਤੱਕ ਤਨਖਾਹ ਨਹੀਂ ਦਿੱਤੀ ਗਈ ਅਤੇ ਜਦੋਂ ਉਹ ਆਪਣੇ ਪੈਸੇ ਮੰਗਦੀ ਹੈ ਤਾਂ ਮਾਲਕ ਉਸ ਨੂੰ ਬੁਰੀ ਤਰਾਂ ਕੁੱਟਦਾ ਹੈ। ਮਾਲਕਣ ਉਸ ਦੀ ਛੋਟੀ ਤੋਂ ਛੋਟੀ ਗਲਤੀ ਤੇ ਵੀ ਉਸ ਨਾਲ ਹਿੰਸਾ ਕਰਦੀ ਹੈ।

ਪੂਰੇ ਘਰ ਵਿੱਚ ਸਮੀਰਾ ਹੀ ਸਵੇਰੇ ਸਭ ਤੋਂ ਪਹਿਲਾਂ ਜਾਗਦੀ ਹੈ ਅਤੇ ਰਾਤ ਨੂੰ ਉਹ ਸਭ ਤੋਂ ਬਾਅਦ ਵਿੱਚ ਸੌਂਦੀ ਹੈ। ਘਰ ਦੇ ਸਾਰੇ ਮੈਂਬਰਾਂ ਦੇ ਖਾਣਾ ਖਾਣ ਤੋਂ ਬਾਅਦ ਹੀ ਉਹ ਖਾਣਾ ਖਾ ਸਕਦੀ ਹੈ। ਕਈ ਵਾਰ ਤਾਂ ਉਸ ਦੇ ਲਈ ਪੂਰਾ ਭੋਜਨ ਵੀ ਨਹੀਂ ਬਚਦਾ। ਉਸ ਕੋਲ ਖਾਲੀ ਸਮਾਂ ਹੁੰਦਾ ਹੀ ਨਹੀਂ ਅਤੇ ਆਰਾਮ ਕਰਣ ਦਾ ਸਮਾਂ ਵੀ ਉਸ ਨੂੰ ਨਹੀਂ ਮਿਲਦਾ।

ਉਸ ਦੇ ਮਾਤਾ-ਪਿਤਾ ਨੂੰ ਦੱਸਿਆ ਜਾਂਦਾ ਹੈ ਕਿ ਉਹ ਚੰਗਾ ਕੰਮ ਨਹੀਂ ਕਰਦੀ ਅਤੇ ਉਸ ਨੂੰ ਰੱਖ ਕੇ ਉਸ ਦੇ ਮਾਲਕ ਉਹਨਾਂ ਤੇ ਅਹਿਸਾਨ ਕਰ ਰਹੇ ਹਨ। ਉਸ ਨੂੰ ਅਨੁਸ਼ਾਸਨ ਸਿਖਾਓਣ ਦੇ ਬਹਾਨੇ ਨਾਲ ਉਸ ਨੂੰ ਆਪਣੇ ਮਾਤਾ-ਪਿਤਾ ਨਾਲ ਵੀ ਮਿਲਣ ਨਹੀਂ ਦਿੱਤਾ ਜਾਂਦਾ।

ਕੁਝ ਸਮੇਂ ਤੋਂ, ਪਰਿਵਾਰ ਦਾ 18 ਸਾਲ ਦਾ ਲੜਕਾ ਉਸ ਦੇ ਨਾਲ ਯੌਨ ਦੁਰਵਿਵਹਾਰ ਕਰਣ ਦੀ ਕੋਸ਼ਿਸ਼ ਕਰ ਰਿਹਾ ਹੈ। ਇੱਕ ਦਿਨ ਉਸ ਨੇ ਉਸ ਨੂੰ ਤੰਗ ਕਰਣ ਦੀ ਕੋਸ਼ਿਸ਼ ਵੀ ਕੀਤੀ। ਉਸ ਨੇ ਆਪਣੀ ਮਾਲਕਣ ਨੂੰ ਦੱਸਣ ਦੀ ਕੋਸ਼ਿਸ਼ ਕੀਤੀ, ਪਰ ਮਾਲਕਣ ਨੇ ਉਸ ਨੂੰ ਕਿਹਾ ਕਿ ਉਹ ਝੂਠੀ ਹੈ ਅਤੇ ਝੂਠੇ ਇਲਜ਼ਾਮ ਲਗਾ ਰਹੀ ਹੈ।

ਕੇਸ ਅਧਿਐਨ 6

ਰਮੇਸ਼ ਦੇ ਦੋਸਤ ਉਸ ਨੂੰ 'ਪਾਗਲ' ਅਤੇ 'ਬੁੱਧੂ' ਬੁਲਾਉਂਦੇ ਹਨ ਅਤੇ ਉਸ ਦਾ ਮਜ਼ਾਕ ਉਡਾਉਂਦੇ ਹਨ ਕਿਉਂਕਿ ਉਸ ਨੂੰ ਕਾਰਾਂ ਅਤੇ ਹਵਾਈ ਜਹਾਜ਼ਾਂ ਦੀ ਥਾਂ ਫੁੱਲ ਅਤੇ ਪੰਛੀ ਚੰਗੇ ਲਗਦੇ ਹਨ। ਉਹ ਇੱਕ ਸ਼ਾਂਤ ਬੱਚਾ ਹੈ ਅਤੇ ਹੋਰ ਲੜਕਿਆਂ ਵਾਲੀਆਂ ਖੇਡਾਂ ਨਹੀਂ ਖੇਡਦਾ। ਸਕੂਲ ਵਿੱਚ, ਉਹ ਹਿਸਾਬ ਦੇ ਵਿਸ਼ੇ ਵਿੱਚ ਚੰਗਾ ਨਹੀਂ ਹੈ।

ਕੇਸ ਅਧਿਐਨ 7

ਚਿੰਟੂ ਇੱਕ 10 ਸਾਲ ਦਾ ਲੜਕਾ ਹੈ ਜੋ ਆਪਣੇ ਮਾਤਾ-ਪਿਤਾ ਅਤੇ ਚਾਚੇ ਨਾਲ ਰਹਿੰਦਾ ਸੀ। ਚਿੰਟੂ ਅਕਸਰ ਆਪਣੇ ਚਾਚੇ ਨੂੰ ਫਿਲਮਾਂ ਵੇਖਦੇ ਹੋਏ ਦੇਖਦਾ ਸੀ ਅਤੇ ਉਹ ਆਪ ਵੀ ਫਿਲਮਾਂ ਵੇਖਣਾ ਚਾਹੁੰਦਾ ਸੀ। ਇੱਕ ਦਿਨ ਚਿੰਟੂ ਦੇ ਚਾਚੇ ਨੇ ਕਿਹਾ ਕਿ ਉਹ ਉਸ ਨੂੰ ਕੁਝ ਖਾਸ ਦਿਖਾਵੇਗਾ ਅਤੇ ਉਹ ਇਹ ਗੱਲ ਕਿਸੇ ਨੂੰ ਨਾ ਦੱਸੇ। ਚਿੰਟੂ ਨੂੰ ਚੰਗਾ ਲੱਗਿਆ। ਫਿਲਮ ਵਿੱਚ ਦੋ ਨੰਗੇ ਆਦਮੀ ਸਨ। ਚਿੰਟੂ ਨੂੰ ਇਹ ਚੰਗਾ ਨਾ ਲੱਗਾ ਅਤੇ ਉਹ ਕਮਰੇ ਤੋਂ ਬਾਹਰ ਚਲਾ ਗਿਆ। ਅਗਲੀ ਵਾਰ ਚਾਚੇ ਨੇ ਉਸ ਨੂੰ ਕੁਝ ਟਾਫੀਆਂ ਦਿੱਤੀਆਂ ਅਤੇ ਉਹ ਉਸ ਨਾਲ ਫਿਲਮ ਦੇਖਣ ਲਈ ਰਾਜ਼ੀ ਹੋ ਗਿਆ। ਫਿਲਮ ਖਤਮ ਹੋਣ ਤੋਂ ਬਾਅਦ ਉਸ ਦੇ ਚਾਚੇ ਨੇ ਉਸ ਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ ਅਤੇ ਹਸਦੇ ਹੋਏ ਉਸ ਨੂੰ ਕਿਹਾ ਕਿ ਉਹ ਹੁਣ ਵੱਡਾ ਹੋ ਗਿਆ ਹੈ ਅਤੇ ਨੰਗੀਆਂ ਫਿਲਮਾਂ ਵੇਖ ਸਕਦਾ ਹੈ। ਚਿੰਟੂ ਨੂੰ ਇਹ ਮਹਿਸੂਸ ਕਰਵਾਇਆ ਗਿਆ ਕਿ ਇਹ ਆਦਤ ਉਸ ਨੂੰ ਆਪਣੇ ਆਪ ਪਈ ਹੈ ਅਤੇ ਇਸ ਲਈ ਉਹ ਕਿਸੇ ਹੋਰ ਨੂੰ ਦੋਸ਼ ਨਾ ਦੇ ਸਕਿਆ।

ਕੇਸ ਅਧਿਐਨ 8

ਸ਼ਬਨਮ 16 ਸਾਲ ਦੀ ਇੱਕ ਸੁੰਦਰ ਲੜਕੀ ਹੈ ਜੋ ਆਪਣੇ ਮਾਤਾ-ਪਿਤਾ ਨਾਲ ਪਿੰਡ ਵਿੱਚ ਰਹਿੰਦੀ ਹੈ। ਉਸ ਨੂੰ ਖੇਤਾਂ ਵਿੱਚ ਜਾਣਾ, ਆਪਣੀਆਂ ਸਹੇਲੀਆਂ ਨਾਲ ਘੁੰਮਣਾ ਅਤੇ ਨਵੇਂ ਫੈਸ਼ਨ ਦੇ ਕੱਪੜੇ ਪਾਉਣਾ ਬਹੁਤ ਪਸੰਦ ਹੈ। ਸ਼ਬਨਮ ਨੂੰ ਜੀਂਸ ਅਤੇ ਸਕਰਟ ਪਾਉਣਾ ਬਹੁਤ ਚੰਗਾ ਲਗਦਾ ਹੈ ਅਤੇ ਉਹ ਹਮੇਸ਼ਾ ਪੱਛਮੀ ਤਰੀਕੇ ਦੇ ਕੱਪੜੇ ਪਾਉਣ ਦੇ ਮੌਕੇ ਲੱਭਦੀ ਹੈ। ਅਜਿਹੇ ਕੱਪੜਿਆਂ ਵਿੱਚ ਉਹ ਬਹੁਤ ਚੰਗੀ ਲਗਦੀ ਹੈ। ਉਸ ਦੇ ਕੁਝ ਲੜਕੇ ਦੋਸਤ ਵੀ ਹਨ ਅਤੇ ਇਹ ਗੱਲ ਉਸ ਦੇ ਕੁਝ ਪੜੋਸੀਆਂ ਨੂੰ ਚੰਗੀ ਨਹੀਂ ਲਗਦੀ।

ਸ਼ਬਨਮ ਦਾ ਇੱਕ ਬੁਆਏਫ੍ਰੈਂਡ ਵੀ ਹੈ ਜਿਸ ਦਾ ਨਾਂ ਕਮਲ ਹੈ ਅਤੇ ਉਹ ਨਦੀ ਪਾਰ ਇੱਕ ਪਿੰਡ ਵਿੱਚ ਰਹਿੰਦਾ ਹੈ। ਰੋਹਿਤ ਅਤੇ ਸਮੀਰ ਉਸ ਦੇ ਹੋਰ ਦੋਸਤ ਹਨ, ਜਿਨਾਂ ਨਾਲ ਉਹ ਬਚਪਨ ਤੋਂ ਖੇਡਦੇ ਹੋਏ ਵੱਡੀ ਹੋਈ ਹੈ। ਕੁਝ ਸਾਲਾਂ ਤੋਂ ਰੋਹਿਤ ਉਸ ਨੂੰ ਪਸੰਦ ਕਰਣ ਲੱਗ ਪਿਆ ਹੈ, ਪਰ ਉਹ ਆਪਣੀਆਂ ਭਾਵਨਾਵਾਂ ਵਿਅਕਤ ਨਹੀਂ ਕਰ ਪਾਇਆ।

ਇੱਕ ਦਿਨ ਸ਼ਬਨਮ ਜਲਦੀ ਉੱਠੀ ਅਤੇ ਉਸ ਨੂੰ ਯਾਦ ਆਇਆ ਕਿ ਉਸ ਦਿਨ ਉਸ ਦੇ ਬੁਆਏਫ੍ਰੈਂਡ ਦਾ ਜਨਮਦਿਨ ਸੀ। ਉਹ ਉਸ ਨੂੰ ਸਰਪ੍ਰਾਈਜ਼ ਦੇਣਾ ਚਾਹੁੰਦੀ ਸੀ, ਇਸ ਲਈ ਉਸ ਨੇ ਇੱਕ ਫੈਸ਼ਨੇਬਲ ਪੱਛਮੀ ਡ੍ਰੇਸ ਪਹਿਨੀ ਜਿਹੜੀ ਉਸ ਨੇ ਖਾਸ ਇਸ ਮੌਕੇ ਲਈ ਸਿਲਵਾਈ ਸੀ। ਉਹ ਬਹੁਤ ਸੁਹਣੀ ਲੱਗ ਰਹੀ ਸੀ। ਉਸ ਨੇ ਆਪਣੇ ਬੁਆਏਫ੍ਰੈਂਡ ਲਈ ਇੱਕ ਤੋਹਫ਼ਾ ਖਰੀਦਿਆ ਅਤੇ ਉਸ ਨੂੰ ਮੁਬਾਰਕਬਾਦ ਦੇਣ ਲਈ ਚੱਲ ਪਈ। ਜਦੋਂ ਉਹ ਨਦੀ ਦੇ ਕਿਨਾਰੇ ਤੇ ਪਹੁੰਚੀ, ਤਾਂ ਉੱਥੇ ਉਸ ਨੂੰ ਨਦੀ ਪਾਰ ਕਰਵਾਉਣ ਵਾਲਾ ਕੋਈ ਵੀ ਨਹੀਂ ਸੀ। ਕਾਫੀ ਇੰਤਜ਼ਾਰ ਤੋਂ ਬਾਅਦ, ਉਸ ਨੂੰ ਇੱਕ ਕਿਸ਼ਤੀ ਵਾਲਾ ਦਿਖਿਆ, ਜਿਹੜਾ ਉਸ ਨੂੰ ਗੰਦੇ ਤਰੀਕੇ ਨਾਲ ਘੂਰੀ ਜਾ ਰਿਹਾ ਸੀ। ਉਹ ਠੀਕ ਨਹੀਂ ਸੀ ਲਗ ਰਿਹਾ, ਪਰ ਸ਼ਬਨਮ ਲਈ ਬੁਆਏਫ੍ਰੈਂਡ ਕੋਲ ਜਾਣਾ ਜ਼ਰੂਰੀ ਸੀ। ਉਸ ਨੇ ਉਸ ਦੇ ਲਈ ਬਹੁਤ ਵੱਡੇ ਸਰਪ੍ਰਾਈਜ਼ ਦੀ ਯੋਜਨਾ ਬਣਾਈ ਸੀ ਅਤੇ ਉਸ ਨੇ ਸੋਚਿਆ ਕਿ ਉਹ ਉਸ ਨੂੰ ਦੇਖ ਕੇ ਬਹੁਤ ਖੁਸ਼ ਹੋਵੇਗਾ। ਹੌਂਸਲਾ ਇੱਕਠਾ ਕਰ ਕੇ, ਉਸ ਨੇ ਕਿਸ਼ਤੀ ਵਾਲੇ ਨੂੰ ਦੱਸਿਆ ਕਿ ਉਸ ਦੇ ਲਈ ਉਸ ਲੜਕੇ ਕੋਲ ਜਾਣਾ ਬਹੁਤ ਜ਼ਰੂਰੀ ਸੀ ਜਿਸ ਦੇ ਨਾਲ ਉਸ ਦਾ ਵਿਆਹ ਹੋਣ ਵਾਲਾ ਹੈ ਅਤੇ ਉਹ ਉਸ ਨੂੰ ਨਦੀ ਪਰ ਕਰਵਾ ਦੇਵੇ। ਆਦਮੀ ਰਾਜ਼ੀ ਹੋ ਗਿਆ, ਪਰ ਅੱਧੇ ਰਸਤੇ ਵਿੱਚ ਹੀ ਉਸ ਨੇ ਸ਼ਬਨਮ ਵੱਲ ਗੰਦੇ ਇਸ਼ਾਰੇ ਕਰਨੇ ਸ਼ੁਰੂ ਕਰ ਦਿੱਤੇ। ਉਸ ਨੇ ਉਸ ਨੂੰ ਧਮਕੀ ਦਿੱਤੀ ਕਿ ਉਹ ਉਸ ਦੀ ਗੱਲ ਮੰਨੇ ਨਹੀਂ ਤਾਂ ਕਿਸ਼ਤੀ ਤੋਂ ਹੇਠਾਂ ਛਾਲ ਮਾਰ ਦੇਵੇ। ਨਦੀ ਬਹੁਤ ਤੇਜ਼ ਵਹਿ ਰਹੀ ਸੀ ਅਤੇ ਜੇਕਰ ਉਹ ਛਾਲ ਮਾਰ ਦਿੰਦੀ ਤਾਂ ਉਸ ਦਾ ਮਰਨਾ ਨਿਸ਼ਚਿਤ ਸੀ। ਆਖਰ, ਉਹ ਉਸ ਦੀ ਗੱਲ ਮੰਨ ਗਈ। ਆਪਣੇ ਬੁਆਏਫ੍ਰੈਂਡ ਦੇ ਘਰ ਪਹੁੰਚ ਕੇ ਉਸ ਨੇ ਉਸ ਨੂੰ ਪੂਰੀ ਗੱਲ ਦੱਸੀ। ਉਹ ਨਾਰਾਜ਼ ਹੋ ਗਿਆ ਅਤੇ ਉਸ ਦੇ ਨਾਲ ਰਿਸ਼ਤਾ ਤੋੜ ਦਿੱਤਾ।

ਸ਼ਬਨਮ ਦਾ ਦਿਲ ਟੁੱਟ ਗਿਆ ਅਤੇ ਉਸ ਨੇ ਸੋਚਿਆ ਕਿ ਉਸ ਦੀ ਜ਼ਿੰਦਗੀ ਬਰਬਾਦ ਹੋ ਗਈ ਹੈ ਕਿਉਂਕਿ ਕੋਈ ਵੀ ਉਸ ਦੇ ਨਾਲ ਵਿਆਹ ਨਹੀਂ ਕਰਵਾਏਗਾ। ਦਰਦ ਉਸ ਦੇ ਚਿਹਰੇ ਤੇ ਝਲਕਦਾ ਸੀ ਪਰ ਉਸ ਨੇ ਆਪਣੇ ਮਾਤਾ-ਪਿਤਾ ਤੋਂ ਛੁਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਆਪਣੇ ਦੋਸਤ ਸਮੀਰ ਨੂੰ ਗੱਲ ਦੱਸੀ, ਪਰ ਸਮੀਰ ਨੇ ਕੁਝ ਵੀ ਨਾ ਕਿਹਾ। ਉਸ ਦੇ ਦੂਜੇ ਦੋਸਤ ਰੋਹਿਤ ਨੇ ਪੂਰੀ ਗੱਲ ਸੁਣਨ ਤੋਂ ਬਾਅਦ ਉਸ ਅੱਗੇ ਵਿਆਹ ਦਾ ਪ੍ਰਸਤਾਵ ਰੱਖਿਆ ਕਿਉਂਕਿ ਉਹ ਉਸ ਨੂੰ ਪਿਆਰ ਕਰਦਾ ਸੀ।

ਜਿਹੜੇ ਵਿਅਕਤੀ ਬਾਲ ਬਦਸਲੂਕੀ ਦੇ ਵਿਸ਼ੇ ਤੇ ਕੰਮ ਕਰਨਾ ਚਾਹੁੰਦੇ ਹਨ, ਉਹਨਾਂ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਇਹ ਕੀ ਹੁੰਦੀ ਹੈ ਅਤੇ ਸਮੁਦਾਵਾਂ ਨੂੰ ਇਸ ਵਿਸ਼ੇ ਤੇ ਸਿੱਖਿਅਤ ਕਰਣ ਲਈ ਓਹਨਾਂ ਕੋਲ ਇਸ ਬਾਰੇ ਹਰ ਜਾਣਕਾਰੀ ਹੋਣੀ ਜ਼ਰੂਰੀ ਹੈ।

ਬਾਲ ਬਦਸਲੂਕੀ ਚੋਟ ਦੇ ਨਿਸ਼ਾਨਾਂ ਅਤੇ ਟੁੱਟੀਆਂ ਹੋਈਆਂ ਹੱਡੀਆਂ ਤੋਂ ਕਿਤੇ ਜ਼ਿਆਦਾ ਹੁੰਦੀ ਹੈ। ਇਹ ਉਦੋਂ ਵੀ ਹੁੰਦੀ ਹੈ, ਜਦੋਂ ਕੋਈ ਕਿਸੇ ਬੱਚੇ ਨੂੰ ਸ਼ਬਦਾਂ, ਇਸ਼ਾਰਿਆਂ ਜਾਂ ਕਾਰਵਾਈ ਦੇ ਪ੍ਰਯੋਗ ਨਾਲ ਦੁਖੀ ਕਰ ਕੇ, ਬੱਚੇ ਨੂੰ ਸ਼ਰਮਸਾਰ ਜਾਂ ਲਾਚਾਰ ਮਹਿਸੂਸ ਕਰਵਾਓਂਦਾ ਹੈ, ਦੁਖੀ ਕਰਦਾ ਹੈ ਜਾਂ ਗੁੱਸਾ ਦਿਲਾਓਂਦਾ ਹੈ।

ਕਿਸੇ ਬੱਚੇ ਨੂੰ ਵੱਖ-ਵੱਖ ਤਰੀਕਿਆਂ ਨਾਲ ਦੁਖੀ ਕੀਤਾ ਜਾ ਸਕਦਾ ਹੈ, ਜਿਸ ਨਾਲ ਬੱਚੇ ਦਾ ਸ਼ਰੀਰ, ਭਾਵਨਾਵਾਂ ਅਤੇ ਸੋਚਾਂ ਪ੍ਰਭਾਵਿਤ ਹੁੰਦੀਆਂ ਹਨ।

- ਬਾਲ ਬਦਸਲੂਕੀ ਕਿਸੇ ਵੀ ਬੱਚੇ ਦੇ ਅੰਦਰ ਮੁੱਢਲੇ ਸਵੈ-ਆਦਰ ਅਤੇ ਮਾਣ, ਆਤਮ-ਵਿਸ਼ਵਾਸ, ਵਾਧੇ ਅਤੇ ਵਿਕਾਸ ਨੂੰ ਪ੍ਰਭਾਵਿਤ ਕਰਦੀ ਹੈ।
- ਜਦੋਂ ਕਿਸੇ ਬੱਚੇ ਨਾਲ ਦੁਰਵਿਵਹਾਰ ਕੀਤਾ ਜਾਂਦਾ ਹੈ ਜਾਂ ਉਸ ਨੂੰ ਚੋਟ ਪਹੁੰਚਾਈ ਜਾਂਦੀ ਹੈ ਅਤੇ ਉਸ ਨੂੰ ਜ਼ਖਮੀ ਹੀ ਛੱਡ ਦਿੱਤਾ ਜਾਂਦਾ ਹੈ, ਜਿਸ ਨਾਲ ਕਿ ਉਸ ਦਾ ਛੋਟੀ ਮਿਆਦ ਦਾ ਜਾਂ ਜ਼ਿੰਦਗੀ ਭਰ ਦਾ ਨੁਕਸਾਨ ਹੋ ਜਾਵੇ ਜਾਂ ਇਸ ਨਾਲ ਉਸ ਦੇ ਵਿਕਾਸ ਵਿੱਚ ਰੁਕਾਵਟ ਆ ਜਾਵੇ ਜਾਂ ਇਸ ਦਾ ਨਤੀਜਾ ਵਿਕਲਾਂਗਤਾ ਜਾਂ ਮੌਤ ਹੋਵੇ, ਤਾਂ ਇਹ ਬਾਲ ਬਦਸਲੂਕੀ ਕਹਾਓਂਦੀ ਹੈ।
- ਇਸ ਨਾਲ ਬੱਚੇ ਦੇ ਸ਼ਰੀਰਿਕ, ਸਮਾਜਕ ਅਤੇ ਮਾਨਸਿਕ ਵਿਕਾਸ ਨੂੰ ਨੁਕਸਾਨ ਪਹੁੰਚਦਾ ਹੈ।
- ਬਦਸਲੂਕੀ ਕਿਸੇ ਬਾਲਗ, ਬੱਚੇ ਦੇ ਆਪਣੇ ਦੋਸਤਾਂ ਜਾਂ ਵੱਡੇ ਬੱਚਿਆਂ ਆਦਿ ਕਿਸੇ ਦੁਆਰਾ ਵੀ ਕੀਤੀ ਜਾ ਸਕਦੀ ਹੈ।
- ਬੱਚਿਆਂ ਨਾਲ ਬਦਸਲੂਕੀ ਕਿਤੇ ਵੀ ਹੋ ਸਕਦੀ ਹੈ। ਇਹ ਘਰ ਦੇ ਅੰਦਰ, ਬਾਹਰ, ਸਕੂਲ ਵਿੱਚ ਜਾਂ ਕਿਸੇ ਵੀ ਹੋਰ ਸੰਸਥਾ ਵਿੱਚ ਕਿਤੇ ਵੀ ਹੋ ਸਕਦੀ ਹੈ।
- ਬਾਲ ਬਦਸਲੂਕੀ ਉਦੋਂ ਵੀ ਵਾਪਰ ਸਕਦੀ ਹੈ, ਜਦੋਂ ਮਾਪੇ ਅਤੇ ਭਾਈਚਾਰੇ ਸੱਭਿਆਚਾਰਕ ਪ੍ਰਥਾਵਾਂ ਦੀ ਪਾਲਣਾ ਕਰਣ ਦੇ ਚੱਕਰ ਵਿੱਚ ਬੱਚਿਆਂ ਦੇ ਖਿਲਾਫ਼ ਕੁਝ ਕਰਦੇ ਹਨ। ਅਕਸਰ ਲੜਕੀਆਂ ਜਾਂ ਅਪਾਹਜ ਬੱਚੇ ਅਜਿਹੀ ਬਦਸਲੂਕੀ ਦਾ ਸ਼ਿਕਾਰ ਹੁੰਦੇ ਹਨ। ਉਦਾਹਰਣ ਲਈ, ਭਾਰਤ ਦੇ ਬਹੁਤ ਸਾਰੇ ਭਾਗਾਂ ਵਿੱਚ ਬੱਚਿਆਂ ਨੂੰ ਖਾਸ ਤੌਰ ਤੇ ਲੜਕੀਆਂ ਨੂੰ ਬਾਲ-ਵਿਆਹ ਲਈ ਮਜਬੂਰ ਕੀਤਾ ਜਾਂਦਾ ਹੈ ਜਾਂ ਲੜਕੀਆਂ ਨੂੰ ਅਕਸਰ ਘਰਾਂ ਦੀ ਸੀਮਾ ਦੇ ਅੰਦਰ ਹੀ ਰੱਖਿਆ ਜਾਂਦਾ ਹੈ. ਭਾਰਤ ਵਿੱਚ ਅਪੰਗਤਾ ਨੂੰ ਅਕਸਰ ਭਗਵਾਨ ਦਾ ਸਰਾਪ ਮੰਨਿਆ ਜਾਂਦਾ ਹੈ, ਜਿਸ ਕਾਰਣ ਉਹਨਾਂ ਨਾਲ ਅਣਗਹਿਲੀ ਅਤੇ ਬਦਸਲੂਕੀ ਹੁੰਦੀ ਹੈ. ਭਾਰਤ ਦੇ ਕੁਝ ਭਾਗਾਂ ਵਿੱਚ ਦੇਵਦਾਸੀ ਦੀ ਪ੍ਰਥਾ ਦੇ ਅਨੁਸਾਰ ਦੇਵੀਆਂ ਅਤੇ ਦੇਵਤਿਆਂ ਨੂੰ ਬੱਚੇ ਸਮਰਪਣ ਕਰਣ ਦੀ ਪਰੰਪਰਾ ਨੂੰ ਮੰਨਣ ਦੀ ਆਗਿਆ ਹੈ।

ਵਿਸ਼ਵ ਸਿਹਤ ਸੰਗਠਨ 18 ਸਾਲ ਦੀ ਉਮਰ ਤੋਂ ਘੱਟ ਦੇ ਕਿਸੇ ਵੀ ਬੱਚੇ ਨਾਲ ਜ਼ਿੰਮੇਵਾਰੀ, ਭਰੋਸੇ ਜਾਂ ਸ਼ਕਤੀ ਦੇ ਇੱਕ ਰਿਸ਼ਤੇ ਦੇ ਸੰਦਰਭ ਵਿੱਚ ਕੀਤੀ ਗਈ ਅਜਿਹੀ ਹਰਕਤ ਨੂੰ ਬਾਲ ਬਦਸਲੂਕੀ ਦਾ ਨਾਂ ਦਿੰਦਾ ਹੈ, ਜਿਸ ਵਿੱਚ ਬੱਚੇ ਨਾਲ ਸਰੀਰਕ ਅਤੇ/ਜਾਂ ਭਾਵਨਾਤਮਕ ਦੁਰਵਿਵਹਾਰ, ਯੌਨ ਬਦਸਲੂਕੀ, ਅਣਗਹਿਲੀ ਜਾਂ ਲਾਪਰਵਾਹ ਵਿਵਹਾਰ ਜਾਂ ਵਪਾਰਕ ਜਾਂ ਹੋਰ ਸ਼ੋਸ਼ਣ ਦੇ ਸਾਰੇ ਰੂਪ ਸ਼ਾਮਿਲ ਹੁੰਦੇ ਹਨ ਅਤੇ ਜਿਸ ਨਾਲ ਬੱਚੇ ਦੀ ਸਿਹਤ, ਜੀਵਨ, ਵਿਕਾਸ ਜਾਂ ਮਾਣ ਨੂੰ ਅਸਲ ਵਿੱਚ ਜਾਂ ਸੰਭਾਵੀ ਨੁਕਸਾਨ ਪਹੁੰਚਦਾ ਹੈ।





## ਬਾਲ ਬਦਸਲੂਕੀ ਅਤੇ ਸ਼ੋਸ਼ਣ ਵਿੱਚ ਕੀ ਅੰਤਰ ਹੈ ?

ਆਮ ਤੌਰ ਤੇ ਬਾਲ ਬਦਸਲੂਕੀ ਅਤੇ ਸ਼ੋਸ਼ਣ ਨੂੰ ਸਮਾਨਾਰਥੀ ਵਰਤਿਆ ਜਾਦਾ ਹੈ। ਚਾਹੇ ਇਹ ਦੋਵੇਂ ਇੱਕੋ ਸਿੱਕੇ ਦੇ ਦੋ ਪਹਿਲੂ ਹਨ, ਪਰ ਫਿਰ ਵੀ ਇਹ ਇੱਕੋ ਵਰਗੇ ਨਹੀਂ ਹਨ।

### ਸਮਝਣ ਅਤੇ ਸਮਾਝਾਉਣ ਵਾਲੀਆਂ ਗੱਲਾਂ

- ਸ਼ੋਸ਼ਣ ਅਤੇ ਬਦਸਲੂਕੀ ਇੱਕੋ ਵਰਗੇ ਨਹੀਂ ਹਨ।
- ਕੁਝ ਵੀ ਹੋਵੇ, ਸ਼ੋਸ਼ਣ ਅਤੇ ਬਦਸਲੂਕੀ ਨੂੰ ਕਿਸੇ ਵੀ ਕੀਮਤ ਤੇ ਸਵੀਕਾਰ ਨਹੀਂ ਕੀਤਾ ਜਾ ਸਕਦਾ।
- ਬਦਸਲੂਕੀ ਸ਼ੋਸ਼ਣ ਦਾ ਨਤੀਜਾ ਹੁੰਦੀ ਹੈ, ਪਰ ਸਾਰੇ ਸ਼ੋਸ਼ਣਾਂ ਦਾ ਨਤੀਜਾ ਬਦਸਲੂਕੀ ਨਹੀਂ ਹੁੰਦੀ।
- ਇਸ ਲਈ ਦੋਹਾਂ ਵਿੱਚ ਅੰਤਰ ਨੂੰ ਸਮਝ ਕੇ ਸਮੱਸਿਆ ਦਾ ਹੱਲ ਕਰਨਾ ਜ਼ਰੂਰੀ ਹੈ।

ਸ਼ੋਸ਼ਣ ਅਤੇ ਬਦਸਲੂਕੀ ਵਿੱਚ ਅੰਤਰ

ਸ਼ੋਸ਼ਣ ≠ ਬਦਸਲੂਕੀ ਸਾਰੀਆਂ ਬਦਸਲੂਕੀਆਂ = ਸ਼ੋਸ਼ਣ

ਆਕਸਫੋਰਡ ਡਿਕਸ਼ਨਰੀ ਦੇ ਅਨੁਸਾਰ, 'ਸ਼ੋਸ਼ਣ' ਦਾ ਅਰਥ ਹੈ -

- ਕਿਸੇ ਦੇ ਕੰਮ ਤੋਂ ਫਾਇਦਾ ਲੈਣ ਲਈ ਉਸ ਨਾਲ ਨਾਵਾਜਬ ਤਰੀਕੇ ਨਾਲ ਵਿਵਹਾਰ ਜਾਂ ਕਾਰਵਾਈ ਕਰਨਾ

- ਆਪਣੇ ਲਈ ਨਾਜਾਇਜ਼ ਫਾਇਦਾ ਹਾਸਲ ਕਰਣ ਲਈ ਕਿਸੇ ਸਥਿਤੀ ਦਾ ਇਸਤੇਮਾਲ ਕਰਣ ਦਾ ਤੱਥ

## ਕੁਝ ਉਦਾਹਰਣਾਂ ਇਸ ਤਰਾਂ ਹਨ -

ਜਦੋਂ ਕੋਈ ਇੱਕ ਵਿਅਕਤੀ ਕਿਸੇ ਵੀ ਦੂਜੇ ਵਿਅਕਤੀ ਦਾ ਕਿਸੇ ਵੀ ਤਰਾਂ ਨਾਲ ਫਾਇਦਾ ਉਠਾ ਰਿਹਾ ਹੋਵੇ, ਤਾਂ ਇਹ ਸ਼ੋਸ਼ਣ ਕਹਾਉਂਦਾ ਹੈ। ਇਸ ਦੇ ਨਿਮਨਲਿਖਿਤ ਮੂਲ ਰੂਪ ਹੋ ਸਕਦੇ ਹਨ:

- ਸਿੱਧੇ ਜਾਂ ਅਸਿੱਧੇ ਤੌਰ ਤੇ ਕਿਸੇ ਨੂੰ ਕੰਮ ਕਰਣ, ਵਿਆਹ ਕਰਣ, ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਆਦਿ ਲਈ ਮਜਬੂਰ ਕਰਨਾ
- ਕਿਸੇ ਦਾ ਉਸ ਦੀ ਇੱਛਾ ਦੇ ਵਿਰੁੱਧ ਜਾਂ ਉਸ ਦੀ ਸਹਿਮਤੀ ਜਾਂ ਜਾਣਕਾਰੀ ਤੋਂ ਬਿਨਾਂ ਇਸਤੇਮਾਲ ਕਰਨਾ
- ਕਿਸੇ ਦੇ ਫਾਇਦੇ ਜਾਂ ਕਿਸੇ ਦੇ ਨੁਕਸਨ ਲਈ ਵੱਖਰਾ ਭਿੰਨਤਾਸੂਚਕ ਵਿਵਹਾਰ ਥੋਪਣਾ

- ਬਾਲ ਮਜ਼ਦੂਰੀ ਸਪਸ਼ਟ ਤੌਰ ਤੇ ਬੱਚਿਆਂ ਦਾ ਆਰਥਿਕ ਸ਼ੋਸ਼ਣ ਹੁੰਦਾ ਹੈ। ਪਰ ਕੰਮ ਕਰਣ ਵਾਲੇ ਸਾਰੇ ਬੱਚਿਆਂ ਨਾਲ ਹਮੇਸ਼ਾ ਦੁਰਵਿਵਹਾਰ ਨਹੀਂ ਕੀਤਾ ਜਾਂਦਾ। ਜਦੋਂ ਇੱਕ ਬਾਲ ਘਰੇਲੂ ਨੌਕਰ ਨੂੰ ਇੱਕ ਦਿਨ ਦੇ ਤਿੰਨ ਸਮੇਂ ਦਾ ਭੋਜਨ ਖਾਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਜਾਂ ਉਸ ਨੂੰ ਕੁੱਟਿਆ ਜਾਂਦਾ ਹੈ, ਤਾਂ ਉਸ ਦਾ ਸ਼ੋਸ਼ਣ ਵੀ ਹੋ ਰਿਹਾ ਹੈ ਅਤੇ ਉਸ ਨਾਲ ਬਦਸਲੂਕੀ ਵੀ ਹੋ ਰਹੀ ਹੈ। ਪਰ ਕਈ ਵਾਰ ਕਈ ਬਾਲ ਘਰੇਲੂ ਨੌਕਰ ਸਾਨੂੰ ਇਹ ਵੀ ਦੱਸਦੇ ਹਨ ਕਿ ਉਹਨਾਂ ਦੇ ਮਾਲਕ ਓਹਨਾਂ ਨਾਲ ਬਹੁਤ ਚੰਗਾ ਵਿਵਹਾਰ ਕਰਦੇ ਹਨ। ਅਜਿਹੀ ਸਥਿਤੀ ਵਿੱਚ, ਕੋਈ ਵੀ ਬਦਸਲੂਕੀ ਨਹੀਂ ਹੁੰਦੀ, ਪਰ ਉਥੇ ਸ਼ੋਸ਼ਣ ਹੁੰਦਾ ਹੈ ਅਤੇ ਬਦਸਲੂਕੀ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

- ਟੀ ਵੀ ਸੀਰੀਅਲ ਬਾਲਿਕਾ ਵਧੂ ਵਿੱਚ ਇੱਕ ਛੋਟੀ ਲੜਕੀ ਦਾ ਇੱਕ ਛੋਟੇ ਲੜਕੇ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ। ਉਸ ਦੇ ਸੱਸ-ਸਹੁਰਾ ਉਸ ਨਾਲ ਬਹੁਤ ਚੰਗਾ ਵਿਵਹਾਰ ਕਰਦੇ ਹਨ। ਪਰ ਉਸ ਦੀ ਦਾਦੀ- ਸੱਸ ਉਸ ਨਾਲ ਭਾਵਨਾਤਮਕ ਅਤੇ ਮੌਖਿਕ ਰੂਪ ਨਾਲ ਬਦਸਲੂਕੀ ਕਰਦੀ ਹੈ। ਸਪਸ਼ਟ ਹੈ, ਕਿ ਬਾਲ ਵਿਆਹ ਸ਼ੋਸ਼ਣ ਦੀ ਇੱਕ ਸਥਿਤੀ ਹੀ, ਜਿੱਥੇ ਦੁਰਵਿਵਹਾਰ ਹੋ ਵੀ ਸਕਦਾ ਹੈ ਅਤੇ ਨਹੀਂ ਵੀ ਹੋ ਸਕਦਾ।

- ਜਦੋਂ ਇੱਕ ਨਾਬਾਲਗ ਵਿਆਹੀ ਕੁੜੀ ਕੋਲ ਆਪਣੇ ਪਤੀ ਨਾਲ ਸਰੀਰਕ ਸੰਬੰਧਾਂ ਲਈ 'ਨਾਂ' ਕਹਿਣ ਦਾ ਕੋਈ ਵੀ ਵਿਕਲਪ ਨਹੀਂ ਹੁੰਦਾ, ਤਾਂ ਇਹ ਯੌਨ ਸ਼ੋਸ਼ਣ ਕਰਣ ਦੇ ਬਰਾਬਰ ਹੁੰਦਾ ਹੈ। ਪਰ ਵਿਆਹ ਤੋਂ ਬਾਅਦ, ਜੇਕਰ ਨਾਬਾਲਗ ਲਾੜੀ ਅਤੇ ਲਾੜੇ ਨੂੰ ਉਦੋਂ ਤੱਕ ਸਰੀਰਕ ਰਿਸ਼ਤੇ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਜਦੋਂ ਤੱਕ ਕਿ ਓਹ ਬਾਲਗ ਨਾ ਹੋ ਜਾਣ, ਤਾਂ ਇਹ ਯੌਨ ਸ਼ੋਸ਼ਣ ਨਹੀਂ ਹੁੰਦਾ, ਜਦੋਂ ਕਿ ਬਾਲ ਵਿਆਹ ਅਜੇ ਵੀ ਸ਼ੋਸ਼ਣ ਦਾ ਹੀ ਇੱਕ ਰੂਪ ਹੁੰਦਾ ਹੈ।

- ਆਓ ਅਸੀਂ ਜਾਤ ਵਿਤਕਰੇ ਦੀ ਮਿਸਾਲ ਲਈਏ. ਜਦੋਂ ਇੱਕ ਦਲਿਤ ਬੱਚੇ ਨੂੰ ਇੱਕ ਮੰਦਰ ਵਿੱਚ ਜਾਣ ਦੀ ਜਾਂ ਖੂਹ ਤੋਂ ਪਾਣੀ ਲੈ ਕੇ ਵਰਤਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਤਾਂ ਉਸ ਨੂੰ ਜਾਤੀ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹ ਸ਼ੋਸ਼ਣ ਦੀ ਸਥਿਤੀ ਵਿੱਚ ਹੈ। ਜਦੋਂ ਅਜਿਹੇ ਬੱਚੇ ਨੂੰ ਖੂਹ ਤੋਂ ਪਾਣੀ ਲੈ ਕੇ ਵਰਤਣ ਲਈ ਜਾਂ ਮੰਦਰ ਵਿੱਚ ਦਾਖਲ ਹੋਣ ਕਾਰਣ ਕੁੱਟਿਆ ਜਾਂਦਾ ਹੈ, ਤਾਂ ਜ਼ਰੂਰ ਹੀ ਇਹ ਸਰੀਰਕ ਬਦਸਲੂਕੀ ਦਾ ਇੱਕ ਮਾਮਲਾ ਹੈ।

- ਇਸ ਦੇ ਨਾਲ ਹੀ, ਜਦੋਂ ਦਲਿਤ ਬੱਚਿਆਂ ਨੂੰ ਜਮਾਤ ਵਿੱਚ ਅਲੱਗ ਬਿਠਾਇਆ ਜਾਂਦਾ ਹੈ ਅਤੇ ਇਸ ਕਾਰਣ ਅਧਿਆਪਕ ਉਹਨਾਂ ਵੱਲ ਅਣਗਹਿਲੀ ਕਰਦੇ ਹਨ ਅਤੇ ਇਸ ਨਾਲ ਉਹਨਾਂ ਦੇ ਮਾਣ ਨੂੰ ਵੀ ਠੇਸ ਪਹੁੰਚਦੀ ਹੈ, ਤਾਂ ਸਪਸ਼ਟ ਤੌਰ ਤੇ ਇਹ ਇੱਕ ਸ਼ੋਸ਼ਣਕਾਰੀ ਸਥਿਤੀ ਹੈ ਅਤੇ ਇਹ ਬਦਸਲੂਕੀ ਵਿੱਚ ਵੀ ਬਦਲ ਜਾਂਦੀ ਹੈ। ਦਲਿਤ ਬੱਚਿਆਂ ਦਾ ਜਾਤ-ਵਿਤਕਰੇ ਕਾਰਣ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਬੇਇੱਜ਼ਤੀ ਮਹਿਸੂਸ ਕਰਵਾਓਣ ਦਾ ਨਤੀਜਾ ਭਾਵਨਾਤਮਕ ਅਤੇ ਮਾਨਸਿਕ ਬਦਸਲੂਕੀ ਹੁੰਦੀ ਹੈ।





### ਕਿਸ ਬੱਚੇ ਨਾਲ ਬਦਸਲੂਕੀ ਹੁੰਦੀ ਹੈ ?

18 ਸਾਲ ਦੀ ਉਮਰ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨਾਲ ਬਦਸਲੂਕੀ ਹੋ ਸਕਦੀ ਹੈ। ਬਦਸਲੂਕੀ ਕਿਸੇ ਲੜਕੇ ਜਾਂ ਲੜਕੀ ਕਿਸੇ ਨਾਲ ਵੀ ਹੋ ਸਕਦੀ ਹੈ। ਬੱਚਾ ਅਮੀਰ ਜਾਂ ਗਰੀਬ ਕਿਸੇ ਵੀ ਪਰਿਵਾਰ ਦਾ ਹੋ ਸਕਦਾ ਹੈ। ਉਹ ਆਪਣੇ ਮਾਪਿਆਂ ਨਾਲ ਜਾਂ ਇਕੱਲਾ, ਕਿਸੇ ਬੋਰਡਿੰਗ ਸਕੂਲ ਵਿੱਚ ਜਾਂ ਹੋਸਟਲ ਜਾਂ ਕਿਸੇ ਹੋਰ ਸੰਸਥਾ ਵਿੱਚ ਵੀ ਰਹਿ ਰਿਹਾ ਹੋ ਸਕਦਾ ਹੈ।

ਕਿਸੇ ਵੀ ਬੱਚੇ ਨਾਲ ਬਦਸਲੂਕੀ ਹੋ ਸਕਦੀ ਹੈ; ਇੱਥੋਂ ਤੱਕ ਕਿ ਕਿਸੇ ਨਵ-ਜੰਮੇ ਬੱਚੇ ਨਾਲ ਵੀ। ਉਦਾਹਰਣ ਲਈ, ਬੱਚੇ ਨੂੰ ਜ਼ਿਆਦਾ ਜ਼ੋਰ ਨਾਲ ਝਟਕਾਓਣ ਤੇ ਉਸ ਦੀ ਗਰਦਨ ਟੁੱਟਣ ਜਾਂ ਉਸ ਦੇ ਸਰੀਰ ਦੇ ਕਿਸੇ ਵੀ ਹੋਰ ਭਾਗ ਨੂੰ ਨੁਕਸਾਨ ਪਹੁੰਚਾਓਣ ਨੂੰ "Shaken Baby Syndrome" ਕਿਹਾ ਜਾਂਦਾ ਹੈ। ਇਹ ਕਈ ਵਾਰ ਕੁਝ ਦਿਨਾਂ ਦੇ ਜਾਂ ਕੁਝ ਮਹੀਨਿਆਂ ਦੇ ਬੱਚੇ ਨਾਲ ਵੀ ਹੋ ਸਕਦਾ ਹੈ।

ਬਾਲ ਬਦਸਲੂਕੀ ਉਦੋਂ ਵੀ ਹੁੰਦੀ ਹੈ, ਜਦੋਂ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਹਨ, ਅਤੇ ਕੇਵਲ ਉਹਨਾਂ ਨੂੰ ਅਨੁਸ਼ਾਸਨ ਵਿੱਚ ਰੱਖਣਾ ਚਾਹੁੰਦੇ ਹਨ।

ਬਾਲ ਬਦਸਲੂਕੀ ਉਦੋਂ ਵੀ ਹੁੰਦੀ ਹੈ, ਜਦੋਂ ਮਾਤਾ-ਪਿਤਾ ਅਤੇ ਸਮੁਦਾਏ ਕੇਵਲ ਕੁਝ ਸਭਿਆਚਾਰਕ ਪ੍ਰਥਾਵਾਂ ਦਾ ਪਾਲਣ ਕਰ ਰਹੇ ਹੁੰਦੇ ਹਨ ਅਤੇ ਇਸ ਕਾਰਣ ਲੜਕੀਆਂ ਜਾਂ ਵਿਕਲਾਂਗ ਬੱਚਿਆਂ ਨਾਲ ਕੁਝ ਵਿਤਕਰੇ ਹੋ ਜਾਂਦੇ ਹਨ।

ਉਦਾਹਰਣ ਲਈ, ਭਾਰਤ ਦੇ ਬਹੁਤ ਸਾਰੇ ਭਾਗਾਂ ਵਿੱਚ, ਬੱਚਿਆਂ ਖਾਸ ਤੌਰ ਤੇ ਲੜਕੀਆਂ ਨੂੰ ਬਾਲ ਵਿਆਹ ਲਈ ਮਜਬੂਰ ਕਰਨਾ ਜਾਂ ਲੜਕੀਆਂ ਨੂੰ ਅਕਸਰ ਘਰ ਦੀ ਸੀਮਾ ਦੇ ਅੰਦਰ ਰਹਿਣ ਲਈ ਮਜਬੂਰ ਕਰਨਾ ਆਮ ਹੈ। ਭਾਰਤ ਵਿੱਚ, ਅਪੰਗਤਾ ਨੂੰ ਅਕਸਰ ਰੱਬ ਦਾ ਸਰਾਪ ਮੰਨਿਆ ਜਾਂਦਾ ਹੈ, ਜਿਸ ਕਾਰਣ ਉਹਨਾਂ ਨਾਲ ਅਣਗਹਿਲੀ ਅਤੇ ਬਦਸਲੂਕੀ ਹੁੰਦੀ ਹੈ, ਭਾਰਤ ਦੇ ਕੁਝ ਭਾਗਾਂ ਵਿੱਚ, ਦੇਵਦਾਸੀ ਪਰੰਪਰਾ ਦੇ ਨਾਂ ਤੇ ਬੱਚਿਆਂ ਨੂੰ ਦੇਵੀ ਅਤੇ ਦੇਵਤਿਆਂ ਨੂੰ ਸਮਰਪਿਤ ਕਰਣ ਦੀ ਆਗਿਆ ਹੈ।

### ਬਦਸਲੂਕੀ ਕੌਣ ਕਰ ਸਕਦਾ ਹੈ ?

ਬਦਸਲੂਕੀ ਕਰਣ ਵਾਲਾ ਕਿਸੇ ਇੱਕ ਕਿਸਮ ਜਾਂ ਸ਼੍ਰੇਣੀ ਦਾ ਨਹੀਂ ਹੋ ਸਕਦਾ। ਉਹ ਕਿਸੇ ਵੀ ਸ਼੍ਰੇਣੀ, ਜਾਤ, ਧਰਮ ਜਾਂ ਨਸਲੀ ਸਮੂਹ ਆਦਿ ਦਾ ਹੋ ਸਕਦਾ ਹੈ। ਕੋਈ ਵੀ ਆਦਮੀ, ਔਰਤ ਜਾਂ ਬੱਚਾ ਵੀ ਬਦਸਲੂਕੀ ਕਰ ਸਕਦਾ ਹੈ।


Man


Woman


Child

ਕਈ ਵਾਰ, ਬਾਲਗ/ਮਾਤਾ-ਪਿਤਾ ਸੋਚਦੇ ਹਨ ਕਿ ਉਹ ਜ਼ਿਆਦਾ ਸਮਝਦਾਰ ਹਨ ਅਤੇ ਉਹ ਬੱਚਿਆਂ ਤੋਂ ਉਮੀਦ ਕਰਦੇ ਹਨ, ਕਿ ਉਹ ਉਹੋ ਹੀ ਕਰਣ ਜੋ ਉਹ ਕਹਿੰਦੇ ਹਨ। ਉਦਾਹਰਣ ਲਈ, ਉਹ ਬੱਚੇ ਤੇ ਪੜ੍ਹਾਈ ਲਈ ਜ਼ੋਰ ਪਾ ਸਕਦੇ ਹਨ, ਜਿਸ ਦਾ ਨਤੀਜਾ ਤਨਾਵ, ਨਸ਼ਾ ਅਤੇ ਖੁਦਕੁਸ਼ੀ ਹੋ ਸਕਦੀ ਹੈ।

### ਬੱਚਾ ਬਦਸਲੂਕੀ ਨੂੰ ਕਿਵੇਂ ਸਮਝਦਾ ਹੈ ?

ਬਦਕਿਸਮਤੀ ਨਾਲ, ਕਈ ਵਾਰ, ਬੱਚੇ ਜਾਣਦੇ ਹੀ ਨਹੀਂ, ਕਿ ਬਦਸਲੂਕੀ ਕੀ ਹੁੰਦੀ ਹੈ। ਨਤੀਜੇ ਵਜੋਂ, ਜੇਕਰ ਉਹਨਾਂ ਨਾਲ ਬਦਸਲੂਕੀ ਹੁੰਦੀ ਵੀ ਹੈ, ਤਾਂ ਵੀ ਉਹ ਕਿਸੇ ਨੂੰ ਨਹੀਂ ਦੱਸਦੇ ਅਤੇ ਚੁੱਪ ਰਹਿੰਦੇ ਹਨ। ਬਦਸਲੂਕੀ ਅਤੇ ਸੁਰੱਖਿਆ ਬਾਰੇ ਬੱਚਿਆਂ ਨਾਲ ਗੱਲ ਕਰਣ ਦੀ ਬਾਲਗਾਂ ਦੀ ਝਿਜਕ ਕਿਸੇ ਵੀ ਬੱਚੇ ਨੂੰ ਬਦਸਲੂਕੀ ਦਾ ਸੌਖਾ ਸ਼ਿਕਾਰ ਬਣਾ ਸਕਦੀ ਹੈ।

ਕਿਸੇ ਬੱਚੇ ਨਾਲ ਬਦਸਲੂਕੀ ਹੋਣ ਤੇ ਉਸ ਦੇ ਦਿਮਾਗ ਵਿੱਚ ਆਉਣ ਵਾਲੇ ਪ੍ਰਸ਼ਨ:

- ਮੇਰੇ ਨਾਲ ਕੀ ਹੋ ਗਿਆ ਹੈ ?
- ਕੀ ਇਹ ਸਹੀ ਸੀ ਜਾਂ ਗਲਤ ਸੀ ?
- ਇਹ ਕਿਓਂ ਹੋਇਆ ?ਕੀ ਇਸ ਵਿੱਚ ਮੇਰਾ ਕੋਈ ਕਸੂਰ ਸੀ ?
- ਕੀ ਮੈਂ ਕਿਸੇ ਨੂੰ ਦੱਸ ਸਕਦਾ ਹਾਂ ?
- ਕੀ ਮੈਨੂੰ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ - ਮੈਨੂੰ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ ?
- ਜੇਕਰ ਮੈਂ ਇਸ ਬਾਰੇ ਗੱਲ ਕਰਾਂਗਾ, ਤਾਂ ਮੇਰੇ ਪਰਿਵਾਰ ਦੀ ਇਸ ਬਾਰੇ ਕੀ ਪ੍ਰਤੀਕਿਰਿਆ ਹੋਵੇਗੀ ?
- ਜਦੋਂ ਲੋਕਾਂ ਨੂੰ ਪਤਾ ਚੱਲੇਗਾ, ਤਾਂ ਉਹ ਮੇਰੇ ਬਾਰੇ ਕੀ ਸੋਚਣਗੇ ਜਾਂ ਕਹਿਣਗੇ ?
- ਕੀ ਹਰ ਕੋਈ ਮੈਨੂੰ ਹੀ ਦੋਸ਼ੀ ਠਹਿਰਾਵੇਗਾ ?
- ਮੈਂ ਕਿਸ ਤੇ ਵਿਸ਼ਵਾਸ ਕਰ ਸਕਦਾ ਹਾਂ ? ਮੈਨੂੰ ਕਿਸੇ ਨਾਲ ਕਿਵੇਂ ਸੰਪਰਕ ਕਰਨਾ ਚਾਹੀਦਾ ਹੈ ?
- ਕੀ ਕੋਈ ਮੇਰੇ ਤੇ ਵਿਸ਼ਵਾਸ ਕਰੇਗਾ ਅਤੇ ਮੇਰੀ ਮਦਦ ਕਰੇਗਾ ?
- ਕੀ ਮੈਨੂੰ ਇਸ ਬਾਰੇ ਚੁੱਪ ਰਹਿਣਾ ਚਾਹੀਦਾ ਹੈ ਅਤੇ ਕਿਸੇ ਨੂੰ ਕੁਝ ਨਹੀਂ ਦੱਸਣਾ ਚਾਹੀਦਾ ? ਜਦੋਂ ਲੋਕਾਂ ਨੂੰ ਪਤਾ ਚੱਲੇਗਾ, ਤਾਂ ਉਹ ਮੇਰੇ ਬਾਰੇ ਕੀ ਸੋਚਣਗੇ ਜਾਂ ਕਹਿਣਗੇ ?
- ਕੀ ਹਰ ਕੋਈ ਮੈਨੂੰ ਹੀ ਦੋਸ਼ੀ ਠਹਿਰਾਵੇਗਾ ?
- ਮੈਂ ਕਿਸ ਤੇ ਵਿਸ਼ਵਾਸ ਕਰ ਸਕਦਾ ਹਾਂ ? ਮੈਨੂੰ ਕਿਸੇ ਨਾਲ ਕਿਵੇਂ ਸੰਪਰਕ ਕਰਨਾ ਚਾਹੀਦਾ ਹੈ ?
- ਕੀ ਕੋਈ ਮੇਰੇ ਤੇ ਵਿਸ਼ਵਾਸ ਕਰੇਗਾ ਅਤੇ ਮੇਰੀ ਮਦਦ ਕਰੇਗਾ ?
- ਕੀ ਮੈਨੂੰ ਇਸ ਬਾਰੇ ਚੁੱਪ ਰਹਿਣਾ ਚਾਹੀਦਾ ਹੈ ਅਤੇ ਕਿਸੇ ਨੂੰ ਕੁਝ ਨਹੀਂ ਦੱਸਣਾ ਚਾਹੀਦਾ ?

ਬਾਲ ਬਦਸਲੂਕੀ ਦੇ ਪ੍ਰਭਾਵ ਕਿਸੇ ਬੱਚੇ ਲਈ ਛੋਟੀ ਮਿਆਦ ਲਈ ਜਾਂ ਜ਼ਿੰਦਗੀ ਭਰ ਲਈ ਨੁਕਸਾਨ ਦਾ ਕਾਰਣ ਬਣ ਸਕਦੇ ਹਨ

ਬਾਲ ਬਦਸਲੂਕੀ ਨਾਲ ਹੇਠਾਂ ਲਿਖੇ ਸਾਰੇ ਜਾਂ ਇਹਨਾਂ ਵਿਚੋਂ ਕੁਝ ਨਤੀਜੇ ਹੋ ਸਕਦੇ ਹਨ:

(੧) ਸ਼ਰੀਰਿਕ ਚੋਟ

(੨) ਅਣਗਹਿਲੀ ਦਾ ਵਿਵਹਾਰ ਜਾਂ ਦੁਰਾਚਾਰ

(੩) ਮਨੋਵਿਗਿਆਨਕ ਅਤੇ ਭਾਵਨਾਤਮਕ ਨੁਕਸਾਨ ਜਾਂ ਮੌਖਿਕ ਬਦਸਲੂਕੀ

(੪) ਯੌਨ ਬਦਸਲੂਕੀ

(੫) ਤਸਕਰੀ

(੬) ਆਰਥਿਕ ਸ਼ੋਸ਼ਣ

(੭) ਬਾਲ ਵਿਆਹ

(੮) ਸ਼ਰੀਰਿਕ ਦੰਡ

ਬਾਲ ਸ਼ੋਸ਼ਣ ਦੇ ਕੁਝ ਪ੍ਰਭਾਵ ਹਨ:

(੯) ਸ਼ਰੀਰਿਕ ਹਾਨੀ

(੧੦) ਸਿਹਤ ਤੇ ਲੰਬੇ ਸਮੇਂ ਤੱਕ ਹੋਣ ਵਾਲੇ ਬੁਰੇ ਪ੍ਰਭਾਵ

(੧੧) ਬੁਨਿਆਦੀ ਸਵੈ-ਆਦਰ, ਮਾਣ, ਅਤੇ ਆਤਮ-ਵਿਸ਼ਵਾਸ ਦਾ ਨੁਕਸਾਨ। ਇਸ ਨਾਲ ਬੱਚਾ ਅਪ੍ਰਿਅ, ਅਣਚਾਹਿਆ ਅਤੇ ਫਜ਼ੂਲ ਮਹਿਸੂਸ ਕਰਦਾ ਹੈ।

(੧੨) ਮਾਨਸਿਕ, ਸਮਾਜਿਕ ਅਤੇ ਇੱਥੋਂ ਤੱਕ ਕਿ ਸਰੀਰਕ ਵਾਧੇ ਅਤੇ ਵਿਕਾਸ ਉੱਤੇ ਲੰਬੀ ਅਵਧੀ ਦੇ ਪ੍ਰਭਾਵ

ਸੰਖੇਪ ਵਿੱਚ -

ਸ਼ੋਸ਼ਣ ਦੇ ਵਿਰੁੱਧ ਲੜਾਈ ਬਦਸਲੂਕੀ ਦੀ ਰੋਕਥਾਮ ਵਿੱਚ ਮਦਦ ਕਰੇਗੀ ਕਿਓਂਕਿ:

ਬਾਲ ਬਦਸਲੂਕੀ ਦੀ ਸੰਭਾਵਨਾ ਉਦੋਂ ਅਧਿਕ ਹੁੰਦੀ ਹੈ ਜਦੋਂ ਕੋਈ ਬੱਚਾ ਸ਼ੋਸ਼ਣਕਾਰੀ ਸਥਿਤੀਆਂ ਵਿੱਚ ਰਹਿ ਰਿਹਾ ਹੋਵੇ, ਚਾਹੇ ਬੱਚਿਆਂ ਨਾਲ ਹਰ ਸ਼ੋਸ਼ਣਕਾਰੀ ਸਥਿਤੀ ਵਿੱਚ ਬਦਸਲੂਕੀ ਨਾ ਹੁੰਦੀ ਹੋਵੇ।

## ਬਾਲ ਬਦਸਲੂਕੀ ਬਾਰੇ ਕੁਝ ਮਿਥਕ ਅਤੇ ਤੱਥ

ਮਿਥਕ : ਜੇਕਰ ਹਿੰਸਾ ਹੋਵੇ, ਤਾਂ ਹੀ ਇਹ ਬਦਸਲੂਕੀ ਕਹਾਉਂਦੀ ਹੈ।

ਤੱਥ : ਸ਼ਰੀਰਕ ਬਦਸਲੂਕੀ ਦੁਰਵਿਵਹਾਰ ਦਾ ਕੇਵਲ ਇੱਕ ਰੂਪ ਹੈ। ਭਾਵਨਾਤਮਕ ਦੁਰਵਿਵਹਾਰ, ਯੌਨ ਦੁਰਵਿਵਹਾਰ ਅਤੇ ਅਣਗਹਿਲੀ ਦੁਆਰਾ ਵੀ ਬੱਚਿਆਂ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਆਮ ਤੌਰ ਤੇ ਅਜਿਹੇ ਦੁਰਵਿਵਹਾਰ ਨਜ਼ਰ ਵਿੱਚ ਨਹੀਂ ਆਉਂਦੇ ਅਤੇ ਨਤੀਜੇ ਵਜੋਂ, ਇਹਨਾਂ ਕੇਸਾਂ ਵਿੱਚ ਕਾਰਵਾਈ ਘੱਟ ਹੀ ਕੀਤੀ ਜਾਂਦੀ ਹੈ।

ਮਿਥਕ : ਕੇਵਲ ਬੁਰੇ ਲੋਕ ਹੀ ਆਪਣੇ ਬੱਚਿਆਂ ਨਾਲ ਦੁਰਵਿਵਹਾਰ ਕਰਦੇ ਹਨ।

ਤੱਥ: ਬਾਲ ਦੁਰਵਿਵਹਾਰ ਕਿਸੇ ਵੀ ਭਾਗ, ਜਾਤ, ਸ਼੍ਰੇਣੀ, ਜਾਂ ਚੰਗੇ ਅਤੇ ਬੁਰੇ ਲੋਕਾਂ ਤੱਕ ਹੀ ਸੀਮਿਤ ਨਹੀ ਹੈ। ਬਾਲ ਦੁਰਵਿਵਹਾਰ ਬਹੁਤ ਆਮ ਹੈ ਅਤੇ ਕਿਤੇ ਵੀ ਵੇਖਿਆ ਜਾ ਸਕਦਾ ਹੈ। ਉਦਾਹਰਣ ਲਈ, ਅਮੀਰ ਲੋਕ ਵੀ ਆਪਣੇ ਬੱਚਿਆਂ ਨੂੰ ਕੁੱਟਦੇ ਹਨ। ਅਮੀਰ ਅਤੇ ਗਰੀਬ ਦੋਵੇਂ ਤਰਾਂ ਦੇ ਪਰਿਵਾਰਾਂ ਦੇ ਬੱਚੇ ਨਜ਼ਰਅੰਦਾਜ਼ ਮਹਿਸੂਸ ਕਰਦੇ ਹਨ। ਵੱਖ-ਵੱਖ ਆਰਥਿਕ ਸੈਟਿੰਗ ਅਤੇ ਰੁਤਬੇ ਦੇ ਲੋਕ ਅਕਸਰ ਬੱਚਿਆਂ ਨੂੰ ਘਰੇਲੂ ਵਰਕਰ ਦੀ ਨੌਕਰੀ ਤੇ ਰੱਖਦੇ ਹਨ ਅਤੇ ਇਹਨਾਂ ਬੱਚਿਆਂ ਨਾਲ ਓਹਨਾਂ ਦੇ ਮਾਲਕਾਂ ਦੁਆਰਾ ਦੁਰਵਿਵਹਾਰ ਕੀਤਾ ਜਾਂਦਾ ਹੈ।

ਮਿਥਕ : "ਚੰਗੇ" ਪਰਿਵਾਰਾਂ ਵਿੱਚ ਬਾਲ ਦੁਰਵਿਵਹਾਰ ਨਹੀਂ ਹੁੰਦਾ।

ਤੱਥ : ਬਾਲ ਦੁਰਵਿਵਹਾਰ ਗਰੀਬ ਪਰਿਵਾਰਾਂ ਅਤੇ ਬੁਰੇ ਪੜੋਸ ਤੱਕ ਹੀ ਸੀਮਿਤ ਨਹੀਂ ਹੈ। ਇਹ ਸਭ ਨਸਲੀ, ਆਰਥਿਕ ਅਤੇ ਸਭਿਆਚਾਰਕ ਲਾਈਨਾਂ ਵਿੱਚ ਫੈਲਿਆ ਹੋਇਆ ਹੈ। ਕਈ ਵਾਰ ਪਰਿਵਾਰ ਦੇ ਮਾਣ ਅਤੇ ਇੱਜ਼ਤ ਦੀ ਖਾਤਰ ਬਾਲ ਦੁਰਵਿਵਹਾਰ ਨੂੰ ਛੁਪਾ ਲਿਆ ਜਾਂਦਾ ਹੈ।

ਮਿਥਕ : ਬੱਚਿਆਂ ਨਾਲ ਬਦਸਲੂਕੀ ਕਰਣ ਵਾਲੇ ਜ਼ਿਆਦਾਤਰ ਵਿਅਕਤੀ ਅਜਨਬੀ ਹੁੰਦੇ ਹਨ।

ਤੱਥ: ਅਜਨਬੀਆਂ ਦੁਆਰਾ ਬਦਸਲੂਕੀ ਦੇ ਕੇਸ ਵੀ ਹੁੰਦੇ ਹਨ। ਪਰ ਅਧਿਐਨਾਂ ਦੇ ਅਨੁਸਾਰ, ਬਦਸਲੂਕੀ ਦੇ 90% ਕੇਸਾਂ ਵਿੱਚ, ਬਦਸਲੂਕੀ ਜਾਣ-ਪਹਿਚਾਣ ਦੇ ਵਿਅਕਤੀਆਂ ਦੁਆਰਾ ਕੀਤੀ ਜਾਂਦੀ ਹੈ।

ਮਿਥਕ : ਜੋ ਬਦਸਲੂਕੀ ਬੱਚੇ ਨਾਲ ਹੁੰਦੀ ਹੈ, ਉਸ ਦੇ ਲਈ ਉਹ ਆਪ ਜ਼ਿੰਮੇਵਾਰ ਹੁੰਦਾ ਹੈ

ਤੱਥ: ਕੋਈ ਵੀ ਬੱਚਾ ਆਪਣੇ ਨਾਲ ਹੁੰਦੀ ਬਦਸਲੂਕੀ ਲਈ ਆਪ ਜ਼ਿੰਮੇਵਾਰ ਨਹੀਂ ਹੁੰਦਾ। ਬਦਸਲੂਕੀ ਦੀ ਜ਼ਿੰਮੇਵਾਰੀ ਪੂਰੀ ਤਰਾਂ ਬਦਸਲੂਕੀ ਕਰਣ ਵਾਲੇ ਦੀ ਹੁੰਦੀ ਹੈ। ਯੌਨ ਦੁਰਵਿਵਹਾਰ ਦੇ ਕੇਸ ਵਿੱਚ, ਅਕਸਰ ਦੋਸ਼ੀ ਆਪਣੀਆਂ ਹਰਕਤਾਂ ਦਾ ਦੋਸ਼ ਬੱਚੇ ਤੇ ਸੁੱਟਣ ਦੀ ਕੋਸ਼ਿਸ਼ ਕਰਦੇ ਹਨ, ਖਾਸ ਤੌਰ ਤੇ ਜੇਕਰ ਇਹ ਕਿਸ਼ੋਰ ਲੜਕੀਆਂ ਦਾ ਮਾਮਲਾ ਹੋਵੇ।

ਮਿਥਕ : ਜਿਨਾਂ ਬੱਚਿਆਂ ਨੇ ਬਦਸਲੂਕੀ ਦਾ ਸਾਹਮਣਾ ਕੀਤਾ ਹੋਵੇ, ਓਹ ਵੱਡੇ ਹੋ ਕੇ ਪਿਆਰ ਕਰਣ ਵਾਲੇ ਅਤੇ ਚੰਗੀ ਦੇਖਭਾਲ ਕਰਣ ਵਾਲੇ ਮਾਪੇ ਬਣਦੇ ਹਨ, ਕਿਓਂਕਿ ਓਹਨਾਂ ਨੇ ਆਪ ਦੁੱਖ ਸਹਿਆ ਹੁੰਦਾ ਹੈ





# ਬਦਸਲੂਕੀ ਦੇ ਰੂਪ

## ਸ਼ਰੀਰਿਕ ਬਦਸਲੂਕੀ

ਬੱਚਿਆਂ ਨੂੰ ਅਕਸਰ ਸ਼ਰੀਰਿਕ ਦੰਡ ਦਿੱਤਾ ਜਾਂਦਾ ਹੈ। ਅਜਿਹੀ ਸਜ਼ਾ ਓਹਨਾਂ ਨੂੰ ਅਕਸਰ ਓਹਨਾਂ ਦੇ ਮਾਤਾ-ਪਿਤਾ, ਅਧਿਆਪਕਾਂ, ਮਾਲਕ ਜਾਂ ਹੋਰ ਦੇਖਭਾਲ ਕਰਣ ਵਾਲਿਆਂ, ਮਿੱਤਰ, ਵੱਡੇ ਭਰਾ ਜਾਂ ਕਿਸੇ ਵੀ ਹੋਰ ਬੱਚੇ ਦੁਆਰਾ ਦਿੱਤੀ ਜਾ ਸਕਦੀ ਹੈ।

ਸ਼ਰੀਰਿਕ ਬਦਸਲੂਕੀ ਦਾ ਨਤੀਜਾ ਛੋਟੀ ਚੋਟਾਂ ਤੋਂ ਲਈ ਕੇ ਕਈ ਗੰਭੀਰ ਜਖਮਾਂ ਤੱਕ ਹੋ ਸਕਦਾ ਹੈ। ਇਸ ਦੇ ਲੰਬੀ ਮਿਆਦ ਦੇ ਭਾਵਨਾਤਮਕ ਪ੍ਰਭਾਵ ਵੀ ਹੋ ਸਕਦੇ ਹਨ।



Hitting with cane



Child in Murga position outside classroom



Make a Child stand on desk in a classroom



Pulling hair



Pinching



Kicking

ਇਹ ਸਾਰੀਆਂ ਸ਼ਰੀਰਿਕ ਬਦਸਲੂਕੀ ਦੀਆਂ ਉਦਾਹਰਣਾਂ ਸਨ।

ਕੁਝ ਉਦਾਹਰਣਾਂ:

ਰਾਜੂ ਆਪਣਾ ਕੰਮ ਸਮੇਂ ਸਿਰ ਖਤਮ ਨਹੀਂ ਕਰ ਪਾਓਂਦਾ ਸੀ। ਇਸ ਲਈ ਹਰ ਰੋਜ਼ ਉਸ ਨੂੰ ਆਪਣੇ ਮਾਤਾ-ਪਿਤਾ ਤੋਂ ਕੁੱਟ ਪੈਂਦੀ ਸੀ। .

ਰਜਨੀ ਨੂੰ ਕੁੱਟ ਪੈਂਦੀ ਸੀ ਕਿਓਂਕਿ ਉਹ ਘਰ ਦਾ ਕੰਮ ਖਤਮ ਨਹੀਂ ਕਰਦੀ ਸੀ ਜਾਂ ਗਲਤੀਆਂ ਕਰ ਦਿੰਦੀ ਸੀ।

ਜੇਕਰ ਬੱਚੇ ਸਕੂਲ ਲੇਟ ਪਹੁੰਚਦੇ ਸਨ, ਤਾਂ ਉਹਨਾਂ ਨੂੰ ਇੱਕ ਬੈਂਤ ਦੀ ਛੜੀ ਨਾਲ ਕੁੱਟਿਆ ਜਾਂਦਾ ਸੀ ਜਾਂ ਫਰਸ਼ ਤੇ ਬਿਠਾ ਦਿੱਤਾ ਜਾਂਦਾ ਸੀ। ਸਕੂਲ ਵਿੱਚ, ਜੇਕਰ ਇੱਕ ਅਧਿਆਪਕ ਬੱਚਿਆਂ ਨੂੰ ਜਮਾਤ ਵਿੱਚ ਗੱਲਾਂ ਕਰਦੇ ਹੋਏ ਵੇਖ ਲੈਂਦਾ, ਜਾਂ ਓਹ ਆਪਣੀਆਂ ਕਾਪੀਆਂ ਲਿਆਓਣੀਆਂ ਭੁੱਲ ਜਾਂਦੇ, ਤਾਂ ਉਹ ਓਹਨਾਂ ਨੂੰ ਬਹੁਤ ਕਈ ਘੰਟਿਆਂ ਲਈ ਮੁਰਗੇ ਬਣਨ ਦੀ ਸਜ਼ਾ ਦੇ ਦਿੰਦਾ।

ਬੱਚਿਆਂ ਨੂੰ ਸ਼ਰੀਰਿਕ ਦੰਡ ਦਿੱਤਾ ਜਾਂਦਾ ਹੈ:

- ਓਹਨਾਂ ਨੂੰ ਅਨੁਸ਼ਾਸਿਤ ਕਰਣ ਲਈ, ਜਾਂ ਓਹਨਾਂ ਨੂੰ ਸਬਕ ਸਿਖਾਓਣ ਲਈ ਜਾਂ ਓਹਨਾਂ ਨੂੰ ਇਹ ਅਹਿਸਾਸ ਕਰਵਾਓਣ ਲਈ ਕਿ ਓਹਨਾਂ ਨੇ ਕੁਝ ਗਲਤ ਕਰ ਦਿੱਤਾ ਹੈ।
- ਬੱਚੇ ਤੇ 'ਕੰਟਰੋਲ' ਅਤੇ ਅਧਿਕਾਰ ਜਮਾਓਣ ਲਈ ਅਤੇ ਕਿਸੇ ਖਾਸ ਤਰੀਕੇ ਨਾਲ ਵਿਵਹਾਰ ਕਰਣ ਵਾਸਤੇ ਓਹਨਾਂ ਦੇ ਮਨਾਂ ਵਿੱਚ ਡਰ ਬਿਠਾਓਣ ਲਈ।

ਅਧਿਕਤਰ ਸਮਾਜਾਂ ਵਿੱਚ, ਮਾਤਾ-ਪਿਤਾ, ਅਧਿਆਪਕ ਜਾਂ ਹੋਰ ਬਾਲਗ ਸੋਚਦੇ ਹਨ ਕਿ ਬੱਚੇ ਦੇ ਵਿਵਹਾਰ ਨੂੰ ਠੀਕ ਕਰਣ ਲਈ ਉਸ ਨੂੰ ਸ਼ਰੀਰਿਕ ਦੰਡ ਦੇਣਾ ਸਹੀ ਹੈ। ਇਹ ਪ੍ਰਥਾਵਾਂ ਸਭਿਆਚਾਰਕ ਤੌਰ ਤੇ ਸਵੀਕਾਰ ਕੀਤੀਆਂ ਗਈਆਂ ਹਨ। ਪਰ, ਫਿਰ ਵੀ ਬੱਚਿਆਂ ਲਈ ਹਾਨੀਕਾਰਕ ਹੋ ਸਕਦੀਆਂ ਹਨ ਅਤੇ ਇਹ ਬਾਲ ਬਦਸਲੂਕੀ ਕਹਾਓਂਦੀਆਂ ਹਨ।

ਓਹ ਪ੍ਰਸ਼ਨ ਜਿਹੜੇ ਸਾਰੇ ਬਾਲਗਾਂ ਨੂੰ ਪੁੱਛੇ ਜਾਣੇ ਚਾਹੀਦੇ ਹਨ, ਫਿਰ ਚਾਹੇ ਓਹ ਸੀ ਪੀ ਸੀ ਦੇ ਮੈਂਬਰ ਹੋਣ ਜਾਂ ਸਮੁਦਾਏ ਦੇ ਲੋਕ

- ਕਿੰਨੀ ਵਾਰ ਬੱਚੇ ਨੂੰ ਕੁੱਟਣ ਨਾਲ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਹੈ ?
- ਕੀ ਕੁਟਾਈ ਤੋਂ ਬਾਅਦ ਬੱਚੇ ਨੇ ਉਹ ਗਲਤੀ ਦੁਹਰਾਓਣੀ ਬੰਦ ਕਰ ਦਿੱਤੀ ?
- ਕੀ ਬੱਚੇ ਦਾ ਬੁਰਾ ਵਿਵਹਾਰ ਹੁਣ ਵੀ ਜਾਰੀ ਹੈ ?
- ਕੀ ਅਜਿਹਾ ਹੁੰਦਾ ਹੈ ਕਿ ਉਸ ਦਾ ਬੁਰਾ ਵਿਵਹਾਰ ਤੁਹਾਡੇ ਸਾਹਮਣੇ ਬੰਦ ਹੋ ਗਿਆ ਹੈ , ਪਰ ਜਦੋਂ ਤੁਸੀਂ ਉਸ ਦੇ ਕੋਲ ਨਹੀਂ ਹੁੰਦੇ, ਤਾਂ ਉਹ ਉਸੇ ਤਰਾਂ ਬੁਰਾ ਵਿਵਹਾਰ ਕਰਦਾ ਹੈ ? ਤਾਂ ਫਿਰ ਕੀ ਕੁੱਟਣ ਜਾਂ ਧਮਕਾਓਣ ਦਾ ਡਰ ਉਸ ਦੇ ਬੁਰੇ ਵਿਵਹਾਰ ਨੂੰ ਬਦਲ ਸਕਦਾ ਹੈ ?
- ਬੱਚੇ ਦਾ "ਬੁਰਾ ਵਿਵਹਾਰ" ਕਿਸ ਕਾਰਣ ਬੰਦ ਹੋਇਆ - ਫਟਕਾਰ ਦੇ ਡਰ ਕਾਰਣ ਜਾਂ ਗਲਤੀ ਬਾਰੇ ਸਮਝਣ ਕਾਰਣ ?

ਹੇਠ ਲਿਖੇ ਬਿਆਨ ਪੜੋ। ਡੱਬੇ ਵਿੱਚ ਚਿੰਨ੍ਹ ਲਗਾਓ, ਆਪਣੀਆਂ ਭਾਵਨਾਵਾਂ ਨੂੰ ਦੱਸੋ। ਸਹਿਮਤ/ਅਸਿਹਮਤ ਹੋ, ਅਤੇ ਗਰੁੱਪ ਵਿੱਚ ਵਾਰਤਾਲਾਪ ਕਰੋ।

| ਕ੍ਰਮ ਸੰ | ਬਿਆਨ | ਸਹਿਮਤ | ਅਸਹਿਮਤ | ਥੋੜਾ ਸਹਿਮਤ | ਥੋੜਾ ਅਸਹਿਮਤ | ਕਾਰਣ |
|---|---|---|---|---|---|---|
| 1. | ਜੇਕਰ ਬੱਚੇ ਕੁਝ ਗਲਤ ਕਰਦੇ ਹਨ ਤਾਂ ਓਹਨਾਂ ਨੂੰ ਕੁੱਟਣਾ ਸਹੀ ਹੈ। | | | | | |
| 2. | ਚੰਗੇ ਮਾਤਾ-ਪਿਤਾ, ਅਧਿਆਪਕ ਅਤੇ ਦੇਖ-ਭਾਲ ਕਰਣ ਵਾਲੇ ਬੱਚਿਆਂ ਦੇ ਵਿਵਹਾਰ ਤੇ ਗੁੱਸਾ ਨਹੀਂ ਕਰਦੇ ਜਾਂ ਚਿੜਦੇ ਨਹੀਂ। | | | | | |
| 3. | ਮਾਤਾ-ਪਿਤਾ, ਅਧਿਆਪਕ ਅਤੇ ਦੇਖ-ਭਾਲ ਕਰਣ ਵਾਲੇ ਬੱਚਿਆਂ ਦੀ ਭਲਾਈ ਲਈ ਹੀ ਓਹਨਾਂ ਨੂੰ ਕੁੱਟਦੇ ਹਨ, ਕਿਓਂਕਿ ਓਹ ਬੱਚਿਆਂ ਨੂੰ ਇਹ ਸਮਝਣ ਵਿੱਚ ਮਦਦ ਕਰਨਾ ਚੁਹੁੰਦੇ ਹਨ ਕਿ ਕੀ ਠੀਕ ਹੈ ਅਤੇ ਕੀ ਗਲਤ ਹੈ। | | | | | |
| 4. | ਸ਼ਰੀਰਿਕ ਦੰਡ ਮਾਤਾ-ਪਿਤਾ, ਅਧਿਆਪਕ ਅਤੇ ਦੇਖ-ਭਾਲ ਕਰਣ ਵਾਲਿਆਂ ਨੂੰ ਓਹਨਾਂ ਦੇ ਬੱਚਿਆਂ ਦੇ ਵਿਵਹਾਰ ਨੂੰ ਕੰਟਰੋਲ ਕਰਣ ਵਿੱਚ ਮਦਦ ਕਰਦਾ ਹੈ। | | | | | |
| 5. | ਮਾਤਾ-ਪਿਤਾ, ਅਧਿਆਪਕ ਅਤੇ ਦੇਖ-ਭਾਲ ਕਰਣ ਵਾਲੇ ਬੱਚਿਆਂ ਨੂੰ ਉਦੋਂ ਹੀ ਕੁੱਟਦੇ ਹਨ, ਜਦੋਂ ਓਹ ਥੱਕੇ ਹੋਣ, ਵਿਅਸਤ ਹੋਣ ਜਾਂ ਤਨਾਵ ਵਿੱਚ ਹੋਣ। | | | | | |
| 6. | ਕਦੇ-ਕਦਾਈ ਕੁੱਟ ਪੈਣਾ ਬਦਸਲੂਕੀ ਨਹੀਂ ਹੁੰਦੀ। | | | | | |
| 7. | ਬੱਚਿਆਂ ਨਾਲ ਸ਼ਰੀਰਿਕ ਬਦਸਲੂਕੀ ਕਰਣ ਵਾਲੇ ਮਾਤਾ-ਪਿਤਾ, ਅਧਿਆਪਕ ਅਤੇ ਦੇਖ-ਭਾਲ ਕਰਣ ਵਾਲੇ ਬੁਰੇ ਅਤੇ ਪਿਆਰ ਨਾ ਕਰਣ ਵਾਲੇ ਵਿਅਕਤੀ ਹੁੰਦੇ ਹਨ। | | | | | |

| ਕ੍ਰਮ ਸੰ | ਉਪਰੋਕਤ ਦਿੱਤੇ ਬਿਆਨਾਂ ਲਈ ਸੰਭਵ ਵਿਵਰਣ |
| --- | --- |
| 1. | ਕਿਸੇ ਵੀ ਬੱਚੇ ਨੂੰ ਕਿਸੇ ਵਿਅਕਤੀ ਦੁਆਰਾ ਨਹੀਂ ਕੁੱਟਿਆ ਜਾਣਾ ਚਾਹੀਦਾ। ਹਿੰਸਾ ਕਿਸੇ ਵੀ ਗਲਤੀ ਨੂੰ ਠੀਕ ਕਰਣ ਦਾ ਹੱਲ ਨਹੀਂ ਹੈ। ਇਹ ਓਹਨਾਂ ਨੂੰ ਕੇਵਲ ਜ਼ਿੱਦੀ ਬਣਾਓਂਦੀ ਹੈ ਅਤੇ ਓਹਨਾਂ ਨੂੰ ਆਪਣੀ ਗਲਤੀ ਨੂੰ ਸਮਝਣ ਵਿੱਚ ਘੱਟ ਹੀ ਮਦਦ ਕਰਦੀ ਹੈ। |
| 2. | ਕਦੇ-ਕਦੇ ਸਾਰੇ ਮਾਤਾ-ਪਿਤਾ, ਅਧਿਆਪਕ ਅਤੇ ਦੇਖ-ਭਾਲ ਕਰਣ ਵਾਲੇ ਆਪਣੇ ਬੱਚਿਆਂ ਤੇ ਗੁੱਸਾ ਕਰਦੇ ਹਨ। ਗੁੱਸਾ ਹੋਣਾ ਠੀਕ ਹੈ। ਪਰ ਗੁੱਸੇ ਵਿੱਚ ਕਿਸੇ ਬੱਚੇ ਨੂੰ ਮਾਰਨਾ ਸਹੀ ਨਹੀਂ ਹੈ। ਮਾਤਾ-ਪਿਤਾ ਲਈ ਆਪਣੇ ਗੁੱਸੇ ਦੀ ਅਭਿਵਿਅਕਤੀ ਕਰਨਾ ਅਤੇ ਉਸ ਤੇ ਕਾਬੂ ਪਾਓਣਾ ਸਿੱਖਣਾ ਬਹੁਤ ਜ਼ਰੂਰੀ ਹੈ ਤਾਂ ਜੋ ਓਹਨਾਂ ਦੇ ਬੱਚੇ ਵੀ ਉਸੇ ਤਰਾਂ ਸਿੱਖਣ। |
| 3. | ਸ਼ਰੀਰਿਕ ਬਦਸਲੂਕੀ ਕਰਣ ਵਾਲੇ ਮਾਤਾ-ਪਿਤਾ, ਅਧਿਆਪਕ ਅਤੇ ਦੇਖ-ਭਾਲ ਕਰਣ ਵਾਲੇ ਸ਼ਾਇਦ ਇਹ ਸੋਚਦੇ ਹੋਣ ਕਿ ਚੰਗਾ ਵਿਵਹਾਰ ਕਰਣ ਲਈ ਓਹਨਾਂ ਦੇ ਬੱਚਿਆਂ ਦਾ ਓਹਨਾਂ ਤੋਂ ਡਰਨਾ ਜ਼ਰੂਰੀ ਹੈ। ਪਰ, ਇਹ ਬੱਚਿਆਂ ਨੂੰ ਮਾਰ ਤੋਂ ਬਚਣਾ ਸਿਖਾਓਂਦਾ ਹੈ ਨਾ ਕਿ ਚੰਗਾ ਵਿਵਹਾਰ ਕਰਨਾ ਅਤੇ ਨਾ ਹੀ ਵੱਡੇ ਹੋ ਕੇ ਸਹੀ ਅਤੇ ਗਲਤ ਦੇ ਅਹਿਸਾਸ ਵਾਲੇ ਵਿਅਕਤੀ ਬਣਨਾ। |
| 4. | ਸ਼ਰੀਰਿਕ ਦੰਡ ਬੱਚਿਆਂ ਨੂੰ ਸਹੀ ਨਿਰਣੇ ਲੈਣਾ ਨਹੀਂ ਸਿਖਾਓਂਦਾ, ਇਹ ਨਿਸ਼ਚਾ ਕਰਨਾ ਨਹੀਂ ਸਿਖਾਓਂਦਾ ਕਿ ਕੀ ਸਹੀ ਹੈ ਅਤੇ ਕੀ ਗਲਤ, ਜਾਂ ਆਪਣੇ ਵਿਵਹਾਰ ਉੱਤੇ ਕਾਬੂ ਕਰਨਾ ਨਹੀਂ ਸਿਖਾਓਂਦਾ। ਬਲਕਿ, ਸ਼ਰੀਰਿਕ ਦੰਡ ਬੱਚਿਆਂ ਨੂੰ ਦੱਬੂ, ਡਰਪੋਕ ਅਤੇ ਗੁੱਸੇ ਭਰਿਆ ਬਣਾ ਦਿੰਦਾ ਹੈ। ਇਹ ਓਹਨਾਂ ਨੂੰ ਇਹ ਵੀ ਸਿਖਾ ਦਿੰਦਾ ਹੈ ਕਿ ਹਿੰਸਾ ਹੀ ਦੂਜੇ ਵਿਅਕਤੀਆਂ ਨਾਲ ਸਮੱਸਿਆਵਾਂ ਹੱਲ ਕਰਣ ਦਾ ਤਰੀਕਾ ਹੈ। |
| 5. | ਹਿੰਸਾ ਨੂੰ ਕਿਸੇ ਵੀ ਸਥਿਤੀ ਵਿੱਚ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਮਾਤਾ-ਪਿਤਾ, ਅਧਿਆਪਕ ਅਤੇ ਦੇਖ-ਭਾਲ ਕਰਣ ਵਾਲੇ ਆਪਣੇ ਬੱਚਿਆਂ ਨੂੰ ਉਦੋਂ ਵੀ ਕੁੱਟਦੇ ਹਨ ਜਦੋਂ ਓਹ ਪਰੇਸ਼ਾਨ ਨਹੀਂ ਹੁੰਦੇ। ਇਸ ਤੋਂ ਇਲਾਵਾ, ਆਪਣੀਆਂ ਪਰੇਸ਼ਾਨੀਆਂ ਕਾਰਣ ਬੱਚਿਆਂ ਨੂੰ ਕੁੱਟਣ ਦੀ ਥਾਂ ਓਹਨਾਂ ਨੂੰ ਆਪਣੇ ਤਣਾਅ ਅਤੇ ਪਰੇਸ਼ਾਨੀਆਂ ਉੱਤੇ ਕਾਬੂ ਪਾਓਣਾ ਸਿੱਖਣਾ ਚਾਹੀਦਾ ਹੈ। |
| 6. | ਕੁਟਾਈ ਕੁਟਾਈ ਹੀ ਹੈ ਚਾਹੇ ਇਹ ਇੱਕ ਵਾਰ ਹੋਵੇ ਜਾਂ ਵਾਰ-ਵਾਰ, ਇਹ ਬੱਚੇ ਵਿੱਚ ਡਰ ਪੈਦਾ ਕਰ ਸਕਦੀ ਹੈ ਅਤੇ ਉਸ ਦੇ ਮਨੋਵਿਗਿਆਨਕ ਅਤੇ ਸ਼ਰੀਰਿਕ ਵਿਕਾਸ, ਆਤਮ-ਵਿਸ਼ਵਾਸ ਅਤੇ ਸਵੈ-ਕੀਮਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸ਼ਰੀਰਿਕ ਦੰਡ ਜ਼ਬਰਦਸਤੀ ਅਤੇ ਕੰਟਰੋਲ ਕਰਣ ਦਾ ਇੱਕ ਅਜਿਹਾ ਤਰੀਕਾ ਹੈ, ਜਿਹੜਾ ਇੱਕ ਵਿਅਕਤੀ ਦੂਜੇ ਤੇ ਕਰਦਾ ਹੈ। ਇਹ ਕੇਵਲ ਇੱਕ ਸ਼ਰੀਰਿਕ ਹਮਲਾ ਨਹੀਂ ਹੈ। |
| 7. | ਬੱਚਿਆਂ ਨੂੰ ਕੁੱਟਣ ਵਾਲੇ ਸਾਰੇ ਮਾਤਾ-ਪਿਤਾ ਰਾਖਸ਼ ਨਹੀਂ ਹੁੰਦੇ। ਸ਼ਾਇਦ ਓਹਨਾਂ ਵਿਚੋਂ ਕਈ ਸਾਰੇ ਇੱਕ ਬੱਚੇ ਦੇ 'ਬੁਰੇ ਵਿਵਹਾਰ' ਜਾਂ ਉਸ ਨੂੰ ਅਨੁਸ਼ਾਸਨ ਸਿਖਾਓਣ ਦੇ ਇਸ ਤੋਂ ਜ਼ਿਆਦਾ ਚੰਗੇ ਤਰੀਕਿਆਂ ਬਾਰੇ ਜਾਣਦੇ ਹੀ ਨਹੀਂ। |



ਭਾਵਨਾਤਮਕ ਬਦਸਲੂਕੀ

ਬੱਚਿਆਂ ਨੂੰ ਗਲਤ ਨਾਵਾਂ ਨਾਲ ਬੁਲਾਓਣਾ, ਓਹਨਾਂ ਨੂੰ ਓਹਨਾਂ ਦੀ ਜਾਤ ਦੇ ਨਾਂ ਨਾਲ ਬੁਲਾਓਣਾ, ਸਭ ਦੇ ਸਾਹਮਣੇ ਓਹਨਾਂ ਦੀ ਬੇਇੱਜ਼ਤੀ ਕਰਨਾ ਆਦਿ ਕੁਝ ਅਜਿਹੇ ਤਰੀਕੇ ਹਨ, ਜਿਨਾਂ ਨਾਲ ਬਾਲਗ ਬੱਚਿਆਂ ਨੂੰ ਅਨੁਸ਼ਾਸਿਤ ਕਰਣ ਅਤੇ ਓਹਨਾਂ ਉੱਤੇ ਆਪਣਾ ਅਧਿਕਾਰ ਅਤੇ ਤਾਕਤ ਦਿਖਾਓਣ ਦੀ ਕੋਸ਼ਿਸ਼ ਕਰਦੇ ਹਨ।

ਜਦੋਂ ਕੋਈ ਬੱਚਿਆਂ ਦੀਆਂ ਭਾਵਨਾਵਾਂ ਨੂੰ ਆਹਤ ਕਰਣ ਲਈ ਜਾਂ ਓਹਨਾਂ ਨੂੰ ਕਾਬੂ ਕਰਣ ਲਈ ਸ਼ਬਦਾਂ ਦਾ ਇਸਤੇਮਾਲ ਕਰਦਾ ਹੈ, ਤਾਂ ਇਸ ਨੂੰ ਭਾਵਨਾਤਮਕ ਬਦਸਲੂਕੀ ਕਿਹਾ ਜਾਂਦਾ ਹੈ। ਇਸ ਨਾਲ ਬੱਚਾ ਬੁਰਾ, ਹੀਣ ਅਤੇ ਉਦਾਸ ਮਹਿਸੂਸ ਕਰਦਾ ਹੈ।' (ਸੇਫ ਯੂ ਐਂਡ ਸੇਫ ਮੀ, 2010)

ਕੁਝ ਉਦਾਹਰਣਾਂ:
ਜੇਕਰ ਰਮੇਸ਼ ਆਪਣੀਆਂ ਕਿਤਾਬਾਂ ਘਰ ਭੁੱਲ ਜਾਂਦਾ ਹੈ, ਤਾਂ ਉਸ ਦਾ ਅਧਿਆਪਕ

ਉਸ ਨੂੰ ਪਾਗਲ ਜਾਂ ਬੁੱਧੂ ਕਹਿ ਕੇ ਬੁਲਾਓਂਦਾ ਹੈ।

ਸੂਰਜ ਦੇ ਇਲਾਕੇ ਵਿੱਚ ਵੱਡੇ ਬੱਚੇ ਹਮੇਸ਼ਾ ਉਸ ਨੂੰ ਤੰਗ ਕਰਦੇ ਹਨ। ਓਹ ਉਸ ਨੂੰ ਛੋਟੂ ਕਹਿ ਕੇ ਬੁਲਾਓਂਦੇ ਹਨ, ਉਸ ਤੋਂ ਆਪਣੀਆਂ ਜੁੱਤੀਆਂ ਪਾਲਿਸ਼ ਕਰਵਾਓਂਦੇ ਹਨ ਅਤੇ ਓਹਨਾਂ ਲਈ ਸਿਗਰੇਟ ਖਰੀਦ ਕੇ ਲਿਆਓਣ ਲਈ ਕਹਿੰਦੇ ਹਨ।




Teacher or parent verbally abusing a child

ਭਾਵਨਾਤਮਕ ਬਦਸਲੂਕੀ ਵਾਪਰਦੀ ਹੈ ਜਦੋਂ:

- ਬੱਚਿਆਂ ਨੂੰ ਦੋਸਤਾਂ ਅਤੇ ਰਿਸ਼ਤੇਦਾਰਾਂ ਦਾ ਪਿਆਰ, ਸੁਰੱਖਿਆ ਅਤੇ ਸਾਥ ਨਹੀਂ ਮਿਲਦਾ।
- ਜਦੋਂ ਬੱਚੇ ਦੇ ਮਾਤਾ-ਪਿਤਾ/ ਪਰਿਵਾਰ ਦਾ ਕੋਈ ਮੈਂਬਰ ਜਾਂ ਬੱਚੇ ਦੀ ਦੇਖਭਾਲ ਕਰਣ ਵਾਲਾ ਕੋਈ ਵੀ ਵਿਅਕਤੀ ਉਸ ਦਾ ਧਿਆਨ ਨਹੀਂ ਰੱਖਦਾ ਜਾਂ ਉਸ ਦੀ ਜ਼ਰੂਰਤ ਅਨੁਸਾਰ ਪ੍ਰਸ਼ੰਸਾ ਨਹੀਂ ਕਰਦਾ।
- ਬੱਚੇ ਦੇ ਮਾਤਾ-ਪਿਤਾ/ ਪਰਿਵਾਰ ਦਾ ਕੋਈ ਮੈਂਬਰ ਜਾਂ ਬੱਚੇ ਦੀ ਦੇਖਭਾਲ ਕਰਣ ਵਾਲਾ ਕੋਈ ਵੀ ਵਿਅਕਤੀ ਉਸ ਦੀ ਬੇਇੱਜ਼ਤੀ ਕਰਦੇ ਹਨ।
- ਵੱਡੇ ਬੱਚੇ ਛੋਟੇ ਬੱਚਿਆਂ ਨਾਲ ਧੱਕੇਸ਼ਾਹੀ ਕਰਦੇ ਹਨ, ਜਾਂ ਕੁਝ ਸਾਥੀ ਵਿਦਿਆਰਥੀ, ਦੋਸਤ ਜਾਂ ਵੱਡੇ ਭੈਣ-ਭਰਾ ਆਪਣੀ ਸ਼ਕਤੀ ਦਿਖਾਓਣ ਲਈ ਦੂਜੇ ਬੱਚਿਆਂ ਨਾਲ ਬਦਮਾਸ਼ੀ ਕਰਦੇ ਹਨ।

## ਧੱਕੇਸ਼ਾਹੀ ਕੀ ਹੈ ?

ਧੱਕੇਸ਼ਾਹੀ ਦੂਜਿਆਂ ਨੂੰ ਪ੍ਰਭਾਵਿਤ ਕਰਣ ਲਈ ਬਲ ਜਾਂ ਜ਼ਬਰਦਸਤੀ ਵਿਸ਼ੇਸ਼ ਕਰ ਕੇ ਧਮਕੀਆਂ ਭਰੇ ਵਿਵਹਾਰ ਦਾ ਹੀ ਇੱਕ ਰੂਪ ਹੈ।

ਅਜਿਹਾ ਵਿਵਹਾਰ ਆਦਤਾਨਾ ਹੁੰਦਾ ਹੈ। ਇਸ ਵਿੱਚ ਮੌਖਿਕ ਪਰੇਸ਼ਾਨੀ ਦੇਣਾ, ਸ਼ਰੀਰਿਕ ਹਮਲਾ ਜਾਂ ਜ਼ਬਰਦਸਤੀ ਸ਼ਾਮਿਲ ਹੋ ਸਕਦੇ ਹਨ ਅਤੇ ਕਈ ਵਾਰ ਇਹ ਵਿਸ਼ੇਸ਼ ਵਿਅਕਤੀ ਨੂੰ ਸ਼ਿਕਾਰ ਬਣਾ ਕੇ ਵਾਰ-ਵਾਰ ਕੀਤਾ ਜਾਂਦਾ ਹੈ।

ਧੱਕੇਸ਼ਾਹੀ ਕਰਣ ਵਾਲੇ ਲੋਕ ਆਪਣੀ ਸ਼ਕਤੀ ਸਥਾਪਿਤ ਕਰਣ ਲਈ ਆਪਣੇ 'ਸ਼ਿਕਾਰ' ਚੁਣਦੇ ਹਨ।



Older child bullying the younger child to polish his shoes

ਜ਼ਿਆਦਾਤਰ ਧੱਕੇਸ਼ਾਹੀ 'ਸ਼ਕਤੀ ਅਸੰਤੁਲਨ' ਦਾ ਨਤੀਜਾ ਹੁੰਦੀ ਹੈ. "ਸ਼ਕਤੀ ਦਾ ਅਸੰਤੁਲਨ' ਸਮਾਜਿਕ ਸ਼ਕਤੀ ਅਤੇ/ਜਾਂ ਸ਼ਰੀਰਿਕ ਸ਼ਕਤੀ ਹੋ ਸਕਦੀ ਹੈ. ਇਹ ਨਸਲ, ਧਰਮ, ਲਿੰਗ, ਝੁਕਾਓ ਜਾਂ ਯੋਗਤਾ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

ਧੱਕੇਸ਼ਾਹੀ ਵਿੱਚ ਤਿੰਨ ਮੂਲ ਕਿਸਮਾਂ ਦੀ ਬਦਸਲੂਕੀ ਸ਼ਾਮਿਲ ਹੁੰਦੀ ਹੈ - ਭਾਵਨਾਤਮਕ, ਮੌਖਿਕ ਅਤੇ ਸ਼ਰੀਰਿਕ।

ਧੱਕੇਸ਼ਾਹੀ ਲੋਕਾਂ ਦੇ ਇਕ ਦੂਜੇ ਨਾਲ ਗੱਲਬਾਤ ਕਰਣ ਦੇ ਕਿਸੇ ਵੀ ਪ੍ਰਸੰਗ ਵਿਚ ਵਾਪਰ ਸਕਦੀ ਹੈ। ਇਸ ਵਿੱਚ ਸਕੂਲ, ਚਰਚ, ਪਰਿਵਾਰ, ਕੰਮ ਦੇ ਸਥਾਨ, ਘਰ ਅਤੇ ਆਸ-ਪੜੋਸ ਸ਼ਾਮਲ ਹਨ। ਇਹ ਪ੍ਰਵਾਸ ਦਾ ਵੀ ਇੱਕ ਆਮ ਕਾਰਕ ਹੁੰਦਾ ਹੈ। ਧੱਕੇਸ਼ਾਹੀ ਸਮਾਜਿਕ ਗਰੁੱਪਾਂ, ਸਮਾਜਿਕ ਸ਼੍ਰੇਣੀਆਂ ਵਿਚਕਾਰ ਮੌਜੂਦ ਹੋ ਸਕਦੀ ਹੈ।

ਹੇਠਾਂ ਲਿਖੇ ਬਿਆਨ ਪੜ੍ਹੋ। ਆਪਣੀਆਂ ਭਾਵਨਾਵਾਂ ਦੇ ਅਨੁਸਾਰ ਬਾਕਸ ਤੇ ਨਿਸ਼ਾਨ ਲਗਾਓ - ਸਹਿਮਤ/ਅਸਹਿਮਤ, ਅਤੇ ਗਰੁੱਪ ਵਿੱਚ ਚਰਚਾ ਕਰੋ।

| ਕ੍ਰਮ ਸੰ | ਬਿਆਨ | ਸਹਿਮਤ | ਅਸਹਿਮਤ | ਥੋੜ੍ਹਾ ਸਹਿਮਤ | ਥੋੜ੍ਹਾ ਅਸਹਿਮਤ | ਕਾਰਣ |
|---|---|---|---|---|---|---|
| 8. | ਹੋਰ ਬੱਚਿਆਂ ਨਾਲ ਤੁਲਨਾ ਇੱਕ ਬੱਚੇ ਨੂੰ ਮੁਕਾਬਲਾ ਕਰਣ ਅਤੇ ਵਧੀਆ ਕੰਮ ਕਰਣ ਵਿੱਚ ਮਦਦ ਕਰੇਗੀ। | | | | | |
| 9. | ਬਾਲਗਾਂ ਨੂੰ ਆਪਣੀ ਗੱਲ ਦੱਸਣ ਲਈ ਬੱਚੇ ਦਾ ਚੀਕਣਾ ਸਭ ਤੋਂ ਵਧੀਆ ਤਰੀਕਾ ਹੈ। | | | | | |
| 10. | ਕਿਸੇ ਬੱਚੇ ਨੂੰ ਨਜ਼ਰਅੰਦਾਜ਼ ਕਰਣ ਜਾਂ ਜਾਣ-ਬੁੱਝ ਕੇ ਉਸ ਦੀ ਗੱਲ ਨੂੰ ਨਾ ਸੁਣਨ ਵਿੱਚ ਕੋਈ ਬੁਰਾਈ ਨਹੀਂ ਹੈ। | | | | | |
| 11. | ਧੱਕੇਸ਼ਾਹੀ ਬਦਸਲੂਕੀ ਨਹੀਂ ਹੈ। | | | | | |
| 12. | ਅਧਿਆਪਕਾਂ ਜਾਂ ਦੂਜਿਆਂ ਦੁਆਰਾ ਬੁਰੇ ਸ਼ਬਦ ਕਹਿਣਾ ਕੋਈ ਵੱਡੀ ਗੱਲ ਨਹੀਂ ਹੈ। | | | | | |
| 13. | ਬੱਚਿਆਂ ਨੂੰ ਅਨੁਸ਼ਾਸਿਤ ਕਰਣ ਲਈ ਓਹਨਾਂ ਵਿੱਚ ਡਰ ਪੈਦਾ ਕਰਨਾ ਬਹੁਤ ਜ਼ਰੂਰੀ ਹੈ। | | | | | |
| 14. | ਭਾਵਨਾਤਮਕ ਬਦਸਲੂਕੀ ਬੱਚੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਓਂਦੀ। | | | | | |

| ਕ੍ਰਮ ਸੰ. | ਉਪਰੋਕਤ ਦਿੱਤੇ ਬਿਆਨਾਂ ਲਈ ਸੰਭਵ ਵਿਵਰਣ |
|---|---|
| 8. | ਸਕਾਰਾਤਮਕ ਆਲੋਚਨਾ ਚੰਗੀ ਹੁੰਦੀ ਹੈ, ਪਰ, ਹਰ ਸਮੇਂ ਕਿਸੇ ਬੱਚੇ ਦੀ ਤੁਲਨਾ ਕਰਣ ਨਾਲ ਅਤੇ ਉਸ ਦਾ ਮਜ਼ਾਕ ਉਡਾਓਣ ਨਾਲ ਉਹ ਬੱਚਾ ਆਪਣੇ ਆਪ ਨੂੰ ਬੇਕਾਰ ਮਹਿਸੂਸ ਕਰਦਾ ਹੈ ਅਤੇ ਇਸ ਨਾਲ ਉਸ ਦੇ ਸਵੈ-ਭਰੋਸੇ ਉੱਤੇ ਵੀ ਅਸਰ ਪੈਂਦਾ ਹੈ। ਨਕਾਰਾਤਮਕ ਤੁਲਨਾ ਬੱਚੇ ਦੇ ਮਾਣ ਉੱਤੇ ਅਸਰ ਕਰਦੀ ਹੈ ਅਤੇ ਇੱਕ ਬੱਚੇ ਨੂੰ ਮਹਿਸੂਸ ਕਰਵਾਓਂਦੀ ਹੈ ਕਿ ਉਹ ਕਿਸੇ ਕੰਮ ਦਾ ਨਹੀਂ। ਓਹਨਾਂ ਵਿੱਚ ਬੇਕਾਰ, ਅਣਚਾਹੇ ਅਤੇ ਪਿਆਰ ਨਾ ਕੀਤੇ ਜਾਣ ਦੀ ਭਾਵਨਾ ਆ ਜਾਂਦੀ ਹੈ। |
| 9. | ਗੁੱਸਾ ਕਰਨਾ ਬੱਚੇ ਦਾ ਭਲਾ ਨਹੀਂ ਬਲਕਿ ਨੁਕਸਾਨ ਹੀ ਕਰਦਾ ਹੈ। ਇਹ ਬੱਚੇ ਵਿੱਚ ਡਰ ਪੈਦਾ ਕਰ ਦਿੰਦਾ ਹੈ, ਜਿਹੜਾ ਬੱਚੇ ਦੀ ਮਾਨਸਿਕ ਅਤੇ ਸ਼ਰੀਰਿਕ ਭਲਾਈ 'ਤੇ ਅਸਰ ਕਰਦਾ ਹੈ। |
| 10. | ਜਦੋਂ ਬੱਚਾ ਕੋਲ ਹੋਵੇ ਅਤੇ ਕੁਝ ਮੰਗ ਰਿਹਾ ਹੋਵੇ, ਤਾਂ ਜਾਣ-ਬੁੱਝ ਕੇ ਬੱਚੇ ਨੂੰ ਨਜ਼ਰਅੰਦਾਜ਼ ਕਰਨਾ ਜਾਂ ਉਸ ਵੱਲ ਧਿਆਨ ਨਾ ਦੇ ਪਾਓਣਾ ਭਾਵਨਾਤਮਕ ਬਦਸਲੂਕੀ ਹੁੰਦੀ ਹੈ ਕਿਓਂਕਿ ਇਸ ਨਾਲ ਬੱਚਾ ਅਸੁਰੱਖਿਅਤ ਅਤੇ ਅਣਚਾਹਿਆ ਮਹਿਸੂਸ ਕਰਦਾ ਹੈ। |
| 11. | ਧੱਕੇਸ਼ਾਹੀ ਬੱਚੇ ਨੂੰ ਉਦਾਸ, ਸ਼ਰਮਸਾਰ ਅਤੇ ਅਸਫਲ ਬਣਾਓਂਦੀ ਹੈ। ਇਸ ਨਾਲ ਨਿਰਾਸ਼ਾ ਅਤੇ ਕਈ ਵਾਰ ਸਿਰਦਰਦ ਅਤੇ ਨੀਂਦ ਨਾ ਆਓਣ ਦੀਆਂ ਸਮੱਸਿਆਵਾਂ ਵੀ ਹੋ ਜਾਂਦੀਆਂ ਹਨ। ਇਹ ਬੱਚੇ ਦੀ ਪੜ੍ਹਾਈ, ਸਵੈ-ਵਿਸ਼ਵਾਸ ਅਤੇ ਸਵੈ-ਮਾਣ ਨੂੰ ਪ੍ਰਭਾਵਿਤ ਕਰਦਾ ਹੈ। ਇਸ ਉਸ ਵਿੱਚ ਲਾਚਾਰੀ ਅਤੇ 'ਸ਼ਕਤੀਸ਼ਾਲੀ' ਦੇ ਡਰ ਦੀ ਭਾਵਨਾ ਪੈਦਾ ਕਰ ਦਿੰਦੀ ਹੈ। ਧੱਕੇਸ਼ਾਹੀ ਬੱਚੇ ਨੂੰ ਜਜ਼ਬਾਤੀ ਦਰਦ ਦਿੰਦੀ ਹੈ ਅਤੇ ਇਹ ਬਦਸਲੂਕੀ ਹੈ। |
| 12. | ਮੂਰਖ, 'ਗਧਾ', ' ਕਾਲਾ ਕੁੱਤਾ, 'ਬੌਨਾ', 'ਮੋਟਾ' ਆਦਿ ਵਰਗੇ ਨਾਵਾਂ ਨਾਲ ਬੁਲਾਓਂਦੇ ਹਨ, ਤਾਂ ਇਸ ਨਾਲ ਬੱਚੇ ਦੇ ਮਾਣ ਤੇ ਅਸਰ ਪੈਂਦਾ ਹੈ। ਉਹ ਬੱਚਾ ਅਪਮਾਨਿਤ ਅਤੇ ਲਾਚਾਰ ਮਹਿਸੂਸ ਕਰਦਾ ਹੈ। ਇਹ ਵਾਰ ਵਾਰ ਬੱਚੇ ਦਾ ਨਿਰਾਦਰ ਜਾਂ ਬੇਕਾਰ ਦੀ ਆਲੋਚਨਾ ਕਰਣ ਦੇ ਬਰਾਬਰ ਹੈ ਅਤੇ ਇਸ ਨਾਲ ਲੰਬੀ ਅਵਧੀ ਦੇ ਗੰਭੀਰ ਭਾਵਨਾਤਮਕ ਨਤੀਜੇ ਹੋ ਸਕਦੇ ਹਨ। |
| 13. | ਡਰ ਕੋਈ ਵੀ ਪਿਆਰ, ਸਹਿਯੋਗ ਜਾਂ ਅਗਵਾਈ ਪ੍ਰਦਾਨ ਨਾ ਕਰਦੇ ਹੋਏ ਇੱਕ ਬੱਚੇ ਦੇ ਮਾਨਸਿਕ ਵਾਧੇ ਅਤੇ ਵਿਕਾਸ ਲਈ ਜ਼ਰੂਰੀ ਮਨੋਵਿਗਿਆਨਕ ਪੋਸ਼ਣ ਪ੍ਰਦਾਨ ਕਰਣ ਵਿੱਚ ਅਸਫਲ ਰਹਿੰਦਾ ਹੈ। |
| 14. | ਭਾਵਨਾਤਮਕ ਬਦਸਲੂਕੀ ਬੱਚੇ ਦੀ ਜਿੰਦਗੀ ਤੇ ਸਭ ਤੋਂ ਵੱਡਾ ਦਾਗ ਛੱਡ ਜਾਂਦੀ ਹੈ। ਅਕਸਰ ਬਾਲਗ ਜਾਂ ਦੇਖਭਾਲ ਕਰਣ ਵਾਲੇ ਭਾਵਨਾਤਮਕ ਬਦਸਲੂਕੀ ਦੁਆਰਾ ਬੱਚੇ ਨੂੰ ਕੀਤੇ ਗਏ ਨੁਕਸਾਨ ਬਾਰੇ ਅਹਿਸਾਸ ਨਹੀਂ ਕਰ ਪਾਓਂਦੇ। ਇਹ ਯੋਜਨਾਬੱਧ ਤਰੀਕੇ ਨਾਲ ਬੱਚੇ ਦੀ ਭਾਵਨਾਤਮਕ ਭਲਾਈ ਅਤੇ ਸਵੈ-ਕੀਮਤ ਦੀ ਭਾਵਨਾ 'ਤੇ ਹਮਲਾ ਕਰਦੀ ਹੈ। ਭਾਵਨਾਤਮਕ ਬਾਲ ਬਦਸਲੂਕੀ ਇੱਕ ਮੂਕ ਮਹਾਂਮਾਰੀ ਹੈ, ਜੋ ਆਸਾਨੀ ਨਾਲ ਨਜ਼ਰਅੰਦਾਜ਼ ਕੀਤੀ ਜਾਂਦੀ ਹੈ ਅਤੇ ਇਸ ਦੇ ਪ੍ਰਭਾਵ ਸਾਰੇ ਵਿਵਹਾਰਿਕ ਲੇਬਲਾਂ ਹੇਠਾਂ ਛਿਪ ਜਾਂਦੇ ਹਨ, ਜਦੋਂ ਕਿ ਇਹ ਸ਼ਾਇਦ ਬਦਸਲੂਕੀ ਦਾ ਸਭ ਤੋਂ ਨੁਕਸਾਨਦਾਇਕ ਰੂਪ ਹੈ। |



## ਅਣਗਹਿਲੀ

ਅਣਗਹਿਲੀ ਬਦਸਲੂਕੀ ਦੇ ਬਾਕੀ ਰੂਪਾਂ ਨਾਲੋਂ ਵੱਖ ਹੈ। ਬਦਸਲੂਕੀ ਦੇ ਬਾਕੀ ਰੂਪਾਂ ਵਿੱਚ, ਮਾਤਾ/ਪਿਤਾ/ ਦੇਖਭਾਲ ਕਰਣ ਵਾਲਾ ਕੁਝ ਗਲਤ ਕਰਦਾ ਹੈ ਜਾਂ ਕੁਝ ਅਜਿਹਾ ਕਰਦਾ ਹੈ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ। ਪਰ, ਅਣਗਹਿਲੀ ਦੇ ਕੇਸ ਵਿੱਚ, ਮਾਤਾ/ਪਿਤਾ/ ਦੇਖਭਾਲ ਕਰਣ ਵਾਲਾ ਉਹ ਕਰਣ ਵਿੱਚ ਅਸਫਲ ਰਹਿੰਦਾ ਹੈ, ਜੋ ਉਸ ਨੂੰ ਕਰਨਾ ਚਾਹੀਦਾ ਹੈ।

ਅਣਗਹਿਲੀ ਮਾਪਿਆਂ ਜਾਂ ਸਰਪ੍ਰਸਤ ਦੁਆਰਾ ਇੱਕ ਬੱਚੇ ਦੀਆਂ ਮੁੱਢਲੀਆਂ ਲੋੜਾਂ ਜਿਵੇਂ ਭੋਜਨ, ਆਵਾਸ, ਕੱਪੜੇ, ਸਿੱਖਿਆ, ਮੈਡੀਕਲ ਸਹਾਇਤਾ, ਪਿਆਰ ਅਤੇ ਭਾਵਨਾਤਮਕ ਸਹਿਯੋਗ ਆਦਿ ਨੂੰ ਮੁਹੱਈਆ ਕਰਨ ਵਿੱਚ ਅਸਫਲਤਾ ਨੂੰ ਕਹਿੰਦੇ ਹਨ।



Mother neglecting her child and busy talking to the neighbour

ਵਿਤਕਰਾ ਅਣਗਹਿਲੀ ਦਾ ਇੱਕ ਸੰਭਵ ਕਾਰਣ ਹੋ ਸਕਦਾ ਹੈ।

ਕੁਝ ਉਦਾਹਰਣਾਂ:
ਸਲੀਮ ਦਾ ਬੱਚਾ ਬੀਮਾਰ ਹੋਵੇ ਜਾਂ ਜ਼ਖਮੀ ਹੋਵੇ, ਫਿਰ ਵੀ ਉਹ ਉਸ ਨੂੰ ਡਾਕਟਰ ਕੋਲ ਨਹੀਂ ਲੈ ਕੇ ਜਾਂਦਾ, ਭਾਵੇਂ ਉਸ ਕੋਲ ਸਾਰੇ ਸਾਧਨ ਮੌਜੂਦ ਹਨ।

ਪਿੰਕੀ ਦਾ ਇੱਕ ਭਰਾ ਹੈ। ਉਸ ਦੇ ਮਾਤਾ-ਪਿਤਾ ਹਮੇਸ਼ਾ ਉਸ ਦੇ ਭਰਾ ਵੱਲ ਅਧਿਕ ਧਿਆਨ ਦਿੰਦੇ ਹਨ। ਉਸ ਨੂੰ ਵਧੀਆ ਖਾਣਾ, ਕੱਪੜੇ ਅਤੇ ਸਕੂਲ ਦੀ ਪੜ੍ਹਾਈ ਮਿਲੀ ਹੈ। ਉਸ ਨੂੰ ਹਮੇਸ਼ਾ ਅਣਚਾਹਿਆ ਮਹਿਸੂਸ ਹੁੰਦਾ ਹੈ।

ਰਾਗਿਨੀ ਅਤੇ ਰੁਸਤਮ ਦੇ ਮਾਤਾ-ਪਿਤਾ ਬਹੁਤ ਵਿਅਸਤ ਰਹਿੰਦੇ ਹਨ। ਓਹਨਾਂ ਕੋਲ ਹਰ ਚੀਜ਼ ਲਈ ਸਮਾਂ ਹੈ ਪਰ ਆਪਣੇ ਬੱਚਿਆਂ ਲਈ ਨਹੀਂ। ਓਹਨਾਂ ਨੂੰ ਇਕੱਲੇ ਛੱਡ ਦਿੱਤਾ ਜਾਂਦਾ ਹੈ।

ਲਾਖੀ ਵਿਕਲਾਂਗ ਹੈ। ਉਸ ਦੇ ਮਾਤਾ-ਪਿਤਾ ਨੂੰ ਉਸ ਦੇ ਲਈ ਸਮਾਂ ਜਾਂ ਊਰਜਾ ਕੱਢਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਓਹ ਸੋਚਦੇ ਹਨ ਕਿ ਉਹ ਕਿਸੇ ਕੰਮ ਦਾ ਨਹੀਂ ਅਤੇ ਜਦੋਂ ਤੱਕ ਵੀ ਉਹ ਜ਼ਿੰਦਾ ਹੈ, ਓਹਨਾਂ ਦੀ ਜ਼ਿੰਮੇਦਾਰੀ ਬੱਸ ਉਸ ਨੂੰ ਖੁਆਓਣ-ਪਿਲਾਓਣ ਤੱਕ ਦੀ ਹੈ। ਕਈ-ਕਈ ਦਿਨਾਂ ਤੱਕ ਨਾ ਹੀ ਓਹ ਉਸ ਨੂੰ ਨੁਆਓਂਦੇ ਹਨ ਅਤੇ ਨਾ ਹੀ ਉਸ ਦੇ ਕੱਪੜੇ ਬਦਲਦੇ ਹਨ। ਉਸ ਦੀਆਂ ਅਧਿਕਤਰ ਜ਼ਰੂਰਤਾਂ ਨਜ਼ਰਅੰਦਾਜ਼ ਕਰ ਦਿੱਤੀਆਂ ਜਾਂਦੀਆਂ ਹਨ।

ਗਰੀਬੀ ਅਤੇ ਅਣਗਹਿਲੀ ਵਿੱਚ ਅੰਤਰ:

ਭਾਵੇਂ ਗਰੀਬੀ ਅਤੇ ਬਾਲ-ਅਣਗਹਿਲੀ ਸਬੰਧਤ ਹਨ, ਫਿਰ ਵੀ ਗਰੀਬੀ ਨੂੰ ਅਣਗਹਿਲੀ ਦਾ ਕਾਰਣ ਨਹੀਂ ਕਿਹਾ ਜਾ ਸਕਦਾ।

ਗਰੀਬੀ ਉਹ ਹੁੰਦੀ ਹੈ ਜਦੋਂ ਦੇਖਭਾਲ ਕਰਣ ਵਾਲੇ ਕੋਲ ਜ਼ਰੂਰਤਾਂ ਪੂਰੀਆਂ ਕਰਣ ਲਈ ਸਾਧਨ ਨਹੀਂ ਹੁੰਦੇ। ਅਣਗਹਿਲੀ ਉਹ ਹੁੰਦੀ ਹੈ ਜਦੋਂ ਦੇਖਭਾਲ ਕਰਣ ਵਾਲੇ ਕੋਲ ਸਾਧਨ ਤਾਂ ਹੋਣ, ਪਰ ਉਹ ਜ਼ਰੂਰਤਾਂ ਪੂਰੀਆਂ ਨਾ ਕਰਨਾ ਚੁਣਦਾ ਹੈ।

ਅਸਲ ਵਿੱਚ, ਅਣਗਹਿਲੀ ਅਮੀਰ ਜਾਂ ਗਰੀਬ ਹਰ ਤਰਾਂ ਦੇ ਪਰਿਵਾਰਾਂ ਵਿੱਚ ਵਿਆਪਤ ਹੈ।

ਅਣਗਹਿਲੀ ਉਦੋਂ ਹੁੰਦੀ ਹੈ, ਜਦੋਂ: ਮਾਤਾ-ਪਿਤਾ/ਦੇਖਭਾਲ ਕਰਣ ਵਾਲੇ ਕੋਲ ਪਰਿਆਪਤ ਸਾਧਨ ਹੁੰਦੇ ਹੋਏ ਵੀ ਬੱਚਿਆਂ ਦੀਆਂ ਜ਼ਿੰਦਗੀ ਦੀਆਂ ਮੂਲ ਜ਼ਰੂਰਤਾਂ ਪੂਰੀਆਂ ਨਾ ਕੀਤੀਆਂ ਜਾਣ।

ਲਿੰਗ ਜਾਂ ਯੋਗਤਾ ਦੇ ਅਧਾਰ ਤੇ ਪਰਿਵਾਰ ਵਿੱਚ ਕੁਝ ਬੱਚਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਬੱਚਿਆਂ ਨੂੰ ਭੋਜਨ, ਆਵਾਸ ਜਾਂ ਕੱਪੜੇ ਨਾ ਦੇਣਾ ਜਾਂ ਲੰਬੇ ਸਮੇਂ ਲਈ ਓਹਨਾਂ ਨੂੰ 'ਕੱਲੇ ਛੱਡਣਾ ਵੀ ਅਣਗਹਿਲੀ ਦਾ ਹੀ ਇੱਕ ਰੂਪ ਹੈ।

ਮਾਤਾ-ਪਿਤਾ/ਸਰਪ੍ਰਸਤ ਬੱਚਿਆਂ ਵੱਲ ਅਣਗਹਿਲੀ ਕਰਦੇ ਹਨ ਕਿਓਂਕਿ:

- ਇਹ ਜੀਵਨ ਦਾ ਇੱਕ ਸਮਾਜਿਕ ਜਾਂ ਰਵਾਇਤੀ ਤਰੀਕਾ ਹੁੰਦਾ ਹੈ, ਉਦਾਹਰਣ ਲਈ, ਕੁੜੀਆਂ ਪ੍ਰਤੀ ਅਣਗਹਿਲੀ।
- ਓਹ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਣ ਲਈ ਚੰਗੀ ਤਰਾਂ ਯੋਜਨਾ ਬਣਾਓਣ ਦੇ ਯੋਗ ਨਹੀਂ ਹੁੰਦੇ।
- ਓਹਨਾਂ ਵਿੱਚ ਬੱਚਿਆਂ ਦੀ ਦੇਖਭਾਲ ਕਰਣ ਦੇ ਗਿਆਨ ਦੀ ਕਮੀ ਹੁੰਦੀ ਹੈ।
- ਓਹਨਾਂ ਵਿੱਚ ਸਵੈ-ਮਾਣ ਦੀ ਵੀ ਕਮੀ ਹੁੰਦੀ ਹੈ।
- ਆਪਣੇ ਬਚਪਨ ਵਿੱਚ ਓਹ ਆਪ ਵੀ ਬਦਸਲੂਕੀ ਦੇ ਸ਼ਿਕਾਰ ਰਹੇ ਹੁੰਦੇ ਹਨ।
- ਓਹ ਮਾਨਸਿਕ ਵਿਕਲਾਂਗਤਾ ਜਾਂ ਬੀਮਾਰੀ ਤੋਂ ਪੀੜਿਤ ਹੁੰਦੇ ਹਨ।
- ਓਹ ਨਸ਼ਿਆਂ, ਸ਼ਰਾਬ ਅਤੇ ਹੋਰ ਹਾਨੀਕਾਰਕ ਪਦਾਰਥਾਂ ਦੇ ਆਦੀ ਹੁੰਦੇ ਹਨ।
- ਓਹਨਾਂ ਨੂੰ ਆਪਣੇ ਪਰਿਵਾਰ ਅਤੇ ਸਮੁਦਾਏ ਤੋਂ ਸਹਿਯੋਗ ਨਹੀਂ ਮਿਲਦਾ।

ਹੇਠਾਂ ਲਿਖੇ ਬਿਆਨ ਪੜ੍ਹੋ। ਆਪਣੀਆਂ ਭਾਵਨਾਵਾਂ ਦੇ ਅਨੁਸਾਰ ਬਾਕਸ ਤੇ ਨਿਸ਼ਾਨ ਲਗਾਓ - ਸਹਿਮਤ/ਅਸਹਿਮਤ, ਅਤੇ ਗਰੁੱਪ ਵਿੱਚ ਚਰਚਾ ਕਰੋ।

| ਕ੍ਰਮ ਸੰ. | ਬਿਆਨ | ਸਹਿਮਤ | ਅਸਹਿਮਤ | ਥੋੜ੍ਹਾ ਸਹਿਮਤ | ਥੋੜ੍ਹਾ ਅਸਹਿਮਤ | ਕਾਰਣ |
|---|---|---|---|---|---|---|
| 15. | ਮਾਤਾ-ਪਿਤਾ ਕਦੇ ਵੀ ਆਪਣੇ ਬੱਚਿਆਂ ਵੱਲ ਅਣਗਹਿਲੀ ਨਹੀਂ ਕਰਦੇ। | | | | | |
| 16. | ਬੱਚਿਆਂ ਦੀਆਂ ਮੂਲ ਜ਼ਰੂਰਤਾਂ ਪੂਰੀਆਂ ਕਰਣ ਦੀ ਅਸਫਲਤਾ ਬਦਸਲੂਕੀ ਕਹਾਓਂਦੀ ਹੈ। | | | | | |
| 17. | ਜੇਕਰ ਮਾਤਾ-ਪਿਤਾ ਬੱਚਿਆਂ ਨੂੰ ਸਕੂਲ ਨਹੀਂ ਭੇਜਦੇ, ਤਾਂ ਕੋਈ ਗੱਲ ਨਹੀਂ। | | | | | |
| 18. | ਕੰਮ ਵਿੱਚ ਵਿਅਸਤ ਰਹਿਣ ਵਾਲੇ ਮਾਤਾ-ਪਿਤਾ ਉੱਤੇ ਬੱਚਿਆਂ ਵੱਲ ਅਣਗਹਿਲੀ ਦਾ ਆਰੋਪ ਨਹੀਂ ਲਗਾਇਆ ਜਾ ਸਕਦਾ। | | | | | |
| 19. | ਲੜਕੀਆਂ ਨੂੰ ਜ਼ਿਆਦਾ ਧਿਆਨ ਅਤੇ ਪੜ੍ਹਾਈ ਦੀ ਜ਼ਰੂਰਤ ਨਹੀਂ ਹੁੰਦੀ, ਕਿਓਂਕਿ ਓਹਨਾਂ ਨੇ ਵਿਆਹ ਕਰਵਾ ਕੇ ਆਪਣੇ ਪਤੀ ਨਾਲ ਹੀ ਰਹਿਣਾ ਹੁੰਦਾ ਹੈ। | | | | | |
| 20. | ਬੱਚੇ ਉਦੋਂ ਹੀ ਗੰਦੇ ਰਹਿੰਦੇ ਹਨ, ਜਦੋਂ ਮਾਤਾ-ਪਿਤਾ ਓਹਨਾਂ ਵੱਲ ਧਿਆਨ ਨਹੀਂ ਦੇਂਦੇ। | | | | | |
| 21. | ਬੱਚਿਆਂ ਦੇ ਸਾਰੇ ਪ੍ਰਸ਼ਨਾਂ ਦਾ ਉੱਤਰ ਦੇਣਾ ਜ਼ਰੂਰੀ ਨਹੀਂ ਹੁੰਦਾ। | | | | | |
| 22. | ਲੜਕੀਆਂ ਦੀ ਅਣਗਹਿਲੀ ਲੜਕਿਆਂ ਨਾਲੋਂ ਜ਼ਿਆਦਾ ਹੁੰਦੀ ਹੈ। | | | | | |

| ਕ੍ਰਮ ਸੰ. | ਉਪਰੋਕਤ ਦਿੱਤੇ ਬਿਆਨਾਂ ਲਈ ਸੰਭਵ ਵਿਵਰਣ |
|---|---|
| 15. | ਜਾਣੇ-ਅਣਜਾਣੇ ਮਾਤਾ-ਪਿਤਾ ਆਪਣੇ ਬੱਚਿਆਂ ਦੀ ਅਣਗਹਿਲੀ ਕਰ ਦਿੰਦੇ ਹਨ। ਅਕਸਰ, ਅਣਗਹਿਲੀ ਜੀਵਨ ਦੇ ਕੁਝ ਸਮਾਜਿਕ ਅਤੇ ਰਵਾਇਤੀ ਤਰੀਕਿਆਂ ਦੀ ਨਿਰਵਿਵਾਦ ਸਵੀਕ੍ਰਿਤੀ ਦਾ ਨਤੀਜਾ ਹੁੰਦਾ ਹੈ। ਮਿਸਾਲ ਲਈ, ਪਰਿਵਾਰ ਵਿਚ ਲੜਕੀਆਂ ਨਾਲ ਲੜਕਿਆਂ ਤੋਂ ਵੱਖਰਾ ਵਿਵਹਾਰ ਕਰਨਾ ਅਤੇ ਓਹਨਾਂ ਨਾਲ ਭੇਦਭਾਵ ਕਰਨਾ ਅਣਗਹਿਲੀ ਦਾ ਕਾਰਣ ਬਣਦਾ ਹੈ। ਇਹ ਉਦੋਂ ਹੁੰਦਾ ਹੈ, ਜਦੋਂ ਮਾਪੇ ਜਾਂ ਸਰਪ੍ਰਸਤ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਣ ਲਈ ਸਹੀ ਢੰਗ ਨਾਲ ਯੋਜਨਾ ਨਹੀਂ ਬਣਾ ਪਾਓਂਦੇ ਅਤੇ ਉਹਨਾਂ ਵਿੱਚ ਬੱਚਿਆਂ ਦੀ ਦੇਖ-ਰੇਖ ਬਾਰੇ ਗਿਆਨ ਦੀ ਵੀ ਕਮੀ ਹੁੰਦੀ ਹੈ। ਇਹ ਮਾਤਾ-ਪਿਤਾ ਅਤੇ ਸਰਪ੍ਰਸਤਾਂ ਦੇ ਘੱਟ ਸਵੈ-ਮਾਣ ਦਾ ਨਤੀਜਾ ਹੋ ਸਕਦਾ ਹੈ ਜਾਂ ਉਹ ਆਪਣੇ ਬਚਪਨ ਵਿੱਚ ਇਸੇ ਅਣਗਹਿਲੀ ਦਾ ਸ਼ਿਕਾਰ ਰਹੇ ਹੋ ਸਕਦੇ ਹਨ। ਨਸ਼ੇ, ਸ਼ਰਾਬ ਅਤੇ ਹੋਰ ਅਜਿਹੇ ਹਾਨੀਕਾਰਕ ਪਦਾਰਥ ਦਾ ਅਮਲ ਵੀ ਬੱਚਿਆਂ ਦੀ ਅਣਗਹਿਲੀ ਦਾ ਕਾਰਣ ਬਣਦੇ ਹਨ। ਆਪਣੇ ਪਰਿਵਾਰ ਅਤੇ ਹੋਰ ਭਾਈਚਾਰੇ ਦੇ ਸਹਿਯੋਗ ਦੀ ਗੈਰਹਾਜ਼ਰੀ ਵੀ ਅਣਗਹਿਲੀ ਨੂੰ ਸ਼ਹਿ ਦਿੰਦੀ ਹੈ। |
| 16. | ਅਣਗਹਿਲੀ ਬਦਸਲੂਕੀ ਦਾ ਓਹ ਰੂਪ ਹੁੰਦੀ ਹੈ, ਜਦੋਂ ਮਾਤਾ-ਪਿਤਾ/ਦੇਖਭਾਲ ਕਰਣ ਵਾਲੇ ਕੋਲ ਭੋਜਨ, ਕੱਪੜੇ ਆਦਿ ਜਿਹੇ ਪਰਿਆਪਤ ਸਾਧਨ ਹੁੰਦੇ ਹੋਏ ਵੀ ਬੱਚਿਆਂ ਦੀਆਂ ਜ਼ਿੰਦਗੀ ਦੀਆਂ ਮੂਲ ਜ਼ਰੂਰਤਾਂ ਪੂਰੀਆਂ ਨਾ ਕੀਤੀਆਂ ਜਾਣ। ਜਦੋਂ ਬੱਚਿਆਂ ਦੀਆਂ ਮੂਲ ਜ਼ਰੂਰਤਾਂ ਗਰੀਬੀ ਕਾਰਣ ਪੂਰੀਆਂ ਨਾ ਕੀਤੀਆਂ ਜਾ ਸਕਣ, ਤਾਂ ਇਹ ਅਣਗਹਿਲੀ ਨਹੀਂ ਹੁੰਦੀ, ਕਿਓਂਕਿ ਉਦੋਂ ਸਥਿਤੀ ਮਾਤਾ-ਪਿਤਾ/ਦੇਖਭਾਲ ਕਰਣ ਵਾਲੇ ਦੇ ਕੰਟਰੋਲ ਵਿੱਚ ਨਹੀਂ ਹੁੰਦੀ। |
| 17. | ਜਦੋਂ ਮਾਤਾ-ਪਿਤਾ/ਦੇਖਭਾਲ ਕਰਣ ਵਾਲੇ ਬੱਚਿਆਂ ਨੂੰ ਸਕੂਲ ਭੇਜਣ ਦੀ ਸਥਿਤੀ ਵਿੱਚ ਹੁੰਦੇ ਹੋਏ ਵੀ ਓਹਨਾਂ ਨੂੰ ਸਕੂਲ ਨਾ ਭੇਜਣ, ਅਤੇ ਓਹਨਾਂ ਕੋਲ ਕੋਈ ਸਹੀ ਕਾਰਣ ਵੀ ਨਾ ਹੋਵੇ, ਤਾਂ ਇਹ ਅਣਗਹਿਲੀ ਹੁੰਦੀ ਹੈ। ਸਿੱਖਿਆ ਦਾ ਮੂਲ ਅਧਿਕਾਰ (ਜਿਹੜਾ ਕਿ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫਤ ਹੈ) ਪ੍ਰਦਾਨ ਨਾ ਕਰਨਾ ਇੱਕ ਗੰਭੀਰ ਉਲੰਘਣਾ ਹੈ ਅਤੇ ਬਹੁਤ ਵੱਡੀ ਅਣਗਹਿਲੀ ਵੀ ਹੈ। |
| 18. | ਜੇਕਰ ਮਾਤਾ-ਪਿਤਾ ਕੰਮ ਵਿੱਚ ਬਹੁਤ ਵਿਅਸਤ ਰਹਿੰਦੇ ਹਨ ਅਤੇ ਬੱਚੇ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਤਾਂ ਮਾਤਾ-ਪਿਤਾ ਬੱਚੇ ਵੱਲ ਅਣਗਹਿਲੀ ਕਰ ਰਹੇ ਹਨ। ਬੱਚਿਆਂ ਨਾਲ ਬਿਤਾਏ ਸਮੇਂ ਦੀ ਮਾਤਰਾ ਨਾਲ ਕੋਈ ਫਰਕ ਨਹੀਂ ਪੈਂਦਾ। ਬਿਤਾਏ ਸਮੇਂ ਦੀ ਗੁਣਵੱਤਾ ਨਾਲ ਫਰਕ ਪੈਂਦਾ ਹੈ। ਜੇਕਰ ਬੱਚਿਆਂ ਨੂੰ ਪਹਿਲ ਦੇਣੀ ਹੋਵੇ, ਤਾਂ ਓਹਨਾਂ ਨਾਲ ਗੁਣਵੱਤਾ ਭਰਿਆ ਸਮਾਂ ਬਿਤਾਓਣ ਲਈ ਵਿਅਸਤ ਕੰਮਾਂ ਵਿਚੋਂ ਸਮਾਂ ਕੱਢਣਾ ਚਾਹੀਦਾ ਹੈ। |
| 19. | ਲੜਕੀਆਂ ਦੇ ਅਧਿਕਾਰ ਵੀ ਲੜਕਿਆਂ ਦੇ ਬਰਾਬਰ ਹੁੰਦੇ ਹਨ। ਲਿੰਗ ਦੇ ਅਧਾਰ ਤੇ ਕਿਸੇ ਬੱਚੇ ਨੂੰ ਪੜ੍ਹਾਈ ਅਤੇ ਪਿਆਰ ਤੋਂ ਮਰਹੂਮ ਰੱਖਣਾ ਗਲਤ ਹੈ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਅਨੁਸਾਰ, "ਇੱਕ ਮਰਦ ਨੂੰ ਪੜ੍ਹਾਓ ਤਾਂ ਤੁਸੀਂ ਇੱਕ ਵਿਅਕਤੀ ਨੂੰ ਪੜ੍ਹਾ ਰਹੇ ਹੋ, ਪਰ ਜੇਕਰ ਤੁਸੀਂ ਇੱਕ ਲੜਕੀ ਨੂੰ ਪੜ੍ਹਾਓਂਦੇ ਹੋ, ਤਾਂ ਤੁਸੀਂ ਪੂਰੀ ਸਭਿਅਤਾ ਨੂੰ ਪੜ੍ਹਾ ਰਹੇ ਹੋ।" ਲੜਕੀਆਂ ਨੂੰ ਹੋਰ ਵੀ ਜ਼ਿਆਦਾ ਧਿਆਨ ਅਤੇ ਪਿਆਰ ਦੀ ਲੋੜ ਹੁੰਦੀ ਹੈ ਕਿਓਂਕਿ ਓਹਨਾਂ ਨੇ ਜ਼ਿੰਦਗੀ ਵਿੱਚ ਕਈ ਮੁਸ਼ਕਿਲ ਸਥਿਤੀਆਂ ਦਾ ਸਾਹਮਣਾ ਕਰਨਾ ਹੁੰਦਾ ਹੈ ਅਤੇ ਉਸ ਲਈ ਓਹਨਾਂ ਨੂੰ ਤਿਆਰ ਕਰਨਾ ਜ਼ਰੂਰੀ ਹੁੰਦਾ ਹੈ। |
| 20. | ਜੇਕਰ ਕੋਈ ਬੱਚਾ ਗੰਦੇ ਕੱਪੜਿਆਂ ਵਿੱਚ ਹੈ, ਤਾਂ ਇਹ ਜ਼ਰੂਰੀ ਨਹੀਂ ਕਿ ਉਸ ਦੀ ਅਣਗਹਿਲੀ ਹੋ ਰਹੀ ਹੋਵੇ। ਬੱਚੇ ਖੇਡਣ ਲਈ ਬਾਹਰ ਜਾਂਦੇ ਹਨ ਅਤੇ ਆਪਣੇ ਕੱਪੜੇ ਮਿੱਟੀ ਵਿੱਚ ਗੰਦੇ ਕਰ ਲੈਂਦੇ ਹਨ। ਪਰ ਅਜਿਹੇ ਮਾਤਾ-ਪਿਤਾ ਵੀ ਹੁੰਦੇ ਹਨ ਜਿਨਾਂ ਨੂੰ ਆਪਣੇ ਬੱਚਿਆਂ ਦੀ ਸਫਾਈ ਅਤੇ ਸਿਹਤ ਦੀ ਪ੍ਰਵਾਹ ਹੀ ਨਹੀਂ ਹੁੰਦੀ। ਇਹ ਅਣਗਹਿਲੀ ਦੇ ਕੇਸ ਹੁੰਦੇ ਹਨ। ਦੂਜੇ ਪਾਸੇ, ਪਾਣੀ ਦੀ ਕਮੀ ਅਤੇ ਖਰਾਬ ਡ੍ਰੇਨੇਜ ਵਾਲੇ ਖੇਤਰਾਂ ਵਿੱਚ ਸਾਫ਼-ਸਫਾਈ ਮੁਸ਼ਕਿਲ ਹੁੰਦੀ ਹੀ ਹੈ। ਇਹਨਾਂ ਨੂੰ ਅਣਗਹਿਲੀ ਦੀਆਂ ਸਥਿਤੀਆਂ ਨਹੀਂ ਕਿਹਾ ਜਾ ਸਕਦਾ। |
| 21. | ਜਿਸ ਤਰਾਂ ਬਾਲਗਾਂ ਨੂੰ ਆਪਣੇ ਸਵਾਲਾਂ ਦੇ ਜਵਾਬ ਚਾਹੀਦੇ ਹੁੰਦੇ ਹਨ, ਅਤੇ ਜੇਕਰ ਜਵਾਬ ਨਾ ਦਿੱਤੇ ਜਾਣ ਤਾਂ ਓਹ ਅਪਮਾਨਿਤ ਅਤੇ ਨਜ਼ਰਅੰਦਾਜ਼ ਮਹਿਸੂਸ ਕਰਦੇ ਹਨ, ਉਸੇ ਤਰਾਂ ਹੀ ਬੱਚੇ ਮਹਿਸੂਸ ਕਰਦੇ ਹਨ। ਇਸ ਲਈ ਸਵਾਲਾਂ ਵੱਲ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ। ਹੋ ਸਕਦਾ ਹੈ ਮਾਪਿਆਂ ਕੋਲ ਹਮੇਸ਼ਾ ਸਾਰੇ ਜਵਾਬ, ਨਾ ਹੋਣ। ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਉਹ ਅਜਿਹੇ ਸਵਾਲਾਂ ਉੱਤੇ ਪ੍ਰਤੀਕਿਰਿਆ ਹੀ ਨਾ ਦੇਣ। ਜੇਕਰ ਓਹਨਾਂ ਨੂੰ ਨਾ ਪਤਾ ਹੋਵੇ, ਤਾਂ ਇਹ ਗੱਲ ਓਹਨਾਂ ਨੂੰ ਮੰਨਣੀ ਚਾਹੀਦੀ ਹੈ। ਕਈ ਵਾਰੀ ਉਹਨਾਂ ਨੂੰ ਲੱਗ ਸਕਦਾ ਹੈ ਕਿ ਬੱਚੇ ਕੁਝ ਗੱਲਾਂ ਨੂੰ ਸਮਝਣ ਲਈ ਸਿਆਣੇ ਨਹੀਂ ਹਨ। ਬੱਚੇ ਨੂੰ ਇਹ ਦੱਸਣ ਵਿਚ ਕੋਈ ਵੀ ਨੁਕਸਾਨ ਨਹੀਂ ਹੁੰਦਾ ਕਿ ਅਜੇ ਸਹੀ ਵਕਤ ਨਹੀਂ ਹੈ। ਪਰ ਨਾਲ ਹੀ, ਬੱਚੇ ਨੂੰ ਭਰੋਸਾ ਦਿੱਤਾ ਜਾਣਾ ਚਾਹੀਦਾ ਹੈ ਕਿ ਜਦੋਂ ਉਹ ਵੱਡੇ ਹੋਣਗੇ ਅਤੇ ਸਹੀ ਵਕਤ ਆਵੇਗਾ ਤਾਂ ਓਹਨਾਂ ਨੂੰ ਉਸ ਗੱਲ ਦਾ ਜਵਾਬ ਦਿੱਤਾ ਜਾਵੇਗਾ। ਗੱਲਬਾਤ ਹੋਣੀ ਜ਼ਰੂਰੀ ਹੈ ਨਹੀਂ ਤਾਂ ਬੱਚੇ ਕਿਤੇ ਹੋਰ ਜਾ ਕੇ ਜਵਾਬ ਦੀ ਖੋਜ ਕਰਣਗੇ, ਜੋ ਕਿ ਸ਼ਾਇਦ ਪੂਰਾ ਹੋਵੇ ਜਾਂ ਨਾ, ਸਹੀ ਹੋਵੇ ਜਾਂ ਨਾ। ਗੈਰ-ਭਰੋਸੇਯੋਗ ਸਰੋਤਾਂ ਤੋਂ ਸਿੱਖਣ ਨਾਲੋਂ ਬਿਹਤਰ ਹੈ ਕਿ ਬੱਚੇ ਆਪਣੇ ਮਾਤਾ-ਪਿਤਾ ਤੋਂ ਸਿੱਖਣ। |
| 22. | ਇਹ ਸਹੀ ਹੈ ਸਾਡੇ ਸਮਾਜ ਵਿੱਚ ਲੜਕੀਆਂ ਦੀ ਲੜਕਿਆਂ ਨਾਲੋਂ ਜ਼ਿਆਦਾ ਅਣਗਹਿਲੀ ਕੀਤੀ ਜਾਂਦੀ ਹੈ। ਇਸ ਲਈ ਲੜਕੀਆਂ ਦੇ ਮਾਮਲੇ ਵਿੱਚ ਅਣਗਹਿਲੀ ਅਤੇ ਲਿੰਗ-ਵਿਤਕਰੇ ਦੇ ਮੌਕੇ ਅਧਿਕ ਹੁੰਦੇ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਲੜਕਿਆਂ ਨਾਲ ਅਣਗਹਿਲੀ ਹੁੰਦੀ ਹੀ ਨਹੀਂ।<br><br>ਆਮ ਤੌਰ ਤੇ ਘਰ ਦੇ ਵੱਡੇ ਬੱਚਿਆਂ ਦੀਆਂ ਜ਼ਰੂਰਤਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਕਿਓਂਕਿ ਇਹ ਸੋਚਿਆ ਜਾਂਦਾ ਹੈ ਕਿ ਓਹ ਵੱਡੇ ਹੋ ਗਏ ਹਨ ਅਤੇ ਆਪਣਾ ਧਿਆਨ ਅਪ ਰੱਖ ਸਕਦੇ ਹਨ। ਇਹ ਲੜਕਿਆਂ ਦੇ ਮਾਮਲੇ ਵਿੱਚ ਜ਼ਿਆਦਾ ਹੁੰਦਾ ਹੈ, ਖਾਸ ਤੌਰ ਤੇ ਜੇਕਰ ਉਹ ਭੈਣ-ਭਰਾਵਾਂ ਵਿੱਚ ਸਭ ਤੋਂ ਵੱਡੇ ਹੋਣ ਅਤੇ ਓਹਨਾਂ ਤੋਂ ਬਾਲਗਾਂ ਦੀ ਤਰਾਂ ਵਿਵਹਾਰ ਕਰਣ ਦੀ ਉਮੀਦ ਕੀਤੀ ਜਾਂਦੀ ਹੈ ਜਦੋਂ ਕਿ ਓਹਨਾਂ ਦੀਆਂ ਆਪਣੀਆਂ ਜ਼ਰੂਰਤਾਂ ਹੀ ਪੂਰੀਆਂ ਨਹੀਂ ਹੋ ਰਹੀਆਂ ਹੁੰਦੀਆਂ। |

| ਸ਼ਰੀਰਿਕ ਬਦਸਲੂਕੀ, ਭਾਵਨਾਤਮਕ ਬਦਸਲੂਕੀ ਅਤੇ ਅਣਗਹਿਲੀ ਵਿੱਚ ਅੰਤਰ | | |
|---|---|---|
| ਸ਼ਰੀਰਕ ਬਦਸਲੂਕੀ | ਭਾਵਨਾਤਮਕ ਬਦਸਲੂਕੀ | ਅਣਗਹਿਲੀ |
| ਸ਼ਰੀਰਿਕ ਚੋਟਾਂ, ਸ਼ਰੀਰਿਕ ਅਤੇ ਮਾਨਸਿਕ ਦਰਦ ਦੇਣ ਵਾਲੀਆਂ ਕਾਰਵਾਈਆਂ। | ਬੇਇੱਜ਼ਤੀ ਅਤੇ ਮਾਣ ਅਤੇ ਸਵੈ-ਕੀਮਤ ਦਾ ਨੁਕਸਾਨ ਕਰਣ ਵਾਲੀ ਕਾਰਵਾਈ ਜੋ ਕਿਸੇ ਨੂੰ ਅਣਚਾਹਿਆ ਅਤੇ ਕਮਜ਼ੋਰ ਮਹਿਸੂਸ ਕਰਵਾਏ। | ਭੋਜਨ, ਪਾਣੀ, ਕੱਪੜੇ, ਮਕਾਨ, ਡਾਕਟਰੀ ਦੇਖਭਾਲ ਅਤੇ ਇਲਾਜ, ਸਿੱਖਿਆ, ਪਿਆਰ, ਦੇਖਭਾਲ ਅਤੇ ਸੁਰੱਖਿਆ ਜਿਹੀਆਂ ਮੁੱਢਲੀਆਂ ਲੋੜਾਂ ਦੀ ਅਣਗਹਿਲੀ ਕਰਣ ਵਾਲੀ ਕਾਰਵਾਈ। |
| ਇਹ ਆਮ ਤੌਰ ਤੇ ਜਾਣ-ਬੁੱਝ ਕੇ ਕੀਤਾ ਜਾਂਦਾ ਹੈ। ਪਰ ਕਈ ਵਾਰ ਇਹ ਅਣਜਾਣੇ ਵਿੱਚ ਵੀ ਹੁੰਦਾ ਹੈ, ਜਿਵੇਂ ਗੁੱਸੇ ਵਿੱਚ ਪ੍ਰਤੀਕਿਰਿਆ ਜਾਂ ਨਸ਼ੇ ਦੀ ਹਾਲਤ ਵਿੱਚ। | ਇਹ ਜਾਣ-ਬੁੱਝ ਕੇ ਵੀ ਕੀਤਾ ਜਾਂਦਾ ਹੈ ਅਤੇ ਅਣਜਾਣੇ ਵਿੱਚ ਵੀ ਹੋ ਸਕਦਾ ਹੈ। | ਅਣਗਹਿਲੀ ਸਿੱਧੇ ਤੌਰ ਤੇ ਵੀ ਹੋ ਸਕਦੀ ਹੈ ਅਤੇ ਅਸਿੱਧੇ ਤੌਰ ਤੇ ਵੀ। ਉਦਾਹਰਣ ਲਈ, ਕਿਸੇ ਬੀਮਾਰ ਬੱਚੇ ਨੂੰ ਡਾਕਟਰ ਕੋਲ ਨਾ ਲੈ ਕੇ ਜਾਣਾ ਸਿੱਧੀ ਅਣਗਹਿਲੀ ਹੈ। ਪਰ ਜਦੋਂ ਘਰ ਵਿੱਚ ਕਿਸੇ ਇੱਕ ਬੱਚੇ ਵੱਲ ਜਾਂ ਜਮਾਤ ਵਿੱਚ ਕੁਝ ਹੁਸ਼ਿਆਰ ਬੱਚਿਆਂ ਵੱਲ ਅਧਿਕ ਧਿਆਨ ਦਿੱਤਾ ਜਾਂਦਾ ਹੈ, ਤਾਂ ਇਹ ਦੂਜੇ ਬੱਚਿਆਂ ਵੱਲ ਅਸਿੱਧੇ ਤੌਰ ਤੇ ਅਣਗਹਿਲੀ ਹੁੰਦੀ ਹੈ।<br>ਇਹ ਜਾਣ-ਬੁੱਝ ਕੇ ਵੀ ਕੀਤਾ ਜਾਂਦਾ ਹੈ ਅਤੇ ਅਣਜਾਣੇ ਵਿੱਚ ਵੀ ਹੋ ਸਕਦਾ ਹੈ। ਜਿਵੇਂ ਕਿ ਕੰਮ ਕਰਣ ਵਾਲੇ ਮਾਤਾ-ਪਿਤਾ ਦੇ ਵਿਅਸਤ ਰਹਿਣ ਕਾਰਣ। |
| ਦੋਸ਼ੀ ਜਾਣ-ਪਹਿਚਾਣ ਦਾ ਵੀ ਹੋ ਸਕਦਾ ਹੈ ਅਤੇ ਅਣਜਾਣ ਵੀ। ਦੋਸ਼ੀ ਆਮ ਤੌਰ ਤੇ ਜਾਣ-ਪਹਿਚਾਣ ਦਾ ਹੁੰਦਾ ਹੈ। | ਦੋਸ਼ੀ ਆਮ ਤੌਰ ਤੇ ਜਾਣ-ਪਹਿਚਾਣ ਦਾ ਹੁੰਦਾ ਹੈ। | ਇਹ ਓਹਨਾਂ ਵਿਅਕਤੀਆਂ ਦੁਆਰਾ ਹੁੰਦਾ ਹੈ, ਜਿਹੜੇ ਕਿਸੇ ਵੀ ਸਥਿਤੀ ਵਿੱਚ ਬੱਚਿਆਂ ਦੀਆਂ ਮੂਲ ਜ਼ਰੂਰਤਾਂ ਪੂਰੀਆਂ ਕਰਣ ਲਈ ਜ਼ਿੰਮੇਵਾਰ ਹੁੰਦੇ ਹਨ। |



## ਯੌਨ ਬਦਸਲੂਕੀ



An adult male showing indecent photographs to a child



A young boy pulling a girl's duppata



Eve teasing of a boy by a group of girls



Rape

- ਜਦੋਂ ਕੋਈ ਕਿਸੇ ਬੱਚੇ ਨਾਲ ਜਿਣਸੀ ਢੰਗ ਨਾਲ ਵਿਵਹਾਰ ਕਰਦਾ ਹੈ, ਤਾਂ ਇਹ ਬਾਲ ਯੌਨ ਬਦਸਲੂਕੀ ਹੁੰਦੀ ਹੈ।
- ਇਹ ਬੱਚੇ ਦੀ ਮਰਜ਼ੀ ਦੇ ਵਿਰੁੱਧ ਇੱਕ ਯੌਨ ਗਤੀਵਿਧੀ ਹੁੰਦੀ ਹੈ।
- ਬੱਚਾ ਪੂਰੀ ਤਰਾਂ ਸਮਝ ਨਹੀਂ ਪਾਉਂਦਾ ਅਤੇ ਆਪਣੀ ਸਹਿਮਤੀ ਨਹੀਂ ਦਿੰਦਾ।
- ਯੌਨ ਗਤੀਵਿਧੀ ਵਿੱਚ ਛੂਹਣ ਅਤੇ ਗੈਰ-ਛੂਹਣ ਦੋਹਾਂ ਤਰਾਂ ਦੇ ਵਿਵਹਾਰ ਸ਼ਾਮਿਲ ਹੁੰਦੇ ਹਨ।
- ਇਹ ਅਧਿਕਾਰ/ਸ਼ਕਤੀ ਅਤੇ ਭਰੋਸੇ ਦੇ ਤੋੜਨ ਦੀ ਬਦਸਲੂਕੀ ਹੁੰਦੀ ਹੈ।
- ਆਮ ਤੌਰ ਤੇ ਇਸ ਨੂੰ ਗੁਪਤ ਰੱਖਿਆ ਜਾਂਦਾ ਹੈ।
- ਇਹ ਜ਼ਬਰਦਸਤੀ ਹੁੰਦੀ ਹੈ - ਦੋਸ਼ੀ ਚਲਾਕੀ, ਰਿਸ਼ਵਤ ਅਤੇ ਧਮਕੀਆਂ ਦਾ ਇਸਤੇਮਾਲ ਕਰਦਾ ਹੈ।

- ਇਹ ਆਮ ਤੌਰ ਤੇ ਬੱਚੇ ਦੀ ਜਾਣੀ-ਪਛਾਣੀ ਥਾਂ ਤੇ ਹੁੰਦੀ ਹੈ।
- ਇਸ ਦਾ ਖਤਰਾ ਜਾਤ, ਸ਼੍ਰੇਣੀ, ਲਿੰਗ ਅਤੇ ਸੰਸਕ੍ਰਿਤੀ ਤੋਂ ਹਟ ਕੇ ਸਾਰੇ ਬੱਚਿਆਂ ਨੂੰ ਹੁੰਦਾ ਹੈ।
- ਕੇਵਲ ਬਲਾਤਕਾਰ ਹੀ ਯੌਨ ਬਦਸਲੂਕੀ ਦਾ ਰੂਪ ਨਹੀਂ ਹੈ।
- ਲੜਕੇ ਅਤੇ ਲੜਕੀਆਂ ਦੋਵੇਂ ਹੀ ਬਲਾਤਕਾਰ ਅਤੇ ਯੌਨ ਬਦਸਲੂਕੀ ਦਾ ਸ਼ਿਕਾਰ ਹੋ ਸਕਦੇ ਹਨ।
- ਛੇੜਖਾਨੀ ਅਤੇ ਜਿਣਸੀ ਪਰੇਸ਼ਾਨੀ ਵੀ ਯੌਨ ਬਦਸਲੂਕੀ ਹੀ ਹੁੰਦੀ ਹੈ।
- ਬੱਚਿਆਂ ਨੂੰ ਗੰਦੀਆਂ ਤਸਵੀਰਾਂ ਅਤੇ ਫਿਲਮਾਂ ਦਿਖਾਓਣੀਆਂ ਅਤੇ ਪੋਰਨੋਗ੍ਰਾਫੀ ਲਈ ਓਹਨਾਂ ਦਾ ਇਸਤੇਮਾਲ ਕਰਨਾ ਯੌਨ ਬਦਸਲੂਕੀ ਦਾ ਇੱਕ ਗੰਭੀਰ ਰੂਪ ਹੈ, ਚਾਹੇ ਇਸ ਨਾਲ ਕੋਈ ਸ਼ਰੀਰਿਕ ਨੁਕਸਾਨ ਨਾ ਵੀ ਹੋਵੇ।

## ਕੁਝ ਉਦਾਹਰਣਾਂ:

ਜੂਹੀ ਦਾ ਅੰਕਲ ਉਸ ਨੂੰ ਜੱਫੀ ਪਾਓਂਦਾ ਹੈ, ਭਾਵੇਂ ਉਹ ਇਹ ਗੱਲ ਪਸੰਦ ਨਹੀਂ ਕਰਦੀ।

ਅਸੀਮ ਦੀ ਆਂਟੀ ਉਸ ਨੂੰ ਆਪਣੇ ਸਾਹਮਣੇ ਕੱਪੜੇ ਉਤਾਰਣ ਲਈ ਕਹਿੰਦੀ ਹੈ। ਜੇਕਰ ਉਹ ਉਸ ਦੀ ਗੱਲ ਨਹੀਂ ਮੰਨਦਾ ਤਾਂ ਉਹ ਉਸ ਨੂੰ ਕੁੱਟਦੀ ਹੈ। ਡਰ ਕੇ ਉਹ ਉਸ ਦੀ ਗੱਲ ਮੰਨ ਲੈਂਦਾ ਹੈ ਅਤੇ ਉਸ ਨੂੰ ਇਹ ਗੱਲ ਕਿਸੇ ਨੂੰ ਦੱਸਣ ਵਿੱਚ ਸ਼ਰਮ ਆਓਂਦੀ ਹੈ।

ਇੱਕ ਪੁਰਸ਼ ਅਧਿਆਪਕ ਆਪਣੀ ਆਦਤ ਅਨੁਸਾਰ ਆਪਣੀਆਂ ਵਿਦਿਆਰਥਣਾਂ ਨਾਲ ਗੱਲ ਕਰਦੇ ਹੋਏ ਓਹਨਾਂ ਦੇ ਮੋਢੇ ਤੇ ਜਾਂ ਓਹਨਾਂ ਦੀ ਪਿੱਠ ਤੇ ਹੱਥ ਫੇਰਦਾ ਹੈ।

ਲੜਕਿਆਂ ਦਾ ਇੱਕ ਸਮੂਹ ਬਾਜ਼ਾਰ ਵਿੱਚ ਰੇਨੂ ਅਤੇ ਉਸ ਦੀਆਂ ਸਹੇਲੀਆਂ ਉੱਤੇ ਗੰਦੀਆਂ ਯੌਨ ਟਿੱਪਣੀਆਂ ਕਰਦੇ ਹਨ। ਓਹ ਉਸ ਨੂੰ 'ਛੱਮਕ ਛੱਲੋ' ਬੁਲਾਓਂਦੇ ਹਨ ਅਤੇ ਹਿੰਦੀ ਫਿਲਮ ਦਾ ਗਾਣਾ 'ਜਲੇਬੀ ਬਾਈ' ਗਾਓਣਾ ਸ਼ੁਰੂ ਕਰ ਦਿੰਦੇ ਹਨ। ਓਹ ਉਸ ਨੂੰ ਮਿਲਣ ਲਈ ਵੀ ਕਹਿੰਦੇ ਹਨ। ਰੇਨੂ ਅਤੇ ਉਸ ਦੀਆਂ ਸਹੇਲੀਆਂ ਲਈ ਇਹ ਇੰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਓਹ ਘਰ ਵਾਪਿਸ ਆ ਜਾਂਦੀਆਂ ਹਨ। ਪੂਰੇ ਰਸਤੇ ਓਹਨਾਂ ਨੂੰ ਬਹੁਤ ਡਰ ਲਗਦਾ ਹੈ।

## ਬਾਲ ਯੌਨ ਬਦਸਲੂਕੀ ਬਾਰੇ ਕੁਝ ਤੱਥ:

ਬਾਲ ਯੌਨ ਬਦਸਲੂਕੀ ਨੂੰ ਸ਼ਰਮ ਕਾਰਣ ਗੁਪਤ ਰੱਖਿਆ ਜਾਂਦਾ ਹੈ ਅਤੇ ਇਸ ਲਈ ਇਸ ਦਾ ਪਤਾ ਲਗਾਓਣਾ ਬਹੁਤ ਮੁਸ਼ਕਿਲ ਹੁੰਦਾ ਹੈ ਅਤੇ ਕਈ ਵਾਰ ਤਾਂ ਬਹੁਤ ਦੇਰ ਹੋ ਜਾਂਦੀ ਹੈ।

ਇੱਥੋਂ ਤੱਕ ਕਿ ਬੱਚੇ ਨੂੰ ਬਹੁਤ ਪਿਆਰ ਕਰਣ ਵਾਲੇ ਅਤੇ ਉਸ ਦਾ ਧਿਆਨ ਰੱਖਣ ਵਾਲੇ ਮਾਤਾ-ਪਿਤਾ ਅਤੇ ਉਸ ਦੇ ਪਰਿਵਾਰ ਦੇ ਮੈਂਬਰ ਵੀ ਇਹ ਗੱਲ ਮੰਨਣ ਤੋਂ ਇਨਕਾਰ ਕਰਦੇ ਹਨ ਜਾਂ ਇਸ ਬਾਰੇ ਕਾਰਵਾਈ ਨਹੀਂ ਕਰਦੇ।
ਬੱਚੇ ਆਪ ਇਸ ਬਾਰੇ ਗੱਲ ਕਰਣ ਤੋਂ ਝਿਜਕਦੇ ਹਨ।

ਬੱਚੇ ਨਾਲ ਬਦਸਲੂਕੀ ਪਰਿਵਾਰ ਦਾ ਕੋਈ ਵੀ ਮੈਂਬਰ ਜਿਸ ਵਿੱਚ ਔਰਤਾਂ ਵੀ ਹੋ ਸਕਦੀਆਂ ਹਨ, ਅਧਿਆਪਕ, ਸਮੁਦਾਏ ਦਾ ਕੋਈ ਮੈਂਬਰ ਜਾਂ ਕੋਈ ਹੋਰ ਬੱਚਾ ਭਾਵੇਂ ਉਹ ਲੜਕਾ ਹੋਵੇ ਜਾਂ ਲੜਕੀ ਕੋਈ ਵੀ ਕਰ ਸਕਦਾ ਹੈ।



## ਅਪਰਾਧੀ ਕੌਣ ਹੁੰਦੇ ਹਨ ?

- ਅਧਿਕਤਰ ਦੋਸ਼ੀ ਬੱਚੇ ਦੀ ਪਹਿਚਾਣ ਦੇ ਹੁੰਦੇ ਹਨ
- ਓਹ ਪਰਿਵਾਰ ਦੇ ਮੈਂਬਰ ਜਾਂ ਰਿਸ਼ਤੇਦਾਰ ਵੀ ਹੋ ਸਕਦੇ ਹਨ
- ਯੌਨ ਦੁਰਵਿਵਹਾਰ ਅਣਜਾਣ ਵਿਅਕਤੀਆਂ ਦੁਆਰਾ ਵੀ ਕੀਤਾ ਜਾਂਦਾ ਹੈ, ਭਾਵੇਂ ਇਹ ਘੱਟ ਹੀ ਹੁੰਦਾ ਹੈ
- ਖੋਜਾਂ ਦੱਸਦੀਆਂ ਹਨ ਕਿ ਅਕਸਰ ਔਰਤਾਂ ਦੇ ਮੁਕਾਬਲੇ ਮਰਦ ਅਧਿਕ ਦੋਸ਼ੀ ਹੁੰਦੇ ਹਨ
- ਯੌਨ ਦੁਰਵਿਵਹਾਰ ਕਰਣ ਵਾਲੇ ਅਕਸਰ ਇੱਕ ਤੋਂ ਅਧਿਕ ਬੱਚਿਆਂ ਨਾਲ ਜਾਂ
- ਇੱਕੋ ਹੀ ਬੱਚੇ ਨਾਲ ਵਾਰ-ਵਾਰ ਦੁਰਵਿਵਹਾਰ ਕਰਦੇ ਹਨ
- ਇੱਕ ਔਰਤ ਜਾਂ ਲੜਕੀ ਵੀ ਅਪਰਾਧੀ ਹੋ ਸਕਦੀ ਹੈ

## ਅਪਰਾਧੀ ਕੀ ਕਰਦੇ ਹਨ ?

- ਓਹ ਸ਼ਿਕਾਰ ਦੀ ਪਹਿਚਾਣ ਕਰਦੇ ਹਨ।
- ਓਹ ਬੱਚੇ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਵਿੱਚ ਆਪਣਾ ਭਰੋਸਾ ਜਮਾਓਂਦੇ ਹਨ। ਬੱਚਾ ਜਾਂ ਉਸ ਦੇ ਪਰਿਵਾਰ ਦੇ ਮੈਂਬਰ ਹੌਲੀ-ਹੌਲੀ ਉਸ ਤੇ ਭਰੋਸਾ ਕਰਣ ਲਗਦੇ ਹਨ।
- ਅਪਰਾਧੀ ਆਮ ਤੌਰ ਤੇ ਅਜਿਹੇ ਬੱਚੇ ਨੂੰ ਚੁਣਦੇ ਹਨ ਜਿਸ ਵਿੱਚ ਸਵੈ-ਵਿਸ਼ਵਾਸ ਦੀ ਕਮੀ ਹੋਵੇ ਜਾਂ ਉਹ ਮਾਪਿਆਂ ਅਤੇ ਦੋਸਤਾਂ ਤੋਂ ਵੱਖ-ਵੱਖ ਰਹਿੰਦਾ ਹੋਵੇ।
- ਅਪਰਾਧੀ ਬੱਚਿਆਂ ਨੂੰ ਤੋਹਫ਼ੇ ਦੇ ਕੇ ਜਾਂ ਓਹਨਾਂ ਨਾਲ ਖੇਡਾਂ ਖੇਡ ਕੇ ਓਹਨਾਂ ਨੂੰ ਲੁਭਾਓਣ ਦੀ ਕੋਸ਼ਿਸ਼ ਕਰਦੇ ਹਨ ਜਾਂ ਝੂਠੀ ਹਮਦਰਦੀ ਦਿਖਾਓਂਦੇ ਹਨ।
- ਉਹ ਬੱਚੇ ਨੂੰ ਪਿਆਰ ਕਰਣ ਅਤੇ ਉਸ ਦੀ ਦੇਖਭਾਲ ਕਰਣ ਦਾ ਝੂਠਾ ਦਿਖਾਵਾ ਕਰਦੇ ਹਨ।
- ਲੁਭਾਓਂਦੇ ਹੋਏ ਆਮ ਤੌਰ ਤੇ ਉਹ ਬੱਚੇ ਨੂੰ ਉਹ ਗੱਲਾਂ ਗੁਪਤ ਰੱਖਣ ਲਈ ਕਹਿੰਦੇ ਹਨ।
- ਉਦਾਹਰਣ ਲਈ, ਮੈਂ ਤੇਰੇ ਲਈ ਤੋਹਫ਼ਾ ਲਿਆਇਆ ਹਾਂ, ਪਰ ਆਪਣੇ ਦੋਸਤਾਂ ਨੂੰ ਨਾ ਦੱਸੀਂ ਨਹੀਂ ਤਾਂ ਉਹ ਸੜ੍ਹ ਜਾਣਗੇ ਜਾਂ ਆਪਣੀ ਮਾਂ ਨੂੰ ਨਾ ਦੱਸੀ ਨਹੀਂ ਤਾਂ ਉਹ ਤੇਰੇ ਤੋਂ ਇਹ ਲੈ ਲਵੇਗੀ।"

- ਝੂਠਾ ਭਾਵਨਾਤਮਕ ਬੰਧਨ ਸ਼ਰੀਰਿਕ ਸੰਪਰਕ ਵਿੱਚ ਬਦਲਦਾ ਹੈ, ਜੋ ਸ਼ੁਰੂ ਵਿੱਚ ਗੈਰ-ਯੌਨਿਕ ਅਤੇ ਇਤਫਾਕਨ ਹੁੰਦਾ ਹੈ ਜਿਵੇਂ ਮੋਢੇ ਤੇ ਹੱਥ ਰੱਖਣਾ, ਹੱਥ ਵਿੱਚ ਹੱਥ ਲੈਣਾ, ਵਾਲ ਸਹਿਲਾਉਣਾ ਆਦਿ।
- ਇਸ ਤਰਾਂ ਬੱਚੇ ਵਿੱਚ ਸ਼ਰੀਰਿਕ ਸੰਪਰਕ ਦੀ ਝਿਜਕ ਖਤਮ ਹੋ ਜਾਂਦੀ ਹੈ ਕਿਉਂਕਿ ਅਪਰਾਧੀ ਨਾਲ ਵਿਸ਼ਵਾਸ ਦਾ ਰਿਸ਼ਤਾ ਬਣਨਾ ਸ਼ੁਰੂ ਹੋ ਜਾਂਦਾ ਹੈ।
- ਫਿਰ ਅਪਰਾਧੀ ਆਪਣੇ ਨਿਸ਼ਾਨੇ ਵੱਲ ਵਧਦਾ ਹੈ ਅਤੇ ਬੱਚੇ ਨਾਲ ਯੌਨ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਧਮਕੀਆਂ ਵੀ ਦੇਣੀਆਂ ਸ਼ੁਰੂ ਕਰ ਦਿੰਦਾ ਹੈ।
- ਉਦਾਹਰਣ ਲਈ, "ਜੇਕਰ ਤੂੰ ਇਹ ਕਿਸੇ ਨੂੰ ਦੱਸੇਂਗੀ, ਤਾਂ ਓਹ ਤੈਨੂੰ ਨਫਰਤ ਕਰਣਗੇ। ਤੇਰੀ ਮਾਂ ਮਰ ਜਾਵੇਗੀ। ਜਾਂ ਮੈਂ ਤੈਨੂੰ ਮਾਰ ਦੇਵਾਂਗਾ। ਇਸ ਦੇ ਲਈ ਤੂੰ ਹੀ ਜ਼ਿੰਮੇਵਾਰ ਹੈਂ।"

ਹੇਠਾਂ ਲਿਖੇ ਬਿਆਨ ਪੜ੍ਹੋ। ਆਪਣੀਆਂ ਭਾਵਨਾਵਾਂ ਦੇ ਅਨੁਸਾਰ ਬਾਕਸ ਤੇ ਨਿਸ਼ਾਨ ਲਗਾਓ - ਸਹਿਮਤ/ਅਸਹਿਮਤ. ਅਤੇ ਗਰੁੱਪ ਵਿੱਚ ਚਰਚਾ ਕਰੋ।

| ਕ੍ਰਮ ਸੰ. | ਬਿਆਨ | ਸਹਿਮਤ | ਅਸਹਿਮਤ | ਥੋੜਾ ਸਹਿਮਤ | ਥੋੜਾ ਅਸਹਿਮਤ | ਕਾਰਣ |
|---|---|---|---|---|---|---|
| 23. | ਬਾਲ ਯੌਨ ਦੁਰਵਿਵਹਾਰ ਦੂਜੇ ਦੇਸ਼ਾਂ ਵਿੱਚ ਹੁੰਦਾ ਹੈ, ਸਾਡੇ ਸਮਾਜ ਵਿੱਚ ਨਹੀਂ। | | | | | |
| 24. | ਪਰਿਵਾਰ ਸਭ ਤੋਂ ਸੁਰੱਖਿਅਤ ਸਥਾਨ ਹੈ। | | | | | |
| 25. | ਕੇਵਲ ਅਣਜਾਣ ਵਿਅਕਤੀ ਹੀ ਬੱਚਿਆਂ ਨਾਲ ਯੌਨ ਬਦਸਲੂਕੀ ਕਰ ਸਕਦੇ ਹਨ। | | | | | |
| 26. | ਬਾਲ ਯੌਨ ਬਦਸਲੂਕੀ ਕੇਵਲ ਗਰੀਬਾਂ ਵਿੱਚ, ਕਾਮਿਆਂ ਵਿੱਚ, ਬੇਰੁਜ਼ਗਾਰਾਂ ਅਤੇ ਅਨਪੜ੍ਹ ਪਰਿਵਾਰਾਂ ਵਿੱਚ ਵਾਪਰਦੀ ਹੈ। | | | | | |
| 27. | ਬਾਲ ਯੌਨ ਬਦਸਲੂਕੀ ਕੇਵਲ ਇੱਕ ਵਾਰ ਦੀ ਘਟਨਾ ਹੁੰਦੀ ਹੈ। | | | | | |
| 28. | ਬੱਚੇ ਯੌਨ ਬਦਸਲੂਕੀ ਬਾਰੇ ਕਹਾਣੀਆਂ ਬਣਾਉਂਦੇ ਹਨ ਜਾਂ ਝੂਠ ਬੋਲਦੇ ਹਨ। | | | | | |
| 29. | ਜੇਕਰ ਕੋਈ ਲੜਕੀ ਕਿਸੇ ਲੜਕੇ ਨਾਲ ਭੱਜ ਜਾਂਦੀ ਹੈ, ਤਾਂ ਇਹ ਯੌਨ ਬਦਸਲੂਕੀ ਨਹੀਂ ਹੈ। | | | | | |
| 30. | ਕੇਵਲ ਲੜਕੀਆਂ ਨਾਲ ਹੀ ਯੌਨ ਦੁਰਵਿਵਹਾਰ ਹੁੰਦਾ ਹੈ। | | | | | |
| 31. | ਯੌਨ ਦੁਰਵਿਵਹਾਰ ਕੇਵਲ ਬਾਲਗ ਵਿਅਕਤੀ ਹੀ ਕਰਦੇ ਹਨ। | | | | | |
| 32. | ਇੱਕ ਧਾਰਮਿਕ ਨੇਤਾ ਕਦੇ ਵੀ ਕਿਸੇ ਬੱਚੇ ਨਾਲ ਦੁਰਵਿਵਹਾਰ ਨਹੀਂ ਕਰੇਗਾ। | | | | | |
| 33. | ਬੱਚਿਆਂ ਲਈ ਕੰਮ ਕਰਣ ਵਾਲੀ ਸਮਾਜਕ ਸੰਸਥਾ ਦੇ ਸਟਾਫ਼ ਦੇ ਵਿਅਕਤੀ ਕਦੇ ਵੀ ਓਹਨਾਂ ਬੱਚਿਆਂ ਨਾਲ ਦੁਰਵਿਵਹਾਰ ਨਹੀਂ ਕਰਣਗੇ। | | | | | |
| 34. | ਦੁਰਵਿਵਹਾਰ ਹੋਣ ਦਾ ਖਤਰਾ ਵਿਕਲਾਂਗ ਬੱਚਿਆਂ ਲਈ ਬਾਕੀ ਬੱਚਿਆਂ ਦੇ ਮੁਕਾਬਲੇ ਅਧਿਕ ਹੁੰਦਾ ਹੈ। | | | | | |
| 35. | ਦੁਰਵਿਵਹਾਰ ਕਰਣ ਵਾਲੇ ਵਿਅਕਤੀ ਮਾਨਸਿਕ ਤੌਰ ਤੇ ਅਸਵਸਥ ਹੁੰਦੇ ਹਨ। | | | | | |
| 36. | ਜੇਕਰ ਕੋਈ ਬੱਚਾ ਚਾਹੇ ਤਾਂ ਹੀ ਉਸ ਦੇ ਨਾਲ ਯੌਨ ਦੁਰਵਿਵਹਾਰ ਹੋ ਸਕਦਾ ਹੈ। ਇਸ ਵਿੱਚ ਉਸ ਦਾ ਹੀ ਕਸੂਰ ਹੁੰਦਾ ਹੈ। | | | | | |
| 37. | ਬਾਲ ਯੌਨ ਦੁਰਵਿਵਹਾਰ ਕੇਵਲ ਬੁਰੀਆਂ ਲੜਕੀਆਂ/ਬੱਚਿਆਂ ਨਾਲ ਹੀ ਹੁੰਦਾ ਹੈ। | | | | | |
| 38. | ਜੇਕਰ ਕੋਈ ਬੱਚਾ ਕਿਸੇ ਯੌਨ ਸੰਪਰਕ ਨੂੰ ਨਹੀਂ ਰੋਕਦਾ, ਇਸ ਦਾ ਅਰਥ ਹੈ ਕਿ ਉਹ ਇਸ ਦੇ ਲਈ ਤਿਆਰ ਹੈ। | | | | | |
| 39 | ਬਾਲ ਯੌਨ ਦੁਰਵਿਵਹਾਰ ਦੀ ਰਿਪੋਰਟ ਕਰਣ ਨਾਲ ਗੱਲ ਹੋਰ ਵਿਗੜ ਜਾਂਦੀ ਹੈ। | | | | | |

| ਕ੍ਰਮ ਸੰ. | ਉਪਰੋਕਤ ਦਿੱਤੇ ਬਿਆਨਾਂ ਲਈ ਸੰਭਵ ਵਿਵਰਣ |
|---|---|
| 23. | ਇਹ ਮਿਥਕ ਇੱਕ ਅਸਹਿਜ ਸੱਚਾਈ ਤੋਂ ਇਨਕਾਰ ਕਰਣ ਲਈ ਕੰਮ ਕਰਦਾ ਹੈ। ਜਦੋਂ ਤੋਂ ਸੰਸਾਰ ਵਿੱਚ ਸਭਿਅਤਾ ਮੌਜੂਦ ਹੈ, ਉਦੋਂ ਤੋਂ ਹੀ ਯੌਨ ਦੁਰਵਿਵਹਾਰ ਸੰਸਾਰ ਵਿੱਚ ਮੌਜੂਦ ਹੈ। ਭਾਰਤ ਵਿੱਚ ਸੰਸਾਰ ਭਰ ਵਿਚੋਂ ਯੌਨ ਦੁਰਵਿਵਹਾਰ ਨਾਲ ਪੀੜਿਤ ਬੱਚਿਆਂ ਦੀ ਸੰਖਿਆ ਸਭ ਤੋਂ ਅਧਿਕ ਹੈ। ਇਹ ਵਿਸ਼ਵਾਸ ਕਰਨਾ ਗਲਤ ਹੈ ਕਿ ਇਹ ਸਿਰਫ ਸ਼ਹਿਰਾਂ ਅਤੇ ਕਸਬਿਆਂ ਵਿੱਚ ਵਾਪਰਦਾ ਹੈ ਅਤੇ ਪਿੰਡਾਂ ਵਿੱਚ ਨਹੀਂ ਜਾਂ ਇਹ ਪੱਛਮੀ ਪ੍ਰਭਾਵ ਕਾਰਣ ਭਾਰਤ 'ਚ ਆ ਗਿਆ ਹੈ। ਵੇਸਵਾਵ੍ਰਿੱਤੀ ਲਈ ਲੜਕੀਆਂ ਨੂੰ ਵੇਚਣਾ ਜਾਂ ਦੇਵਦਾਸੀ ਪ੍ਰਥਾ ਜਾਂ ਜੋਗਿਨੀ ਪ੍ਰਥਾ ਵਰਗੀਆਂ ਧਾਰਮਿਕ ਅਤੇ ਸੱਭਿਆਚਾਰਕ ਪ੍ਰਥਾਵਾਂ ਭਾਰਤ ਦੀਆਂ ਹੀ ਪ੍ਰਾਚੀਨ ਪ੍ਰਥਾਵਾਂ ਹਨ, ਜਿਹੜੀਆਂ ਮੰਦਰਾਂ ਦੇ ਪੁਜਾਰੀਆਂ ਅਤੇ ਸਰਪ੍ਰਸਤਾਂ ਨੂੰ ਬੱਚਿਆਂ ਨਾਲ ਯੌਨ ਦੁਰਵਿਵਹਾਰ ਕਰਣ ਦੀ ਆਗਿਆ ਦਿੰਦਿਆਂ ਹਨ। |
| 24. | ਪਰਿਵਾਰ ਸਭ ਤੋਂ ਸੁਰੱਖਿਅਤ ਸਥਾਨ ਹੁੰਦਾ ਹੈ, ਜੇਕਰ ਉੱਥੇ ਦੁਰਵਿਵਹਾਰ ਨਾ ਹੋ ਰਿਹਾ ਹੋਵੇ। ਆਪਣੇ ਹੀ ਪਿਤਾ ਜਾਂ ਚਾਚੇ/ਤਾਏ ਦੁਆਰਾ ਬੱਚਿਆਂ ਨਾਲ ਯੌਨ ਦੁਰਵਿਵਹਾਰ ਦੀਆਂ ਖਬਰਾਂ ਸਭ ਨੂੰ ਪਤਾ ਹੁੰਦੀਆਂ ਹਨ। ਪਰਿਵਾਰ ਵੱਲੋਂ ਦੁਰਵਿਵਹਾਰ ਸੱਚ ਹੀ ਬਹੁਤ ਭਿਆਨਕ ਗੱਲ ਹੈ। ਪਰ ਜੇਕਰ ਇਹ ਕਿਹਾ ਜਾਵੇ ਕਿ ਇਹ ਪਰਿਵਾਰ ਵਿੱਚ ਵਾਪਰ ਹੀ ਨਹੀਂ ਸਕਦਾ, ਤਾਂ ਇਹ ਬੱਚਿਆਂ ਲਈ ਮਦਦ ਤੋਂ ਮੁੱਕਰਣ ਵਾਲੀ ਗੱਲ ਹੈ, ਜਿਨਾਂ ਨੂੰ ਕਦੇ ਇਸ ਮਦਦ ਦੀ ਲੋੜ ਪੈ ਸਕਦੀ ਹੈ। |
| 25. | ਅਧਿਐਨਾਂ ਤੋਂ ਪਤਾ ਚਲਦਾ ਹੈ ਕਿ ਯੌਨ ਦੁਰਵਿਵਹਾਰ ਦੇ 90% ਕੇਸਾਂ ਵਿੱਚ ਅਪਰਾਧੀ ਪੀੜਿਤ ਦਾ ਜਾਣਿਆ-ਪਛਾਣਿਆ ਹੁੰਦਾ ਹੈ। |
| 26. | ਬਾਲ ਯੌਨ ਦੁਰਵਿਵਹਾਰ ਸਾਰੇ ਆਰਥਿਕ ਅਤੇ ਸਮਾਜਿਕ ਵਰਗਾਂ ਅਤੇ ਧਾਰਮਿਕ ਅਤੇ ਨਸਲੀ ਗਰੁੱਪਾਂ ਵਿਚ ਵਾਪਰਦਾ ਹੈ। ਕਿਉਂਕਿ ਗਰੀਬਾਂ ਅਤੇ ਮਜ਼ਦੂਰਾਂ ਦੇ ਜੀਵਨ ਸਾਹਮਣੇ ਹੁੰਦੇ ਹਨ, ਇਸ ਲਈ ਹੇਠਲੇ ਸਮਾਜਿਕ-ਆਰਥਿਕ ਵਰਗ ਵਿੱਚ ਇਹ ਅਧਿਕ ਦਿਖਾਈ ਦਿੰਦਾ ਹੈ ਅਤੇ ਮੱਧ ਵਰਗ ਅਤੇ ਅਮੀਰ ਪਰਿਵਾਰਾਂ ਵਿੱਚ ਇਸ ਬਾਰੇ ਘੱਟ ਗੱਲ ਕੀਤੀ ਜਾਂਦੀ ਹੈ। ਬਹੁਤੇ ਲੋਕ ਯੌਨ ਦੁਰਵਿਵਹਾਰ ਦੇ ਮਾਮਲੇ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਪੜ੍ਹੇ-ਲਿਖੇ ਅਤੇ ਤਾਕਤਵਰ ਲੋਕ ਦੂਜਿਆਂ ਦੀ ਤੁਲਨਾ ਵਿੱਚ ਇਸ ਨੂੰ ਅਧਿਕ ਛੁਪਾਉਂਦੇ ਹਨ। |
| 27. | ਯੌਨ ਦੁਰਵਿਵਹਾਰ ਵਾਰ-ਵਾਰ ਦੁਹਰਾਇਆ ਜਾਂਦਾ ਹੈ ਅਤੇ ਜੇਕਰ ਨਾ ਦੱਸਿਆ ਜਾਵੇ, ਤਾਂ ਚਲਦਾ ਹੀ ਰਹਿ ਸਕਦਾ ਹੈ। ਬੱਚਿਆਂ ਦੇ ਮਾਮਲੇ ਵਿੱਚ ਅਕਸਰ ਇਸ ਬਾਰੇ ਪਤਾ ਹੀ ਨਹੀਂ ਚਲਦਾ, ਜਾਂ ਬਹੁਤ ਬਾਅਦ ਵਿੱਚ ਪਤਾ ਚਲਦਾ ਹੈ ਕਿਉਂਕਿ ਬੱਚਿਆਂ ਨੂੰ ਜ਼ਬਰਦਸਤੀ ਕਰ ਕੇ ਆਸਾਨੀ ਨਾਲ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਕਈ ਵਾਰ, ਬੱਚਿਆਂ ਨੂੰ ਪਤਾ ਵੀ ਨਹੀਂ ਚਲਦਾ ਕਿ ਓਹਨਾਂ ਨਾਲ ਯੌਨ ਦੁਰਵਿਵਹਾਰ ਹੋ ਰਿਹਾ ਹੈ।. |
| 28. | ਯੌਨ ਦੁਰਵਿਵਹਾਰ ਬਾਰੇ ਬੱਚੇ ਘੱਟ ਹੀ ਝੂਠ ਬੋਲਦੇ ਹਨ। ਅਤੇ ਜੇਕਰ ਅਜਿਹਾ ਹੋਵੇ ਵੀ ਤਾਂ ਇਹ ਬਾਲਗਾਂ ਦੇ ਪ੍ਰਭਾਵ ਜਾਂ ਜ਼ਬਰਦਸਤੀ ਕਾਰਣ ਹੁੰਦਾ ਹੈ। |
| 29. | ਜੇਕਰ ਕੋਈ ਲੜਕੀ ਕਿਸੇ ਲੜਕੇ ਨਾਲ ਭੱਜ ਕੇ ਵਿਆਹ ਕਰਵਾ ਲਵੇ . ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੇ ਯੌਨ ਸਬੰਧਾਂ ਲਈ ਆਪਣੀ ਮਨਜੂਰੀ ਦੇ ਦਿੱਤੀ ਹੈ।<br>ਭਾਰਤ ਵਿੱਚ, ਵਿਆਹ ਤੋਂ ਬਾਅਦ ਦੇ ਬਲਾਤਕਾਰ ਨੂੰ ਸਵੀਕਾਰ ਨਹੀਂ ਕੀਤਾ ਗਿਆ, ਪਰ ਵਿਆਹ ਤੋਂ ਬਾਅਦ ਵੀ ਜੇਕਰ ਪਤਨੀ ਦੀ ਸਵੀਕ੍ਰਿਤੀ ਨਹੀਂ ਹੈ, ਤਾਂ ਯੌਨ ਸੰਬੰਧ ਬਲਾਤਕਾਰ ਹੀ ਹੁੰਦਾ ਹੈ। ਵਿਆਹ ਕਿਸੇ ਔਰਤ ਨਾਲ ਯੌਨ ਦੁਰਵਿਵਹਾਰ ਕਰਣ ਦਾ ਸਰਟੀਫਿਕੇਟ ਨਹੀਂ ਦੇ ਦਿੰਦਾ।<br>ਇਸ ਤੋਂ ਇਲਾਵਾ, ਕੋਈ ਲੜਕਾ/ਆਦਮੀ ਲੜਕੀ ਨੂੰ ਵਿਆਹ ਦਾ ਲਾਲਚ ਦੇ ਕੇ ਉਸ ਨਾਲ ਯੌਨ ਬਦਸਲੂਕੀ ਕਰਣ ਲਈ ਉਸ ਦੇ ਵਿਸ਼ਵਾਸ ਦਾ ਗਲਤ ਫਾਇਦਾ ਵੀ ਉਠਾ ਰਿਹਾ ਹੋ ਸਕਦਾ ਹੈ।<br>ਆਮ ਤੌਰ ਤੇ ਅਜਿਹੇ ਕਾਰਣ ਲੜਕੀ ਨੂੰ ਬਦਨਾਮ ਕਰਣ ਲਈ ਦਿੱਤੇ ਜਾਂਦੇ ਹਨ। ਨਤੀਜੇ ਵਜੋਂ, ਅਪਰਾਧੀ ਕਿਸੇ ਹੋਰ ਲੜਕੀ ਨਾਲ ਬਦਸਲੂਕੀ ਕਰਣ ਲਈ ਆਜ਼ਾਦ ਰਹਿੰਦਾ ਹੈ।<br>ਕਾਨੂੰਨ ਦੇ ਅਨੁਸਾਰ, 16 ਸਾਲ ਦੀ ਉਮਰ ਤੋਂ ਘੱਟ ਉਮਰ ਦੀ ਲੜਕੀ ਨਾਲ ਸ਼ਰੀਰਿਕ ਸੰਬੰਧ ਬਣਾਓਣਾ ਬਲਾਤਕਾਰ ਦੇ ਬਰਾਬਰ ਹੀ ਹੁੰਦਾ ਹੈ ਅਤੇ ਇਸ ਵਿੱਚ ਲੜਕੀ ਦੀ ਮਰਜ਼ੀ ਦਾ ਸਵਾਲ ਹੀ ਨਹੀਂ ਹੈ। |
| 30. | ਲੜਕੇ ਅਤੇ ਲੜਕੀਆਂ ਦੋਹਾਂ ਨਾਲ ਦੁਰਵਿਵਹਾਰ ਕੀਤਾ ਜਾਂਦਾ ਹੈ। ਲੋਕ ਸੋਚਦੇ ਹਨ ਕਿ ਕੇਵਲ ਆਦਮੀ ਹੀ ਔਰਤ ਨਾਲ ਯੌਨ ਬਦਸਲੂਕੀ ਕਰ ਸਕਦਾ ਹੈ। ਭਾਵੇਂ ਲੜਕੀਆਂ ਇਸ ਦਾ ਅਧਿਕ ਸ਼ਿਕਾਰ ਹੁੰਦੀਆਂ ਹਨ, ਪਰ ਲੜਕੇ ਵੀ ਯੌਨ ਬਦਸਲੂਕੀ ਦਾ ਸ਼ਿਕਾਰ ਹੋ ਸਕਦੇ ਹਨ। ਲੜਕਿਆਂ ਨਾਲ ਯੌਨ ਦੁਰਵਿਵਹਾਰ ਆਮ ਤੌਰ ਤੇ ਢਕਿਆ ਹੀ ਰਹਿ ਜਾਂਦਾ ਹੈ ਕਿਉਂਕਿ ਆਮ ਤੌਰ ਤੇ ਲੜਕਿਆਂ ਨੂੰ ਆਪਣੀ ਮਰਦਾਨਗੀ ਵਿੱਚ ਰਹਿਣਾ ਸਿਖਾਇਆ ਜਾਂਦਾ ਹੈ ਅਤੇ ਓਹ ਮਦਦ ਵੀ ਨਹੀਂ ਮੰਗ ਸਕਦੇ। ਦੂਜੇ ਸ਼ਬਦਾਂ ਵਿੱਚ, ਭਾਵੇਂ ਲੜਕੀਆਂ ਇਸ ਦਾ ਅਧਿਕ ਸ਼ਿਕਾਰ ਹੁੰਦੀਆਂ ਹਨ, ਪਰ ਬਾਲ ਯੌਨ ਬਦਸਲੂਕੀ ਕਿਸੇ ਵੀ ਲਿੰਗ ਦੁਆਰਾ ਕਿਸੇ ਵੀ ਲਿੰਗ ਤੇ ਕੀਤੀ ਜਾ ਸਕਦੀ ਹੈ। |
| 31. | ਕਈ ਵਾਰ ਬੱਚੇ ਹੀ ਬੱਚਿਆਂ ਨਾਲ ਯੌਨ ਬਦਸਲੂਕੀ ਕਰਦੇ ਹਨ। ਵੱਡੇ ਬੱਚਿਆਂ ਦੁਆਰਾ ਛੋਟੇ ਬੱਚਿਆਂ ਨਾਲ ਅਤੇ ਬਰਾਬਰ ਦੇ ਬੱਚਿਆਂ ਦੁਆਰਾ ਆਪਣੀ ਤਾਕਤ ਦਾ ਇਸਤੇਮਾਲ ਕਰਣ ਲਈ ਦੂਜੇ ਬੱਚਿਆਂ ਨਾਲ ਯੌਨ ਬਦਸਲੂਕੀ ਕਰਣ ਦੀਆਂ ਘਟਨਾਵਾਂ ਵੀ ਘੱਟ ਨਹੀਂ ਹੁੰਦੀਆਂ। |
| 32. | ਬਦਸਲੂਕੀ ਕਰਣ ਵਾਲਾ ਕੋਈ ਵੀ ਹੋ ਸਕਦਾ ਹੈ। ਵਿਸ਼ਵਾਸ ਕਰਨਾ ਸ਼ਾਇਦ ਮੁਸ਼ਕਿਲ ਲੱਗੇ, ਪਰ ਧਾਰਮਿਕ ਸਿੱਖਿਆ ਦੀਆਂ ਸੰਸਥਾਵਾਂ ਵਿੱਚ ਬੱਚਿਆਂ ਨਾਲ ਯੌਨ ਦੁਰਵਿਵਹਾਰ ਦੀਆਂ ਘਟਨਾਵਾਂ ਵੀ ਵਾਪਰਦੀਆਂ ਹਨ। ਰੂਹਾਨੀ ਆਗੂਆਂ ਦੁਆਰਾ ਯੌਨ ਦੁਰਵਿਵਹਾਰ ਦੀਆਂ ਖਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਅੰਨੇ ਵਿਸ਼ਵਾਸ ਦੇ ਕਦੇ ਵੀ ਫਾਇਦਾ ਉਠਾਇਆ ਜਾ ਸਕਦਾ ਹੈ। |
| 33. | ਜਿਵੇਂ ਕਿ ਪਹਿਲਾਂ ਚਰਚਾ ਕੀਤੀ ਗਈ ਸੀ, ਬਦਸਲੂਕੀ ਕਰਣ ਵਾਲਾ ਜਾਣਿਆ-ਪਛਾਣਿਆ ਜਾਂ ਅਣਜਾਣ ਕੋਈ ਵੀ ਹੋ ਸਕਦਾ ਹੈ। ਇਸ ਲਈ ਜੇਕਰ ਕੋਈ ਬੱਚਾ ਕਿਸੇ ਅਧਿਆਪਕ ਨਾਲ ਜਾਂ ਬੱਚਿਆਂ ਦੇ ਕਲਿਆਣ ਲਈ ਕੰਮ ਕਰਣ ਵਾਲੇ ਕਿਸੇ ਵਿਅਕਤੀ ਨਾਲ ਅਸੁਰੱਖਿਅਤ ਮਹਿਸੂਸ ਕਰਦਾ ਹੋਵੇ, ਤਾਂ ਓਹਨਾਂ ਨੂੰ ਇਹ ਦੱਸਣਾ ਚਾਹੀਦਾ ਹੈ। ਅੱਜ-ਕੱਲ ਬੱਚਿਆਂ ਲਈ ਕੰਮ ਕਰਣ ਵਾਲੀਆਂ ਸਮਾਜਕ ਸੰਸਥਾਵਾਂ ਨੇ ਆਪਣੇ ਸਟਾਫ਼ ਦੁਆਰਾ ਬਾਲ ਸੁਰੱਖਿਆ ਪਾਲਿਸੀ ਸਾਈਨ ਕਰਵਾਓਣ ਦੀ ਨੀਤੀ ਆਪਣਾ ਲਈ ਹੈ। |

| | |
|---|---|
| 34. | ਕਿਸੇ ਵੀ ਤਰਾਂ ਦੀ ਵਿਕਲਾਂਗਤਾ ਵਾਲੇ ਬੱਚੇ ਦੁਰਵਿਵਹਾਰ ਦਾ ਸੌਖਾ ਸ਼ਿਕਾਰ ਬਣਦੇ ਹਨ ਕਿਓਂਕਿ ਓਹਨਾਂ ਨੂੰ ਝੂਠਾ ਸਹਿਯੋਗ, ਝੂਠੀ ਹਮਦਰਦੀ ਦਿਖਾ ਕੇ ਅਤੇ ਤੋਹਫ਼ੇ ਅਤੇ ਧਿਆਨ ਦੇ ਕੇ ਓਹਨਾਂ ਦਾ ਵਿਸ਼ਵਾਸ ਹਾਸਿਲ ਕੀਤਾ ਜਾ ਸਕਦਾ ਹੈ। ਓਹਨਾਂ ਉੱਤੇ ਸ਼ਰੀਰਿਕ ਤਾਕਤ ਵੀ ਆਸਾਨੀ ਨਾਲ ਕੰਮ ਆਓਂਦੀ ਹੈ। |
| 35. | ਬੱਚਿਆਂ ਨਾਲ ਯੌਨ ਬਦਸਲੂਕੀ ਕਰਣ ਵਾਲੇ ਵਿਅਕਤੀ ਆਮ ਲੋਕ ਹੀ ਹੁੰਦੇ ਹਨ। ਓਹਨਾਂ ਨੂੰ ਮਾਨਸਿਕ ਤੌਰ ਤੇ ਬੀਮਾਰ ਕਹਿਣਾ ਓਹਨਾਂ ਦੀ ਓਹਨਾਂ ਦੇ ਗੁਨਾਹਾਂ ਤੋਂ ਆਜ਼ਾਦ ਕਰਣ ਵਿੱਚ ਮਦਦ ਹੀ ਕਰੇਗਾ। |
| 36. | ਇਹ ਮਿਥਕ ਕੇਵਲ ਦੁਰਵਿਵਹਾਰ ਦੇ ਅਪਰਾਧ ਦੀ ਜ਼ਿੰਮੇਵਾਰੀ ਬੱਚੇ ਉੱਤੇ ਪਾਓਂਦਾ ਹੈ। ਬੱਚੇ ਕਮਜ਼ੋਰ ਹੁੰਦੇ ਹਨ ਅਤੇ ਯੌਨ ਅਤੇ ਬਾਲਗ ਝੁਕਾਓ ਬਾਰੇ ਓਹਨਾਂ ਨੂੰ ਗਿਆਨ ਨਹੀਂ ਹੁੰਦਾ। ਬਾਲਗਾਂ ਦੀ ਗਤੀਵਿਧੀ ਲਈ ਕਿਸੇ ਵੀ ਤਰਾਂ ਓਹਨਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਬੱਚਿਆਂ ਵਿਚਕਾਰ ਯੌਨ ਗਤੀਵਿਧੀ ਦੇ ਕੇਸ ਵਿੱਚ ਵੀ, ਇੱਕ ਬੱਚੇ ਦੀ ਸਹਿਮਤੀ ਦੀ ਗੱਲ ਨੂੰ ਮੰਨਿਆ ਨਹੀਂ ਜਾ ਸਕਦਾ। ਇੱਕ ਸਮਾਜ ਜਿਸ ਵਿੱਚ ਬੱਚਿਆਂ ਨਾਲ ਯੌਨ ਮਾਮਲਿਆਂ ਬਾਰੇ ਗੱਲ ਹੀ ਨਹੀਂ ਕੀਤੀ ਜਾਂਦੀ, ਉਸ ਵਿੱਚ ਅਧੂਰੇ ਜਾਂ ਗਲਤ ਗਿਆਨ ਦੇ ਨਤੀਜੇ ਵਜੋਂ ਯੌਨ ਗਤੀਵਿਧੀ ਲਈ ਬੱਚਿਆਂ ਨੂੰ ਦੋਸ਼ ਦੇਣਾ ਸਹੀ ਨਹੀਂ ਹੈ। |
| 37. | ਇਹ ਨਿਸ਼ਚਾ ਕਰਨਾ ਜ਼ਰੂਰੀ ਹੈ ਕਿ ਇੱਕ ਸਮਾਜ ਦੇ ਤੌਰ ਤੇ ਅਸੀਂ ਕਿਸੇ ਗੁਨਾਹ ਨੂੰ ਕਿਸੇ ਵਿਅਕਤੀ ਦੇ ਚਰਿੱਤਰ ਦੇ ਆਧਾਰ ਤੇ ਮੰਨਣਾ ਹੈ ਜਾਂ ਗੁਨਾਹ ਦੇ ਤੱਥਾਂ ਦੇ ਆਧਾਰ ਤੇ। ਉਦੇਸ਼ ਚਰਿੱਤਰ ਬਾਰੇ ਸੋਚਣਾ ਹੈ ਜਾਂ ਇੱਕ ਗਲਤ ਦਾ ਨਿਪਟਾਰਾ ਕਰਨਾ, ਜਿਹੜਾ ਕਿ ਕਿਸੇ ਨਾਲ ਵੀ ਵਾਪਰ ਸਕਦਾ ਹੈ। ਅਜਿਹੇ ਸ਼ਬਦ ਜਾਂ ਟਿੱਪਣੀਆਂ ਓਹਨਾਂ ਲੋਕਾਂ ਦੁਆਰਾ ਕੀਤੀਆਂ ਜਾਂਦੀਆਂ ਹਨ, ਜਿਹੜੇ ਯੌਨ ਦੁਰਵਿਵਹਾਰ ਨੂੰ ਖਤਮ ਹੀ ਨਹੀਂ ਕਰਨਾ ਚਾਹੁੰਦੇ ਜਾਂ ਜਿਹੜੇ ਆਪ ਹੀ ਅਪਰਾਧੀ ਹੁੰਦੇ ਹਨ। ਇਹ ਪੀੜਿਤ ਉੱਤੇ ਦੋਸ਼ ਸੁੱਟਣ ਦਾ ਇੱਕ ਤਰੀਕਾ ਹੁੰਦਾ ਹੈ। |
| 38. | ਪ੍ਰਤਿਰੋਧ ਦੇ ਲੱਛਣ ਬਦਸਲੂਕੀ ਦੇ ਕਿਸੇ ਕੇਸ ਦਾ ਨਿਰਣਾ ਕਰਣ ਲਈ ਮਾਪਦੰਡ ਨਹੀਂ ਹੋ ਸਕਦੇ। ਯੌਨ ਬਦਸਲੂਕੀ ਦੀ ਘਟਨਾ ਪੀੜਿਤ ਨੂੰ ਸਦਮੇ ਵਿੱਚ ਪਾ ਦਿੰਦੀ ਹੈ ਅਤੇ ਉਹ ਪ੍ਰਤਿਰੋਧ ਕਰਣ ਦੀ ਸਥਿਤੀ ਵਿੱਚ ਹੀ ਨਹੀਂ ਹੁੰਦਾ। ਇਸ ਤੋਂ ਇਲਾਵਾ, ਧਮਕੀ ਅਤੇ ਜ਼ਬਰਦਸਤੀ ਦੀ ਵਰਤੋਂ ਪ੍ਰਤਿਰੋਧ ਦੀ ਗੁੰਜਾਇਸ਼ ਨਹੀਂ ਛੱਡਦੀ। ਨਾਲ ਹੀ, ਪ੍ਰਤਿਰੋਧ ਹਮੇਸ਼ਾ ਸ਼ਰੀਰਿਕ ਪ੍ਰਤਿਰੋਧ ਹੋ ਸਕਦਾ ਹੈ। ਇਸ ਦਾ ਇਹ ਮਤਲਬ ਨਹੀਂ ਹੋਣਾ ਚਾਹੀਦਾ ਕਿ ਪ੍ਰਤਿਰੋਧ ਹੋਇਆ ਹੀ ਨਹੀਂ ਜਾਂ ਪੀੜਿਤ ਦੀ ਸਹਿਮਤੀ ਸ਼ਾਮਿਲ ਸੀ। |
| 39. | ਕਿਸੇ ਦੁਰਵਿਵਹਾਰ ਕਰਣ ਵਾਲੇ ਦੇ ਵਿਰੁੱਧ ਕਾਨੂੰਨੀ ਲੜਾਈ ਲੜਨਾ ਆਸਾਨ ਨਹੀਂ ਹੈ। ਪ੍ਰਣਾਲੀ ਹਮੇਸ਼ਾ ਬਾਲ-ਦੋਸਤਾਨਾ ਨਹੀਂ ਹੁੰਦੀ। ਪਰ ਸਮੱਸਿਆ ਨੂੰ ਛੁਪਾਓਣ ਦੀ ਥਾਂ ਇਸ ਬਾਰੇ ਰਿਪੋਰਟ ਕਰਨਾ ਤਾਂ ਜ਼ਰੂਰੀ ਹੈ। ਕੇਸ ਦੀ ਰਿਪੋਰਟ ਕੀਤੀ ਜਾਵੇਗੀ, ਤਾਂ ਹੀ ਅਪਰਾਧੀ ਨੂੰ ਸਜ਼ਾ ਮਿਲਣ ਦੀ ਸੰਭਾਵਨਾ ਬਣੇਗੀ। ਇਸ ਨਾਲ ਉਸ ਅਪਰਾਧੀ ਤੋਂ ਹੋਰ ਬੱਚਿਆਂ ਨੂੰ ਬਚਾਓਣ ਵਿੱਚ ਵੀ ਮਦਦ ਮਿਲੇਗੀ, ਜਿਹੜੇ ਕਿ ਉਸ ਦਾ ਸ਼ਿਕਾਰ ਬਣ ਸਕਦੇ ਸਨ। ਬਦਸਲੂਕੀ ਬਾਰੇ ਰਿਪੋਰਟ ਨਾ ਕਰਣ ਤੇ, ਜਦੋਂ ਤੱਕ ਅਪਰਾਧੀ ਪਕੜਿਆ ਜਾਵੇਗਾ, ਉਦੋਂ ਤੱਕ ਤਾਂ ਬਹੁਤ ਸਾਰੇ ਹੋਰ ਬੱਚੇ ਵੀ ਉਸ ਦਾ ਸ਼ਿਕਾਰ ਬਣ ਚੁਕੇ ਹੋਣਗੇ। |

## ਬਦਸਲੂਕੀ ਨੂੰ ਪਹਿਚਾਨਣਾ - ਬਦਸਲੂਕੀ ਦੇ ਲੱਛਣ

ਬਾਲ ਬਦਸਲੂਕੀ ਦਾ ਗਿਆਨ ਉਦੋਂ ਤੱਕ ਪੂਰਾ ਨਹੀਂ ਹੁੰਦਾ ਜਦੋਂ ਤੱਕ ਲੋਕ ਇਸ ਨੂੰ ਪਹਿਚਾਨਣ ਦੇ ਯੋਗ ਨਾ ਹੋਣ।

ਬੱਚੇ ਨਾਲ ਹੁੰਦੀ ਬਦਸਲੂਕੀ ਕਾਰਣ ਉਸ ਵਿੱਚ ਕੁਝ ਨਿਮਨ ਵਰਗੇ ਲੱਛਣ ਦਿਖਣ ਲਗਦੇ ਹਨ :

- ਵਿਸ਼ਵਾਸ ਦੀ ਕਮੀ
- ਬਹੁਤ ਘੱਟ ਬੋਲਦਾ ਹੈ ਜਾਂ ਬੋਲਦਾ ਹੀ ਨਹੀਂ
- ਕੁਝ ਕਹਿਣ ਤੋਂ ਡਰਦਾ ਹੈ
- ਅਚਾਨਕ ਜਾਂ ਅਸਪਸ਼ਟੀਕ੍ਰਿਤ ਗੁੱਸਾ ਜਾਂ ਵਿਵਹਾਰ
- ਆਕ੍ਰਾਮਕਤਾ ਅਤੇ ਕ੍ਰੋਧ
- ਇਕੱਲੇ ਰਹਿਣਾ
- ਜ਼ਿਆਦਾ ਪ੍ਰਤੀਕਿਰਿਆ ਦੇਣਾ ਜਾਂ ਅਚਾਨਕ ਗੁੱਸੇ ਹੋ ਜਾਣਾ ਅਤੇ ਚੀਕਣਾ
- ਲਗਾਤਾਰ ਬੀਮਾਰ ਜਾਂ ਸੁਸਤ ਰਹਿਣਾ
- ਉਦਾਸ ਦਿਖਣਾ
- ਦੂਜਿਆਂ ਤੋਂ ਅਸਾਧਾਰਣ ਤੌਰ ਤੇ ਵੱਖ ਰਹਿਣਾ
- ਸਕੂਲ ਵਿੱਚ ਖਰਾਬ ਪ੍ਰਦਰਸ਼ਨ
- ਡਰਾਵਨੇ ਸੁਪਨੇ ਆਓਣਾ
- ਦੋਸਤਾਂ ਅਤੇ ਹੋਰ ਲੋਕਾਂ ਨਾਲ ਗੱਲ ਨਾ ਕਰਨਾ
- ਕਿਸੇ ਖਾਸ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦਾ ਨਾਲ 'ਕੱਲੇ ਰਹਿ ਜਾਣ ਦਾ ਡਰ
- ਘਰ ਤੋਂ ਭੱਜ ਜਾਣਾ
- ਬਿਸਤਰਾ ਗਿੱਲਾ ਕਰਨਾ
- ਵਾਧੂ ਖਾਣਾ ਖਾਣਾ ਜਾਂ ਐਨੋਰੇੱਕਸੀਆ
- ਨਸ਼ੀਲੇ ਪਦਾਰਥਾਂ ਦਾ ਸੇਵਨ
- ਆਪਣੇ ਆਪ ਨੂੰ ਨੁਕਸਾਨ ਪਹੁੰਚਾਓਣਾ
- ਆਤਮ-ਹੱਤਿਆ ਦੀ ਪ੍ਰਵ੍ਰਿੱਤੀ

## ਵੱਖ-ਵੱਖ ਤਰਾਂ ਦੀ ਬਦਸਲੂਕੀ ਦੇ ਵਿਸ਼ੇਸ਼ ਲੱਛਣ:

| ਸ਼ਰੀਰਿਕ ਬਦਸਲੂਕੀ ਦੇ ਲੱਛਣ | ਭਾਵਨਾਤਮਕ ਅਤੇ ਮੌਖਿਕ ਬਦਸਲੂਕੀ ਦੇ ਲੱਛਣ | ਬਾਲ-ਅਣਗਹਿਲੀ ਦੇ ਲੱਛਣ | ਬਾਲ ਯੌਨ ਬਦਸਲੂਕੀ ਦੇ ਲੱਛਣ |
|---|---|---|---|
| • ਚੋਟ ਦੇ ਨਿਸ਼ਾਨ ਖਾਸ ਕਰਕੇ ਤਣੇ, ਉੱਪਰੀ ਬਾਂਹ, ਮੋਢੇ, ਗਰਦਨ ਜਾਂ ਉਂਗਲੀ ਤੇ<br>• ਜਲਣ ਦੇ ਨਿਸ਼ਾਨ<br>• ਫ੍ਰੈਕਚਰ<br>• ਨਿਸ਼ਾਨ<br>• ਸੋਜਿਸ਼ ਅਤੇ ਅੰਗਾਂ ਦਾ ਘੱਟ ਇਸਤੇਮਾਲ<br>• ਬਿਨਾਂ ਕਾਰਣ ਦੇ ਗੰਭੀਰ ਚੋਟਾਂ | ਦੂਜੇ ਬੱਚਿਆਂ ਨੂੰ ਧਮਕਾਉਣਾ ਅਤੇ ਓਹਨਾਂ ਨੂੰ ਬੁਰੇ ਸ਼ਬਦ ਕਹਿਣਾ | • ਲਗਾਤਾਰ ਬੀਮਾਰ ਜਾਂ ਸੁਸਤ ਰਹਿਣਾ<br>• ਗੰਦੇ ਦਿਖਣਾ<br>• ਬੀਮਾਰੀ ਜਾਂ ਚੋਟ ਦਾ ਇਲਾਜ ਨਾ ਹੋਣਾ | • ਨਿੱਜੀ ਖੇਤਰ ਵਿੱਚ ਦਰਦ ਜਾਂ ਖੁਜਲੀ<br>• ਗਰਭ<br>• ਡਰ/ਗੁੱਸੇ ਜਾਂ ਯੌਨ ਸਮੱਗਰੀ ਦਿਖਾਉਣ ਵਾਲੇ ਚਿੱਤਰ ਬਣਾਉਣਾ<br>• ਉਮਰ ਜਾਂ ਵਿਕਾਸ ਪੱਧਰ ਤੋਂ ਅਧਿਕ ਯੌਨ ਗਿਆਨ ਜਣਨ ਖੇਤਰ ਦੇ ਨੇੜੇ ਖੂਨ ਜਾਂ<br>• ਚੋਟ ਯੌਨ ਸੰਚਾਰਿਤ ਰੋਗ<br>• ਨਿੱਜੀ ਖੇਤਰ ਤੋਂ ਡਿਸਚਾਰਜ ਜਾਂ ਇਨਫੈਕਸ਼ਨ<br>• ਪੇਟ ਦਰਦ<br>• ਬੈਠਦੇ ਜਾਂ ਚਲਦੇ ਹੋਏ ਬੇਆਰਾਮੀ ਜਾਂ ਦਰਦ |



## ਬਾਲ ਬਦਸਲੂਕੀ ਦੇ ਪ੍ਰਭਾਵ

ਬਾਲ ਬਦਸਲੂਕੀ ਬੱਚੇ 'ਤੇ ਕਈ ਤਰਾਂ ਦੇ ਅਸਰ ਛੱਡ ਜਾਂਦੀ ਹੈ, ਕੁਝ ਛੋਟੀ ਮਿਆਦ ਦੇ ਅਤੇ ਕੁਝ ਹੋਰ ਲੰਬੀ ਮਿਆਦ ਦੇ। ਕੁਝ ਜ਼ਖਮ ਸ਼ਰੀਰਿਕ ਹੋ ਸਕਦੇ ਹਨ ਜੋ ਕੁਝ ਸਮੇਂ ਲਈ ਰਹਿੰਦੇ ਹਨ ਜਾਂ ਸਥਾਈ ਹੁੰਦੇ ਹਨ, ਜਦੋਂ ਕਿ ਬਾਕੀ ਭਾਵਨਾਤਮਕ ਹੁੰਦੇ ਹਨ, ਜਿਹੜੇ ਕਿਸੇ ਬੱਚੇ ਦੀ ਸਵੈ ਦੀ ਭਾਵਨਾ, ਸਿਹਤਮੰਦ ਰਿਸ਼ਤੇ ਬਣਾਉਣ ਦੀ ਯੋਗਤਾ ਅਤੇ ਕੰਮ 'ਤੇ, ਸਕੂਲ' ਵਿੱਚ ਅਤੇ  ਘਰ ਵਿੱਚ ਕੰਮ ਕਰਣ ਦੀ ਯੋਗਤਾ ਨੂੰ ਨੁਕਸਾਨ ਪਹੁੰਚਾਓਂਦੇ ਹਨ।

ਅਜਿਹਾ ਨਹੀਂ ਹੈ ਕਿ ਲੋਕਾਂ ਨੂੰ ਇਹਨਾਂ ਤੱਥਾਂ ਬਾਰੇ ਨਹੀਂ ਪਤਾ। ਅਸਲ ਵਿੱਚ ਆਪਣੀ ਰੋਜ਼ਾਨਾ ਜਿੰਦਗੀ ਜੀਣ ਦੀ ਕੋਸ਼ਿਸ਼ ਕਰਦੇ ਹੋਏ, ਬਾਲ ਬਦਸਲੂਕੀ ਅਤੇ ਇਸ ਦੇ ਪ੍ਰਭਾਵ ਦਿਮਾਗ ਵਿੱਚ ਆਓਂਦੇ ਹੀ ਨਹੀਂ। ਇਸ ਲਈ, ਸਭ ਬਾਲ ਸੁਰੱਖਿਆ ਵਰਕਰਾਂ ਅਤੇ ਬਦਲਾਵ ਲਿਆਉਣ ਵਾਲਿਆਂ ਲਈ ਇਹ ਜ਼ਰੂਰੀ ਹੈ ਕਿ ਬਾਲ ਬਦਸਲੂਕੀ ਦੇ ਪ੍ਰਭਾਵਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਘੱਟ ਕਰਣ ਦੀ ਕੋਸ਼ਿਸ਼ ਕੀਤੀ ਜਾਵੇ।

ਲੋਕਾਂ ਨੂੰ ਬਾਲ ਬਦਸਲੂਕੀ ਦੇ ਪ੍ਰਭਾਵਾਂ ਖਾਸ ਤੌਰ ਤੇ ਅੰਤਰ-ਪੀੜ੍ਹੀਗਤ ਪ੍ਰਭਾਵਾਂ ਬਾਰੇ ਸਮਝਾਉਣ ਦਾ ਸਭ ਤੋਂ ਵਧੀਆ ਤਰੀਕਾ ਹੋਵੇਗਾ ਫਿਲਮ ਸ਼ੋ ਆਯੋਜਿਤ ਕਰਨਾ ਅਤੇ ਚਰਚਾਵਾਂ ਕਰਵਾਉਣਾ।

ਅੰਤਰ-ਪੀੜ੍ਹੀਗਤ ਪ੍ਰਭਾਵ ਓਹ ਹੁੰਦੇ ਹਨ ਜਿਹੜੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਂਦੇ ਹਨ। ਅਕਸਰ ਬਦਸਲੂਕੀ ਸਹਿਣ ਵਾਲਾ ਵਿਅਕਤੀ ਜਾਣੇ-ਅਣਜਾਣੇ ਦੂਜਿਆਂ ਨਾਲ ਵੀ ਬਦਸਲੂਕੀ ਕਰ ਹੀ ਜਾਂਦਾ ਹੈ।

ਬਾਲ ਬਦਸਲੂਕੀ ਦੇ ਕੁਝ ਪ੍ਰਭਾਵ ਜਿਨਾਂ ਦਾ ਚੰਗੀ ਤਰਾਂ ਵਿਸ਼ਲੇਸ਼ਣ ਅਤੇ ਪ੍ਰਲੇਖਣ ਕੀਤਾ ਗਿਆ ਹੈ:

- ਇਹ ਬਾਲਗ ਅਤੇ ਬੱਚੇ ਦੇ ਰਿਸ਼ਤੇ ਵਿਚਕਾਰ ਇੱਕ ਦਰਾਰ ਪੈਦਾ ਕਰ ਦਿੰਦਾ ਹੈ
- ਬੱਚਾ ਗਲਤੀਆਂ ਛੁਪਾਓਣ ਲਗਦਾ ਹੈ, ਜਿਸ ਨਾਲ ਬਾਅਦ ਵਿੱਚ ਹੋਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ
- ਬੱਚੇ ਡਰਪੋਕ ਜਾਂ ਆਕਰਾਮਕ ਬਣ ਜਾਂਦੇ ਹਨ
- ਬੱਚੇ ਸੋਚਣ ਲਗਦੇ ਹਨ ਕਿ ਦੂਜਿਆਂ ਤੋਂ ਮਾਰ ਖਾਣਾ ਅਤੇ ਦੂਜਿਆਂ ਨੂੰ ਮਾਰਨਾ ਸਹੀ ਹੈ
- ਓਹਨਾਂ ਵਿੱਚ ਦੂਜਿਆਂ ਲਈ ਗੁੱਸਾ ਭਰ ਜਾਂਦਾ ਹੈ
- ਓਹ ਅਸੁਭਾਵਕ ਤੌਰ ਨਾਲ ਸ਼ਿਕਾਇਤੀ, ਵਿਦਰੋਹੀ, ਜਾਂ ਅਧਿਕ ਆਗਿਆਕਾਰੀ ਹੋ ਜਾਂਦੇ ਹਨ
- ਧਿਆਨ/ਇਕਾਗਰਤਾ ਦੀ ਕਮੀ
- ਅਲਗਾਵ
- ਘੱਟ ਵਿਸ਼ਵਾਸ/ਵਿਸ਼ਵਾਸ ਦੀ ਕਮੀ
- ਸਵੈ-ਮਾਣ ਦੀ ਕਮੀ
- ਖਰਾਬ ਸਮਾਜਕ ਰਿਸ਼ਤੇ
- ਸ਼ਾਇਦ ਜਿੰਦਗੀ ਵਿੱਚ ਅੱਗੇ ਜਾ ਕੇ ਕਿਸੇ ਤਰਾਂ ਦੀ ਮਾਨਸਿਕ ਬੀਮਾਰੀ ਜਿਵੇਂ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਣ
- ਸ਼ਰੀਰਿਕ ਜਾਂ ਮਾਨਸਿਕ ਬੀਮਾਰੀ
- ਘਰ ਜਾਂ ਸਕੂਲ ਤੋਂ ਭੱਜ ਜਾਣਾ
- ਚੋਰੀ ਆਦਿ
- ਵਿਵਹਾਰ ਵਿੱਚ ਬਦਲਾਵ ਜਿਵੇਂ ਨੀਂਦ ਨਾ ਆਓਂਣਾ, ਖਰਾਬ ਹਾਜ਼ਮਾ ਆਦਿ
- ਬੱਚੇ ਦਰਦਨਾਕ ਯਾਦਾਂ ਤੋਂ ਬਚਣ ਲਈ ਜਾਂ ਭਾਵਨਾਤਮਕ ਦਰਦ ਨੂੰ ਘੱਟ ਕਰਨ ਲਈ ਯਾਦਾਂ ਨੂੰ ਦਬਾਓਂਦੇ ਹਨ, ਓਹਨਾਂ ਵਿੱਚ ਸਵੈ-ਨੁਕਸਾਨ ਦੀ ਆਦਤ ਵਿਕਸਤ ਹੋ ਸਕਦੀ ਹੈ
- ਬੱਚੇ ਅਤੇ ਪਰਿਵਾਰ ਉੱਤੇ ਲੰਬੀ ਅਵਧੀ ਦੇ ਨਕਾਰਾਤਮਕ ਪ੍ਰਭਾਵ ਪੈ ਜਾਂਦੇ ਹਨ

ਪ੍ਰਭਾਵ ਅਤੇ ਲੱਛਣ ਇੱਕੋ ਵਰਗੇ ਲੱਗ ਸਕਦੇ ਹਨ ਅਤੇ ਇਸ ਲਈ ਦੋਹਾਂ ਵਿੱਚ ਅੰਤਰ ਕਰਨਾ ਮੁਸ਼ਕਲ ਹੁੰਦਾ ਹੈ।
ਕੇਵਲ ਬੱਚਾ ਹੀ ਨਹੀਂ, ਪੂਰਾ ਸਮਾਜ ਪ੍ਰਭਾਵਿਤ ਹੁੰਦਾ ਹੈ। ਸਮਾਜਕ ਤੌਰ ਤੇ ਬਾਲ ਬਦਸਲੂਕੀ ਦੇ ਪ੍ਰਭਾਵ

- ਹਿੰਸਕ ਸਮਾਜ
- ਅਸਹਿਣਸ਼ੀਲਤਾ
- ਅਪਰਾਧ 'ਚ ਵਾਧਾ
- ਪਰਿਵਾਰ ਦਾ ਵਿਘਟਨ
- ਛੋਟੀ ਉਮਰ ਵਿੱਚ ਵਿਆਹ
- ਕੰਨਿਆ ਭਰੂਣ ਹੱਤਿਆ
- ਮਾਨਸਿਕ ਬੀਮਾਰੀਆਂ ਦੇ ਵਧਦੇ ਪੱਧਰ
- ਆਤਮ-ਹੱਤਿਆ ਵਿੱਚ ਵਾਧਾ
- ਨਸ਼ਾ-ਸੇਵਨ ਵਿੱਚ ਵਾਧਾ
- ਸਭ ਪੱਧਰਾਂ ਤੇ ਅਸਥਿਰਤਾ

# ਭਾਗ-3

## ਬਾਲ ਬਦਸਲੂਕੀ ਨੂੰ ਰੋਕਣਾ ਅਤੇ ਇਸ ਨਾਲ ਨਜਿੱਠਣਾ

ਜਿਵੇਂ ਕਿ ਇੱਕ ਪੁਰਾਣੀ ਕਹਾਵਤ ਹੈ '
ਇਲਾਜ ਤੋਂ ਪਰਹੇਜ ਬਿਹਤਰ ਹੈ!

ਸਾਰੇ ਐਕਟਰਾਂ ਦਾ ਉਦੇਸ਼ ਇੱਕ ਸਿਹਤਮੰਦ ਸਮਾਜ ਬਣਾਓਣਾ ਹੋਣਾ ਚਾਹੀਦਾ ਹੈ, ਜਿੱਥੇ ਬੱਚੇ ਸੁਰੱਖਿਅਤ ਬਚਪਨ ਅਤੇ ਕਿਸੇ ਵੀ ਬਦਸਲੂਕੀ ਅਤੇ ਸ਼ੋਸ਼ਣ ਤੋਂ ਆਜ਼ਾਦੀ ਮਾਣ ਸਕਣ।

### ਬਾਲ ਬਦਸਲੂਕੀ ਨੂੰ ਕਿਵੇਂ ਰੋਕਿਆ ਜਾਵੇ - ਬਾਲ ਸੁਰੱਖਿਆ ਸਮਿਤੀਆਂ ਅਤੇ ਸਮੁਦਾਏ ਦੇ ਹੋਰ ਲੀਡਰਾਂ ਦੀ ਭੂਮਿਕਾ

ਬਾਲ ਅਧਿਕਾਰਾਂ ਦੇ ਐਡਵੋਕੇਟ ਬਣਨਾ

ਐਡਵੋਕੇਸੀ ਕੀ ਹੁੰਦੀ ਹੈ ?

ਕਿਸੇ ਵੀ ਕਿਸਮ ਦੀ ਸੰਸਥਾ ਦੀ ਕਿਸੇ ਵੀ ਕਿਸਮ ਦੀਆਂ ਨੀਤੀਆਂ, ਅਹੁਦੇ ਜਾਂ ਪ੍ਰੋਗਰਾਮਾਂ ਵਿੱਚ ਪਰਿਵਰਤਨ ਕਰਨ ਲਈ ਕੀਤੀ ਗਈ ਕਾਰਵਾਈ

ਦੂਜੇ ਵਿਅਕਤੀਆਂ ਅੱਗੇ ਕਿਸੇ ਵਿਚਾਰ ਲਈ ਬੇਨਤੀ, ਬਚਾਅ ਜਾਂ ਸਿਫਾਰਿਸ਼ ਕਰਨਾ

ਕਿਸੇ ਅਹਿਮ ਮੁੱਦੇ ਲਈ ਆਵਾਜ਼ ਉਠਾਓਣਾ ਅਤੇ ਸਮਾਜ ਦਾ ਧਿਆਨ ਇਸ ਵੱਲ ਦੁਆਓਣਾ ਅਤੇ ਫੈਸਲਾ ਨਿਰਮਾਤਾਵਾਂ ਨੂੰ ਇਸ ਦੇ ਹੱਲ ਦੀ ਸੇਧ ਵਿੱਚ ਲੈ ਕੇ ਜਾਣਾ

ਕਿਸੇ ਅੰਤਰ ਲਈ ਸੰਗਠਨਾਂ ਅਤੇ ਹੋਰ ਲੋਕਾਂ ਨਾਲ ਮਿਲ ਕੇ ਕੰਮ ਕਰਨਾ

ਏਜੰਡੇ ਤੇ ਸਮੱਸਿਆ ਰੱਖਣਾ, ਹੱਲ ਪ੍ਰਦਾਨ ਕਰਨਾ ਅਤੇ ਸਮੱਸਿਆ ਅਤੇ ਹੱਲ ਵਾਸਤੇ ਕੰਮ ਕਰਣ ਲਈ ਸਹਿਯੋਗ ਦਾ ਨਿਰਮਾਣ ਕਰਨਾ

ਇਸ ਤੋਂ ਕੀ ਹੋਣਾ ਚਾਹੀਦਾ ਹੈ ?

ਐਡਵੋਕੇਸੀ ਨਾਲ ਇੱਕ ਅਨੁਕੂਲ ਮਾਹੌਲ ਬਣਨਾ ਚਾਹੀਦਾ ਹੈ, ਜਿੱਥੇ ਲੋਕ ਬਿਨਾਂ ਕਿਸੇ ਡਰ ਜਾਂ ਕਲੰਕ ਤੋਂ ਆਪਣੀ ਆਵਾਜ਼ ਉਠਾ ਸਕਣ। ਸੀ ਪੀ ਸੀ ਮੈਂਬਰਾਂ ਦੀ ਜ਼ਿੰਮੇਦਾਰੀ ਅਜਿਹਾ ਹੀ ਬਾਲ ਦੋਸਤਾਨਾ ਮਾਹੌਲ ਬਣਾਉਣ ਦੀ ਹੁੰਦੀ ਹੈ –

ਜਿੱਥੇ ਸਾਰੇ ਬੱਚੇ ਸੁਰੱਖਿਅਤ ਮਹਿਸੂਸ ਕਰਨ।

ਬੱਚਿਆਂ ਨੂੰ ਅਜਿਹਾ ਪਲੇਟਫਾਰਮ ਪ੍ਰਦਾਨ ਕੀਤਾ ਜਾਵੇ, ਜਿੱਥੇ ਉਹ ਆਪਣੀ ਗੱਲ ਰੱਖ ਸਕਣ ਅਤੇ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਉਹਨਾਂ ਦੀ ਆਵਾਜ਼ ਸੁਣੀ ਜਾਵੇ।

ਬਾਲ ਅਧਿਕਾਰਾਂ ਅਤੇ ਬਾਲ ਸੁਰੱਖਿਆ ਬਾਰੇ ਬੱਚਿਆਂ, ਮਾਪਿਆਂ ਅਤੇ ਸਮਾਜ ਦੀ ਸਮਰੱਥਾ ਬਣਾਉਣੀ। ਬਾਲ ਬਦਸਲੂਕੀ ਬਾਰੇ ਸਮਾਜ ਵਿੱਚ ਗਿਆਨ ਫੈਲਾਉਣਾ।

ਪਿੰਡ ਜਾਂ ਭਾਈਚਾਰੇ ਦੇ ਪੱਧਰ 'ਤੇ ਬਾਲ ਬਦਸਲੂਕੀ 'ਤੇ ਇੱਕ ਰਿਪੋਰਟਿੰਗ ਪ੍ਰਣਾਲੀ ਬਣਾਉਣ ਵੱਲ ਕੰਮ ਕਰਨਾ।

ਬਦਸਲੂਕੀ ਦੀ ਰੋਕਥਾਮ ਲਈ ਮੌਜੂਦਾ ਤੰਤਰ ਦੀਆਂ ਖਮਤਾਵਾਂ ਨੂੰ ਵਧਾਉਣਾ ਜਾਂ ਪ੍ਰਣਾਲੀਆਂ ਦੀ ਸਥਾਪਨਾ ਕਰਨਾ।

ਬੱਚਿਆਂ ਲਈ ਐਡਵੋਕੇਟ ਕਿਵੇਂ ਬਣਿਆ ਜਾਵੇ ?

ਬੱਚਿਆਂ ਲਈ ਐਡਵੋਕੇਟ ਬਣਨ ਲਈ ਕਿਸੇ ਵਿਅਕਤੀ ਕੋਲ ਨਿਮਨ ਹੁਨਰ ਹੋਣੇ ਚਾਹੀਦੇ ਹਨ:

- ਚੰਗਾ ਸੰਚਾਰ ਹੁਨਰ
- ਦੂਜੇ ਦੀ ਗੱਲ ਸੁਣਨ ਦੇ ਵਧੀਆ ਹੁਨਰ
- ਲੀਡਰਸ਼ਿਪ ਦੇ ਹੁਨਰ
- ਗੈਰ-ਆਲੋਚਨਾਤਮਕ
- ਸਵੀਕ੍ਰਿਤੀ
- ਸਵੈ ਜਾਗਰੂਕਤਾ
- ਮੁੱਦਿਆਂ ਦਾ ਅਤੇ ਇਹਨਾਂ ਨਾਲ ਨਜਿੱਠਣ ਦਾ ਗਿਆਨ
- ਚੰਗੇ ਨੈੱਟਵਰਕਿੰਗ ਹੁਨਰ

ਕਿਸੇ ਵੀ ਸਮਾਜ ਜਾਂ ਗਰੁੱਪ ਲਈ ਸਭ ਤੋਂ ਮਹੱਤਵਪੂਰਣ ਕੰਮ ਹੈ ਇਹ ਸਵੀਕਾਰ ਕਰਨਾ ਕਿ ਬਾਲ ਬਦਸਲੂਕੀ ਵਾਪਰਦੀ ਹੈ ਅਤੇ ਇਸ ਦੀ ਪਛਾਣ ਕਰਨਾ ਅਤੇ ਇਸ ਨੂੰ ਸਮਝਣਾ। ਇਸ ਲਈ ਬਾਲ ਬਦਸਲੂਕੀ ਨੂੰ ਘੱਟ ਕਰਣ ਦਾ ਸਭ ਤੋਂ ਵਧੀਆ ਤਰੀਕਾ ਬਾਲਗਾਂ ਨੂੰ ਇਸ ਦੇ ਬਾਰੇ ਗਿਆਨ ਦੇਣਾ ਅਤੇ ਉਹਨਾਂ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਯਾਦ ਕਰਵਾਉਣਾ ਹੈ, ਜਿਸ ਵਿੱਚ ਉਹਨਾਂ ਦਾ ਆਪਣੇ ਬੱਚਿਆਂ ਦੀ ਬਦਸਲੂਕੀ ਦੇ ਕਿਸੇ ਵੀ ਰੂਪ ਤੋਂ ਰੱਖਿਆ ਕਰਨਾ ਸ਼ਾਮਿਲ ਹੈ। ਇੱਕ ਸੁਰੱਖਿਅਤ ਸਮਾਜ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਸਮੁਦਾਏ ਦੇ ਲੋਕ ਆਪਣੇ ਬੱਚਿਆਂ ਦੀ ਸੁਰੱਖਿਆ ਸੁਨਿਸ਼ਚਿਤ ਕਰਣ ਲਈ ਹਿੱਸੇਦਾਰੀ ਕਰਨ। ਇਸ ਦੇ ਲਈ ਇੱਕ ਸੀ ਪੀ ਸੀ ਮੈਂਬਰ ਇਹ ਕਰ ਸਕਦਾ ਹੈ:

- ਜਾਗਰੂਕਤਾ ਫੈਲਾ ਸਕਦਾ ਹੈ
- ਬਾਲ ਬਦਸਲੂਕੀ ਦੇ ਵਿਰੁੱਧ ਖੜੇ ਹੋਣ ਲਈ ਸਮਾਜ/ਸਕੂਲ/ਪੰਚਾਇਤ ਆਦਿ ਨੂੰ ਪ੍ਰੇਰਿਤ ਕਰ ਸਕਦਾ ਹੈ
- ਬੱਚਿਆਂ ਨੂੰ ਜਾਣਕਾਰੀ ਦੇਣ ਅਤੇ ਸਹਿਯੋਗ ਪ੍ਰਦਾਨ ਕਰਣ ਲਈ ਮੰਚ ਤਿਆਰ ਕਰੇ
- ਅਪਰਾਧੀ ਦੇ ਵਿਰੁੱਧ ਕਾਰਵਾਈ ਸੁਨਿਸ਼ਚਿਤ ਕਰਣ ਲਈ ਅਪਰਾਧ ਦੀ ਰਿਪੋਰਟ ਕਰੇ

ਗਤੀਵਿਧੀ 6

ਸੰਯੁਕਤ ਕਾਰਜ ਯੋਜਨਾ ਵਿਕਸਿਤ ਕਰਣ ਲਈ ਇੱਕ ਮੂਕ ਅਭਿਆਸ

ਗਤੀਵਿਧੀ 6 ਦੇ ਉਦੇਸ਼ -

- ਇਹ ਦਿਖਾਉਣਾ ਕਿ ਸਾਰੀਆਂ ਦੀ ਸਾਂਝੀ ਕਾਰਜ ਯੋਜਨਾ ਨੂੰ ਅੰਤਿਮ ਰੂਪ ਦੇਣ ਦੇ ਲਈ ਸਾਰੇ ਹਿੱਸੇਦਾਰਾਂ ਦੀ ਇੱਕ ਸੰਯੁਕਤ ਮੀਟਿੰਗ ਕਿਵੇਂ ਰੱਖੀ ਜਾਵੇ।

- ਸੀ ਪੀ ਸੀ ਮੈਂਬਰਾਂ ਅਤੇ ਸਮੁਦਾਏ ਦੇ ਹੋਰ ਲੀਡਰਾਂ ਨੂੰ ਇਹ ਸਮਝਣ ਵਿੱਚ ਮਦਦ ਕਰਨਾ ਕਿ ਬਾਲ ਬਦਸਲੂਕੀ ਨੂੰ ਰੋਕਣਾ ਅਤੇ ਅਜਿਹੀ ਸਮੱਸਿਆ ਨਾਲ ਨਜਿੱਠਣਾ ਤਾਂ ਹੀ ਸੰਭਵ ਹੈ, ਜਦੋਂ ਹਰ ਬੰਦਾ ਇਸ ਦੇ ਲਈ ਆਪਣੀ ਜ਼ਿੰਮੇਵਾਰੀ ਮਹਿਸੂਸ ਕਰੇ; ਜਦੋਂ ਕਾਰਜ ਯੋਜਨਾਵਾਂ ਵਿੱਚ ਸਾਰੇ ਹਿੱਸੇਦਾਰ ਮਿਲ ਕੇ ਭਾਗ ਲੈਣਗੇ, ਤਾਂ ਹੀ ਇਸ ਦੇ ਕੁਝ ਚੰਗੇ ਨਤੀਜੇ ਨਿੱਕਲ ਸਕਦੇ ਹਨ।

ਵਿਧੀ -

- ਫੈਸੀਲਿਟੇਟਰ/ਟ੍ਰੇਨਰ ਨੂੰ ਅਜਿਹੇ ਸੰਭਵ ਕਾਰਜਾਂ ਦੀ ਸੂਚੀ ਤਿਆਰ ਕਰਨੀ ਚਾਹੀਦੀ ਹੈ, ਜਿਹੜੇ ਬਾਲ ਬਦਸਲੂਕੀ ਨੂੰ ਰੋਕਣ ਲਈ ਸ਼ੁਰੂ ਕੀਤੇ ਜਾ ਸਕਦੇ ਹਨ।

- ਪ੍ਰਤੀਭਾਗੀਆਂ ਨੂੰ ਵੱਖ-ਵੱਖ ਗਰੁੱਪਾਂ ਵਿੱਚ ਵੰਡੋ, ਜਿਹੜੇ ਵੱਖ-ਵੱਖ ਹਿੱਸੇਦਾਰਾਂ ਦੀ ਨੁਮਾਇੰਦਗੀ ਕਰਦੇ ਹੋਣ।

- ਇੱਕ ਗਰੁੱਪ ਨੂੰ ਮੂਕ ਗ੍ਰਾਮ ਸਭਾ ਆਯੋਜਿਤ ਕਰਣ ਲਈ ਅਤੇ ਕਾਰਜਾਂ ਦੀ ਸੂਚੀ ਬਾਰੇ ਚਰਚਾ ਕਰਣ ਲਈ ਕਹੋ। ਇਸੇ ਤਰਾਂ, ਦੂਜੇ ਗਰੁੱਪ ਨੂੰ ਜ਼ਿਲ੍ਹਾ ਸੁਰੱਖਿਆ ਅਧਿਕਾਰੀ, ਬਾਲ ਵਿਆਹ ਮਨਾਹੀ ਅਧਿਕਾਰੀ ਅਤੇ ਹੋਰ ਸਰਕਾਰੀ ਅਤੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗਾਂ ਆਯੋਜਿਤ ਕਰਣ ਲਈ ਕਿਹਾ ਜਾਵੇ, ਜਿੱਥੇ ਕਾਰਜਾਂ ਦੀ ਸੂਚੀ ਬਾਰੇ ਚਰਚਾ ਕੀਤੀ ਜਾਵੇ। ਤੀਜੇ ਗਰੁੱਪ ਨੂੰ ਮਹਿਲਾ ਸੈਲਫ ਹੈਲਪ ਗਰੁੱਪਾਂ ਅਤੇ ਹੋਰ ਐਨ ਜੀ ਓ ਜਾਂ ਖੇਤਰ ਦੇ ਕਲਿਆਣ ਸੰਗਠਨਾਂ ਨਾਲ ਅਜਿਹੀਆਂ ਹੀ ਚਰਚਾਵਾਂ ਲਈ ਮੀਟਿੰਗਾਂ ਆਯੋਜਿਤ ਕਰਣ ਲਈ ਕਿਹਾ ਜਾਵੇ।

- ਗਰੁੱਪਾਂ ਨੂੰ ਆਪਣੀਆਂ ਪ੍ਰੈਜ਼ੇਨਟੇਸ਼ਨਾਂ ਬਣਾਉਣ ਲਈ ਕਹੋ। ਗਰੁੱਪ ਪ੍ਰੈਜ਼ੇਨਟੇਸ਼ਨ ਸੈਸ਼ਨ ਨੂੰ ਬਾਲ ਬਦਸਲੂਕੀ ਨੂੰ ਰੋਕਣ ਲਈ ਅਤੇ ਇਸ ਦੇ ਵਿਰੁੱਧ ਲੜਾਈ ਲੜਨ ਲਈ ਇੱਕ ਸੰਯੁਕਤ ਕਾਰਜ ਯੋਜਨਾ ਤਿਆਰ ਕਰਣ ਲਈ ਸਾਰੇ ਹਿੱਸੇਦਾਰਾਂ ਦੀ ਮੀਟਿੰਗ ਦੇ ਰੂਪ ਵਿੱਚ ਲਿਆ ਜਾਵੇ। ਫੈਸੀਲਿਟੇਟਰ ਨੂੰ ਚਰਚਾਵਾਂ ਦੀ ਅਗਵਾਈ ਕਰਨੀ ਚਾਹੀਦੀ ਹੈ।

ਪਿੰਡ ਦੇ ਅੰਦਰ ਇੱਕ ਸ਼ਿਕਾਇਤ ਤੰਤਰ ਦੀ ਸਥਾਪਨਾ ਬੱਚਿਆਂ ਨੂੰ ਬਦਸਲੂਕੀ ਤੋਂ ਬਚਾਓਣ ਅਤੇ ਇਸ ਦੀ ਰੋਕਥਾਮ ਦੋਵਾਂ ਲਈ ਇੱਕ ਮਹੱਤਵਪੂਰਣ ਕਦਮ ਹੈ।

ਅਜਿਹਾ ਅਨੁਕੂਲ ਮਾਹੌਲ ਬਣਾਓਣ ਲਈ, ਜਿੱਥੇ ਬੱਚੇ ਆਪਣੀਆਂ ਤਕਲੀਫਾਂ ਜਾਂ ਬਦਸਲੂਕੀ ਬਾਰੇ ਬਿਨਾਂ ਕਿਸੇ ਡਰ ਦੇ ਗੱਲ ਕਰ ਸਕਣ, ਅਜਿਹਾ ਸ਼ਿਕਾਇਤ ਤੰਤਰ ਸਥਾਪਿਤ ਕਰਣ ਦੀ ਵੀ ਜ਼ਰੂਰਤ ਹੁੰਦੀ ਹੈ, ਜਿਹੜਾ ਬੱਚਿਆਂ ਦੁਆਰਾ ਬਦਸਲੂਕੀ ਦੀ ਰਿਪੋਰਟ ਕਰਣ ਲਈ ਅਤੇ ਤਕਲੀਫਾਂ ਤੋਂ ਨਿਵਾਰਣ ਦੀ ਮੰਗ ਕਰਣ ਲਈ ਇਸਤੇਮਾਲ ਕੀਤਾ ਜਾ ਸਕੇ।

ਅਜਿਹਾ ਉਚਿਤ ਤੰਤਰ ਤਿਆਰ ਕਰਨਾ ਬਹੁਤ ਮਹੱਤਵਪੂਰਣ ਹੈ, ਜਿੱਥੇ ਬੱਚਿਆਂ ਦੀਆਂ ਸ਼ਿਕਾਇਤਾਂ ਪੂਰੇ ਆਦਰ-ਮਾਣ ਨਾਲ ਸੁਣੀਆਂ ਜਾਣ ਅਤੇ ਓਹਨਾਂ ਦਾ ਹੱਲ ਲੱਭਿਆ ਜਾ ਸਕੇ।

ਗ੍ਰਾਮ ਪੱਧਰ 'ਤੇ ਬਾਲ ਸੁਰੱਖਿਆ ਸਮਿਤੀਆਂ (CPCs) ਇੱਕ ਸ਼ਿਕਾਇਤ ਤੰਤਰ ਅਤੇ ਵਾਚ ਡਾਗ ਦੀ ਤਰਾਂ ਕੰਮ ਕਰ ਸਕਦੀਆਂ ਹਨ ਅਤੇ ਸਾਰੇ ਹਿੱਸੇਦਾਰਾਂ ਨਾਲ ਆਪਸੀ ਸਮਝੌਤੇ ਅਤੇ ਆਮ ਸਹਿਮਤੀ ਦੁਆਰਾ ਵਿਕਸਿਤ ਕੀਤੇ ਗਈ ਇੱਕ ਸੰਯੁਕਤ ਕਾਰਜ ਯੋਜਨਾ ਦਾ ਨਤੀਜਾ ਇਸ ਭੂਮਿਕਾ ਵਿੱਚ CPCs ਦੀ ਸਵੀਕ੍ਰਿਤੀ ਹੋਣੀ ਚਾਹੀਦੀ ਹੈ। ਕਾਰਜ ਯੋਜਨਾ ਹੇਠਾਂ ਦਿੱਤੇ ਹੋਰ ਸ਼ਿਕਾਇਤ ਤੰਤਰਾਂ ਵਿੱਚ ਵੀ ਬਣ ਸਕਦੀ ਹੈ:

ਹਰ ਸਕੂਲ ਵਿੱਚ ਬਾਲ ਬਦਸਲੂਕੀ ਸ਼ਿਕਾਇਤ ਨਿਵਾਰਣ ਤੰਤਰਾਂ ਦੀ ਸਥਾਪਨਾ। ਇਹ ਸਕੂਲ ਦੇ ਪਰਿਸਰ ਦੇ ਅੰਦਰ ਹੋਣ ਵਾਲੀ ਬਾਲ ਬਦਸਲੂਕੀ ਦੀ ਰੋਕਥਾਮ ਲਈ ਸਕੂਲ ਦੀ ਵਚਨਬੱਧਤਾ ਨੂੰ ਪ੍ਰਤੀਬਿੰਬਿਤ ਕਰੇਗਾ। ਸਕੂਲ ਪੱਧਰ ਦੇ ਅਜਿਹੇ ਤੰਤਰਾਂ ਵਿੱਚ ਬਾਲ ਸੁਰੱਖਿਆ ਸਮਿਤੀ ਦੇ ਪ੍ਰਤੀਨਿਧੀ ਨੂੰ ਵੀ ਮੈਂਬਰ ਬਣਾਇਆ ਜਾ ਸਕਦਾ ਹੈ।

ਸਕੂਲਾਂ ਅਤੇ ਗ੍ਰਾਮ ਪੰਚਾਇਤਾਂ ਆਦਿ ਵਿੱਚ ਸ਼ਿਕਾਇਤ ਬਕਸੇ ਇੰਸਟਾਲ ਕਰਨਾ, ਤਾਂ ਜੋ ਹਰ ਪੰਚਾਇਤ ਵਿੱਚ ਗ੍ਰਾਮ ਸਿੱਖਿਆ ਕਮੇਟੀ ਅਤੇ ਹਰ ਸਕੂਲ ਵਿੱਚ ਸਕੂਲ ਪ੍ਰਬੰਧਕ ਕਮੇਟੀ ਅਤੇ ਪੇਰੈਂਟ-ਟੀਚਰ ਐਸੋਸੀਏਸ਼ਨਜ਼ ਦੁਆਰਾ ਸ਼ਿਕਾਇਤਾਂ ਨੂੰ ਗੁਪਤ ਰੂਪ ਨਾਲ ਨਿਪਟਾਇਆ ਜਾ ਸਕੇ।



### ਬਾਲ ਬਦਸਲੂਕੀ ਨਾਲ ਨਜਿੱਠਣਾ - ਜਦੋਂ ਅਸੀਂ ਬਾਲ ਬਦਸਲੂਕੀ ਬਾਰੇ ਸੁਣੀਏ, ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ ?

ਕਈ ਲੋਕ ਬਾਲ ਬਦਸਲੂਕੀ ਦੇ ਮੁੱਦਿਆਂ ਵਿੱਚ ਫਸਣ ਤੋਂ ਡਰਦੇ ਹਨ ਕਿਓਂਕਿ ਇਹਨਾਂ ਨੂੰ ਪਰਿਵਾਰਿਕ ਮਸਲੇ ਸਮਝਿਆ ਜਾਂਦਾ ਹੈ।

ਪਰ.... ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਸਮਾਜ ਵਿੱਚ ਕਿਸੇ ਵੀ ਤਰਾਂ ਦਾ ਦੁਰਵਿਵਹਾਰ ਇੱਕ ਵਿਅਕਤੀਗਤ ਮੁੱਦਾ ਨਾ ਹੋ ਕੇ ਰਾਜਨੀਤਿਕ ਮੁੱਦਾ ਹੁੰਦਾ ਹੈ।

ਅਜਿਹਾ ਇਸ ਲਈ ਹੈ ਕਿਓਂਕਿ ਅੱਗੇ ਜਾ ਕੇ ਅਜਿਹੇ ਮੁੱਦੇ ਪੂਰੇ ਸਮਾਜ ਨੂੰ ਨੁਕਸਾਨ ਪਹੁੰਚਾਓਂਦੇ ਹਨ।

### ਸਮਾਜ ਦੇ ਮੈਂਬਰ ਹੋਣ ਦੇ ਨਾਤੇ ਸਾਨੂੰ ਆਪਣੇ ਬੱਚਿਆਂ ਦੀ ਦੇਖਭਾਲ ਕਰਨੀ ਚਾਹੀਦੀ ਹੈ -

ਅਸੀਂ ਆਪਣੇ ਆਲੇ-ਦੁਆਲੇ ਬਾਲ ਬਦਸਲੂਕੀ ਦੇਖਦੇ ਹਾਂ। ਅਸੀਂ ਜਾਣਦੇ ਹਾਂ ਕਿ ਇਹ ਗਲਤ ਹੈ, ਤਾਂ ਫਿਰ ਅਸੀਂ ਇਸ ਦਾ ਵਿਰੋਧ ਕਰਣ ਜਾਂ ਇਸ ਨੂੰ ਵਾਪਰਣ ਤੋਂ ਰੋਕਣ ਲਈ ਝਿਜਕਦੇ ਕਿਓਂ ਹਾਂ ?

ਬਾਲ ਬਦਸਲੂਕੀ ਨੂੰ ਰੋਕਣ ਲਈ ਸਮਾਜ ਵਿੱਚ ਸਾਡੇ ਵਿਚੋਂ ਹਰ ਇੱਕ ਲਈ ਇੱਕ ਭੂਮਿਕਾ ਨਿਰਧਾਰਿਤ ਕੀਤੀ ਗਈ ਹੈ।

ਬਾਲ ਬਦਸਲੂਕੀ ਦਾ ਕੋਈ ਵੀ ਰੂਪ ਕਾਨੂੰਨ ਦੇ ਵਿਰੁੱਧ ਹੈ ਅਤੇ ਇਸ ਲਈ ਇਹ ਇੱਕ ਅਪਰਾਧ ਹੈ।

ਬਾਲ ਸੁਰੱਖਿਆ ਸਮਿਤੀਆਂ ਦੇ ਮੈਂਬਰ ਹੋਣ ਦੇ ਨਾਤੇ ਸਾਨੂੰ ਕੁਝ ਕਦਮ ਚੁੱਕਣ ਲਈ ਤਿਆਰ ਰਹਿਣਾ ਚਾਹੀਦਾ ਹੈ

ਜਦੋਂ ਕੋਈ ਬੱਚਾ ਤੁਹਾਡੇ ਕੋਲ ਆਓਂਦਾ ਹੈ, ਤਾਂ ਨਿਮਨ ਬਿੰਦੂ ਦਿਮਾਗ ਵਿੱਚ ਰੱਖਣੇ ਜ਼ਰੂਰੀ ਹਨ:

- ਬੱਚੇ ਦਾ ਤੁਹਾਡੇ ਵਿੱਚ ਵਿਸ਼ਵਾਸ ਬਣਾਓਣ ਅਤੇ ਤੁਹਾਡੇ ਨਾਲ ਇੱਕ ਦੋਸਤ ਦੀ ਤਰਾਂ ਗੱਲ ਕਰਣ ਵਿੱਚ ਉਸ ਦੀ ਮਦਦ ਕਰੋ।
- ਬੱਚੇ ਉੱਤੇ ਵਿਸ਼ਵਾਸ ਕਰੋ।
- ਬੱਚੇ ਨੂੰ ਅਜਿਹੇ ਬਾਲਗਾਂ ਨਾਲ ਗੱਲ ਕਰਣ ਲਈ ਉਤਸਾਹਿਤ ਕਰੋ, ਜਿਨਾਂ ਉੱਤੇ ਉਹ ਵਿਸ਼ਵਾਸ ਕਰਦੇ ਹਨ ਅਤੇ ਜਿਹੜੇ ਓਹਨਾਂ ਦੀ ਮਦਦ ਕਰ ਸਕਦੇ ਹਨ - ਇਹ ਮਾਤਾ-ਪਿਤਾ, ਅਧਿਆਪਕ, ਦੋਸਤ ਦੀ ਮਾਂ ਜਾਂ ਪੜ੍ਹੋਸ ਵਿੱਚ ਕੋਈ ਜ਼ਿੰਮੇਦਾਰ ਵਿਅਕਤੀ ਹੋ ਸਕਦਾ ਹੈ।
- ਜਿਸ ਬੱਚੇ ਨੇ ਬਦਸਲੂਕੀ ਦਾ ਸਾਹਮਣਾ ਕੀਤਾ ਹੋਵੇ, ਉਸ ਨੂੰ ਆਪਣੇ ਹਾਲਾਤਾਂ ਨਾਲ ਮੁਕਾਬਲਾ ਕਰਣ ਲਈ ਸਹਿਯੋਗ ਦਿਓ।
- ਅਜਿਹੀਆਂ ਏਜੰਸੀਆਂ ਅਤੇ ਵਿਅਕਤੀਆਂ ਬਾਰੇ ਜਾਣਕਾਰੀ ਇਕੱਠੀ ਕਰੋ, ਜਿਹੜੇ ਮਦਦ ਕਰ ਸਕਦੇ ਹੋਣ ਅਤੇ ਚਾਈਲਡ ਲਾਈਨ ਸੰਗਠਨ/ਐਨ ਜੀ ਓ/ਬਾਲ ਕਲਿਆਣ ਸਮਿਤੀਆਂ/ਬਾਲ ਸੁਰੱਖਿਆ ਅਧਿਕਾਰੀ ਆਦਿ ਤੋਂ ਮਦਦ ਲੈ ਸਕਦੇ ਹੋਣ।
- ਬਦਸਲੂਕੀ ਦੀਆਂ ਘਟਨਾਵਾਂ ਦੀ ਰਿਪੋਰਟ ਕਰੋ ਅਤੇ ਪੀੜਿਤ ਨੂੰ ਨਿਆਂ ਦਿਲਵਾਓ।
- ਜੇ ਲੋੜ ਹੋਵੇ, ਤਾਂ ਸਮੁਦਾਏ ਦੇ ਅੰਦਰ ਸਥਾਪਿਤ ਕੀਤੇ ਗਏ ਸ਼ਿਕਾਇਤ ਤੰਤਰਾਂ ਅਤੇ ਹੋਰ ਅਧਿਕਾਰੀਆਂ ਜਿਵੇਂ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਸ਼ਟਰੀ ਕਮਿਸ਼ਨ (NCPCR), ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਕਮਿਸ਼ਨ (SCPCR), ਚਾਈਲਡ ਲਾਈਨ ਆਦਿ ਨੂੰ ਸ਼ਿਕਾਇਤ ਭੇਜੋ।
- ਜਿਨਾਂ ਬੱਚਿਆਂ ਨਾਲ ਦੁਰਵਿਵਹਾਰ ਹੋਇਆ ਹੋਵੇ, ਓਹਨਾਂ ਲਈ ਉਪਲਬਧ ਕਾਨੂੰਨੀ ਸੁਰੱਖਿਆ ਅਤੇ ਪ੍ਰਾਵਧਾਨਾਂ ਨਾਲ ਆਪਣੇ ਆਪ ਨੂੰ ਪਰਿਚਿਤ ਕਰੋ।

ਬੱਚੇ ਦੀ ਗੱਲ ਸੁਣੋ

ਜੇਕਰ ਕੋਈ ਬੱਚਾ ਤੁਹਾਡੇ ਨਾਲ ਕਿਸੇ ਬਦਸਲੂਕੀ ਬਾਰੇ ਗੱਲ ਕਰ ਰਿਹਾ ਹੈ, ਜਿਸ ਦਾ ਉਹ ਸਾਹਮਣਾ ਕਰ ਰਿਹਾ ਹੈ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਉਸ ਦੀ ਗੱਲ ਨੂੰ ਧਿਆਨ ਨਾਲ ਸੁਣੋ। ਬੱਚੇ ਦੇ ਦਿਲ ਵਿੱਚ ਵਿਸ਼ਵਾਸ ਬਣਾਓਣ ਲਈ ਇਹ ਸਭ ਤੋਂ ਪਹਿਲਾ ਅਤੇ ਮਹੱਤਵਪੂਰਣ ਕਦਮ ਹੈ।

ਬੱਚੇ ਨੂੰ ਇਹ ਵੀ ਮਹਿਸੂਸ ਹੋਣਾ ਚਾਹੀਦਾ ਹੈ ਕਿ ਉਸ ਦੀ ਪ੍ਰੀਵੇਸੀ ਅਤੇ ਗੁਪਤਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

| ਕੀ ਕਰਨਾ ਚਾਹੀਦਾ ਹੈ | ਕੀ ਨਹੀਂ ਕਰਨਾ ਚਾਹੀਦਾ |
| --- | --- |
| • ਵਿਅਕਤੀਆਂ ਜਾਂ ਗਰੁੱਪਾਂ ਤੋਂ ਮਦਦ ਲੈ ਰਹੇ ਬੱਚੇ ਦੀ ਸੁਰੱਖਿਆ ਨਿਸ਼ਚਿਤ ਕਰਨੀ ਚਾਹੀਦੀ ਹੈ।<br>• ਜਦੋਂ ਬੱਚਾ ਗੱਲ ਕਰੇ, ਤਾਂ ਉਹ ਸਹਿਜ ਅਤੇ ਸੁਰੱਖਿਅਤ ਮਹਿਸੂਸ ਕਰੇ ਅਤੇ ਉਸ ਦੀ ਗੱਲ ਸੁਣੀ ਜਾਵੇ।<br>• ਵਿਸ਼ਵਾਸ ਬਣਾਓ, ਜਿਸ ਨਾਲ ਕਿ ਪੀੜਿਤ ਨੂੰ ਅਪਰਾਧ ਦੀ ਰਿਪੋਰਟ ਕਰਣ ਅਤੇ ਅਪਰਾਧੀ ਦੇ ਵਿਰੁੱਧ ਕਾਰਵਾਈ ਕਰਵਾਓਣ ਵਿੱਚ ਮਦਦ ਮਿਲਦੀ ਹੈ।<br>• ਸਹਿਯੋਗ ਦਿਓ।<br>• ਇਹ ਉਸਦਾ ਕਸੂਰ ਨਹੀਂ ਸੀ।<br>• ਅਜਿਹੇ ਪ੍ਰਸ਼ਨ ਪੁੱਛੋ ਜਿਨਾਂ ਦੇ ਉੱਤਰ ਜਾਣਨੇ ਬਹੁਤ ਜ਼ਰੂਰੀ ਹਨ। ਬੱਚੇ ਨੂੰ ਭਰੋਸਾ ਦਿਲਾਓ ਅਤੇ ਜੋ ਮਦਦ ਤੁਸੀਂ ਕਰ ਸਕਦੇ ਹੋ, ਕਰੋ।<br>• ਬੱਚੇ ਦੀ ਗੁਪਤਤਾ ਬਣਾ ਕੇ ਰੱਖੋ। | • ਬੱਚੇ ਨਾਲ ਗੱਲ ਕਰਦੇ ਹੋਏ ਜਾਂਚ ਕਰਣ ਦੀ ਕੋਈ ਜ਼ਰੂਰਤ ਨਹੀਂ ਹੈ।<br>• ਬੱਚੇ ਨੂੰ ਅਜਿਹੇ ਪ੍ਰਸ਼ਨ ਨਾ ਪੁੱਛੋ ਕਿ ਕੀ ਉਸ ਆਦਮੀ ਨੇ ਤੈਨੂੰ ਛੂਹਿਆ ਸੀ ?<br>• ਸ਼ਿਕਾਇਤੀ ਟੱਟੂ ਨਾ ਬਣੋ।<br>• ਨਿਰਣਾਇਕ ਨਾ ਬਣੋ।<br>• ਬੱਚੇ ਨਾਲ ਕੋਈ ਵਾਇਦੇ ਨਾ ਕਰੋ। ਆਪਣੀਆਂ ਹੱਦਾਂ ਨੂੰ ਪਛਾਣੋ ਅਤੇ ਜ਼ਰੂਰੀ ਸਹਿਯੋਗ ਦੇਣ ਵਾਲੇ ਵਿਅਕਤੀ ਨੂੰ ਸ਼ਾਮਿਲ ਕਰੋ।<br>• ਬੱਚੇ ਨੂੰ ਵਿਸ਼ਵਾਸ ਦਿਲਵਾਏ ਬਿਨਾਂ ਮਾਪਿਆਂ ਨੂੰ ਸੂਚਿਤ ਨਾ ਕਰੋ। ਕੇਵਲ ਓਹਨਾਂ ਕੇਸਾਂ ਵਿੱਚ ਜਿੱਥੇ ਬੱਚੇ ਦੀ ਜ਼ਿੰਦਗੀ ਨੂੰ ਖਤਰਾ ਹੋਵੇ, ਇਹ ਗੱਲ ਉਸ ਵਿਅਕਤੀ ਨਾਲ ਸਾਂਝੀ ਕੀਤੀ ਜਾ ਸਕਦੀ ਹੈ, ਜਿਹੜਾ ਬੱਚੇ ਨੂੰ ਸੁਰੱਖਿਆ ਪ੍ਰਦਾਨ ਕਰ ਸਕੇ। |

ਮੌਜੂਦਾ ਰਿਪੋਰਟਿੰਗ ਤੰਤਰ -

- ਜੇਕਰ ਕਿਸੇ ਨੂੰ ਸ਼ੱਕ ਹੋਵੇ, ਕਿ ਕਿਸੇ ਬੱਚੇ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ, ਤਾਂ ਉਸ ਨੂੰ ਜ਼ਰੂਰੀ ਮਦਦ ਦੇਣੀ ਮਹੱਤਵਪੂਰਣ ਹੈ। ਬਦਸਲੂਕੀ ਦੇ ਕੇਸਾਂ ਨਾਲ ਨਜਿੱਠਣ ਲਈ ਸਾਡੇ ਕੋਲ ਬਹੁਤ ਸਾਰੀਆਂ ਕਾਰਜਵਿਧੀਆਂ ਹਨ। ਇਹਨਾਂ ਵਿਚੋਂ ਕੁਝ ਹੇਠਾਂ ਦਿੱਤੀਆਂ ਗਈਆਂ ਹਨ;
- ਮਦਦ ਲਈ ਚਾਈਲਡ ਲਾਈਨ (1098 - ਬੱਚਿਆਂ ਲਈ ਐਮਰਜੈਨਸੀ ਨੰਬਰ) ਨਾਲ ਸੰਪਰਕ ਕਰੋ। ਬੱਚਿਆਂ ਨਾਲ ਸਬੰਧਤ ਕਿਸੇ ਵੀ ਮੁੱਦੇ ਲਈ ਚਾਈਲਡ ਲਾਈਨ ਨਾਲ ਸੰਪਰਕ ਕੀਤਾ ਜਾ ਸਕਦਾ ਹੈ।
- ਬਾਲ ਅਧਿਕਾਰਾਂ ਦੀ ਕਿਸੇ ਵੀ ਉਲੰਘਣਾ ਦੇ ਮਾਮਲੇ ਵਿੱਚ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਸ਼ਟਰੀ ਕਮਿਸ਼ਨ (NCPCR) ਜਾਂ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਕਮਿਸ਼ਨ (SCPCR) ਨੂੰ ਸ਼ਿਕਾਇਤ ਕਰੋ।

- ਸਕੂਲ ਵਿੱਚ ਕਿਸੇ ਅਧਿਆਪਕ ਜਾਂ ਕਿਸੇ ਹੋਰ ਬੱਚੇ ਦੁਆਰਾ ਬਦਸਲੂਕੀ ਦੇ ਕੇਸ ਵਿੱਚ, ਸਿੱਖਿਆ ਵਿਭਾਗ ਜਾਂ SCPCR ਜਾਂ NCPCR (ਜੇਕਰ ਕੋਈ ਵੀ SCPCR ਨਾ ਹੋਵੇ) ਨੂੰ ਲਿਖਤੀ ਸ਼ਿਕਾਇਤ ਭੇਜੀ ਜਾ ਸਕਦੀ ਹੈ ਅਤੇ ਇੱਕ ਨਕਲ ਸਕੂਲ ਦੇ ਪ੍ਰਿੰਸੀਪਲ ਨੂੰ ਭੇਜੀ ਜਾਵੇ।
- ਬਾਲ ਸ਼੍ਰਮ ਦੀ ਸਥਿਤੀ ਵਿੱਚ ਬਦਸਲੂਕੀ ਦੇ ਕੇਸ ਵਿੱਚ, SCPCR ਜਾਂ NCPCR ਦੇ ਨਾਲ-ਨਾਲ ਬਾਲ ਸ਼੍ਰਮ ਅਧਿਕਾਰੀ ਨੂੰ ਸ਼ਿਕਾਇਤ ਭੇਜੀ ਜਾ ਸਕਦੀ ਹੈ।
- ਸਮੇਕਿਤ ਬਾਲ ਸੁਰੱਖਿਆ ਯੋਜਨਾ (ICPS) ਦੇ ਲਾਗੂ ਹੋਣ ਤੋਂ ਬਾਅਦ, ਹਰ ਇੱਕ ਜ਼ਿਲ੍ਹੇ ਵਿੱਚ ਨਿਯੁਕਤ ਕੀਤੇ ਗਏ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਨਾਲ ਵੀ ਬਾਲ ਅਧਿਕਾਰਾਂ ਦੀ ਉਲੰਘਣਾ ਜਾਂ ਬਾਲ ਬਦਸਲੂਕੀ ਦੇ ਕੇਸ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।
- ਦੇਖਭਾਲ ਅਤੇ ਸੁਰੱਖਿਆ ਦੀ ਜ਼ਰੂਰਤ ਵਾਲੇ ਕਿਸੇ ਵੀ ਬੱਚੇ ਨੂੰ ਬਾਲ ਕਲਿਆਣ ਸਮਿਤੀ ਅੱਗੇ ਕਿਸੇ ਵੀ ਵਿਅਕਤੀ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ। ਬੱਚੇ ਨੂੰ ਦੇਖਭਾਲ ਅਤੇ ਸੁਰੱਖਿਆ ਪ੍ਰਦਾਨ ਕਰਨਾ ਬਾਲ ਕਲਿਆਣ ਸਮਿਤੀਆਂ ਦਾ ਫਰਜ਼ ਹੈ।
- ਕੇਸ ਦੀ ਰਿਪੋਰਟ ਕਿਸੇ ਵੀ ਪੁਲਿਸ ਸਟੇਸ਼ਨ ਵਿੱਚ ਜੁਵੇਨਾਈਲ/ਬਾਲ ਕਲਿਆਣ ਅਧਿਕਾਰੀ ਨੂੰ ਕਰੋ। ਜੁਵੇਨਾਈਲ /ਬਾਲ ਕਲਿਆਣ ਅਧਿਕਾਰੀ ਦੀ ਗੈਰ-ਹਾਜ਼ਿਰੀ ਵਿੱਚ ਕੋਈ ਵੀ ਪੁਲਿਸ ਅਧਿਕਾਰੀ ਕਾਨੂੰਨੀ ਕਾਰਵਾਈ ਲਈ ਸ਼ਿਕਾਇਤ ਦਰਜ ਕਰਨ ਵਿੱਚ ਮਦਦ ਕਰੇਗਾ।
- ਐਮਰਜੈਂਸੀ ਵਿੱਚ 100 ਨੰਬਰ ਤੇ ਪੁਲਿਸ ਨੂੰ ਕਾਲ ਕਰੋ। 100 ਨੰਬਰ ਤੇ ਕਾਲ ਕਰਨਾ ਆਪਣੇ ਆਪ ਹੀ ਸ਼ਿਕਾਇਤ ਦਰਜ ਕਰਨ ਨੂੰ ਸੁਨਿਸ਼ਚਿਤ ਕਰਦਾ ਹੈ ਅਤੇ ਪੁਲਿਸ ਨੂੰ ਇਸ ਤੇ ਤਤਕਾਲ ਕਾਰਵਾਈ ਕਰਨੀ ਪੈਂਦੀ ਹੈ।
- ਜੇਕਰ ਬਾਲ ਅਧਿਕਾਰਾਂ ਦੀ ਬਹੁਤ ਉਲੰਘਣਾ ਹੋ ਰਹੀ ਹੋਵੇ ਜਾਂ ਕੋਈ ਵਿਅਕਤੀ ਕਿਸੇ ਬੱਚੇ ਨਾਲ ਬਦਸਲੂਕੀ ਕਰ ਰਿਹਾ ਹੋਵੇ, ਅਤੇ ਪੁਲਿਸ ਅਪਰਾਧੀ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ, ਤਾਂ ਬੱਚੇ ਦਾ ਨਾਂ ਅਤੇ ਵਿਵਰਣ ਛੁਪਾ ਕੇ ਉਸ ਨਾਲ ਹੁੰਦੀ ਬਦਸਲੂਕੀ ਨੂੰ ਉਜਾਗਰ ਕਰਦੇ ਹੋਏ ਲੋਕਲ ਅਖਬਾਰ ਨੂੰ ਰਿਪੋਰਟ ਭੇਜੀ ਜਾ ਸਕਦੀ ਹੈ।



ਸਕੂਲ ਵਿੱਚ ਰਮੇਸ਼ ਦਾ ਅਧਿਆਪਕ ਛੋਟੀਆਂ ਛੋਟੀਆਂ ਗਲਤੀਆਂ ਤੇ ਵੀ ਉਸ ਨੂੰ ਬਹੁਤ ਬੁਰੀ ਤਰਾਂ ਕੁੱਟਦਾ ਸੀ। ਰਮੇਸ਼ ਨੇ ਇਸ ਬਦਸਲੂਕੀ ਦੀ ਰਿਪੋਰਟ ਬਾਲ ਸੁਰੱਖਿਆ ਸਮਿਤੀ ਨੂੰ ਕਰ ਦਿੱਤੀ।

ਸੀ ਪੀ ਸੀ ਮੈਂਬਰ ਹੋਣ ਦੇ ਨਾਤੇ ਤੁਸੀਂ ਕੀ ਕਾਰਵਾਈ ਕਰੋਗੇ ?

1. ਸੀ ਪੀ ਸੀ ਮੈਂਬਰਾਂ ਨੂੰ ਕੋਸ਼ਿਸ਼ ਕਰਕੇ ਬੱਚੇ ਦੇ ਘਰ ਜਾਣਾ ਚਾਹੀਦਾ ਹੈ ਅਤੇ ਉਸ ਨਾਲ ਗੱਲ ਕਰਨੀ ਚਾਹੀਦੀ ਹੈ। ਜੇਕਰ ਬੱਚੇ ਨਾਲ ਹੋਰ ਬਦਸਲੂਕੀ ਹੋਣ ਦਾ ਖਤਰਾ ਹੋਵੇ, ਤਾਂ ਉਸ ਤੱਕ ਪਹੁੰਚਣ ਦੇ ਹੋਰ ਤਰੀਕੇ ਵੀ ਸੋਚੇ ਜਾਣੇ ਚਾਹੀਦੇ ਹਨ ਜਿਵੇਂ ਕਿ ਬੱਚੇ ਦੇ ਕਿਸੇ ਦੋਸਤ ਨੂੰ ਜਾਂ ਬਾਲ ਸਮੂਹ ਦੇ ਕਿਸੇ ਮੈਂਬਰ ਨੂੰ ਬੱਚੇ ਦੇ ਘਰ ਜਾ ਕੇ ਜ਼ਰੂਰੀ ਜਾਣਕਾਰੀ ਇਕੱਠੀ ਕਰਣ ਲਈ ਕਿਹਾ ਜਾ ਸਕਦਾ ਹੈ।
2. ਬੱਚੇ ਦੇ ਮਾਤਾ-ਪਿਤਾ ਨੂੰ ਵੀ ਵਿਸ਼ਵਾਸ ਵਿੱਚ ਲੈਣਾ ਜ਼ਰੂਰੀ ਹੈ।
3. ਸੀ ਪੀ ਸੀ ਮੈਂਬਰਾਂ ਨੂੰ ਬੱਚੇ ਨੂੰ ਵਿਸ਼ਵਾਸ ਵਿੱਚ ਲੈਣਾ ਚਾਹੀਦਾ ਹੈ ਅਤੇ ਉਸ ਦੇ ਮਾਤਾ-ਪਿਤਾ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਬੱਚੇ ਦੀ ਸੁਰੱਖਿਆ ਸੁਨਿਸ਼ਚਿਤ ਕਰਨੀ ਚਾਹੀਦੀ ਹੈ।
4. ਸਕੂਲਾਂ ਵਿੱਚ ਬਦਸਲੂਕੀ ਦੇ ਵਿਰੁੱਧ ਆਵਾਜ਼ ਨੂੰ ਬੁਲੰਦ ਕਰਣ ਲਈ ਹੋਰ ਮਾਪਿਆਂ ਨਾਲ ਗੱਲ ਕਰਕੇ ਓਹਨਾਂ ਨੂੰ ਵੀ ਵਿਸ਼ਵਾਸ ਵਿੱਚ ਲੈਣਾ ਚਾਹੀਦਾ ਹੈ। ਇਸ ਨਾਲ ਪੀੜਿਤ ਦੇ ਪਰਿਵਾਰ ਨੂੰ ਵੀ ਅੱਗੇ ਆਓਣ ਲਈ ਅਤੇ ਗਲਤੀ ਕਰਣ ਵਾਲੇ ਅਧਿਆਪਕ/ਸਕੂਲ ਦੇ ਵਿਰੁੱਧ ਕਾਰਵਾਈ ਕਰਣ ਲਈ ਪ੍ਰੇਰਣਾ ਮਿਲੇਗੀ।
5. ਜੇਕਰ ਮਾਪਿਆਂ ਨੂੰ ਦੱਸਿਆ ਜਾਵੇ ਕਿ ਸਕੂਲਾਂ ਵਿੱਚ ਸ਼ਰੀਰਿਕ ਦੰਡ ਦੇਣਾ ਗੈਰ-ਕਾਨੂੰਨੀ ਹੈ, ਤਾਂ ਇਸ ਨਾਲ ਓਹਨਾਂ ਨੂੰ ਆਪਣੇ ਬੱਚਿਆਂ ਦੇ ਅਧਿਕਾਰਾਂ ਲਈ ਲੜ੍ਹਨ ਲਈ ਹਿੰਮਤ ਇਕੱਠੀ ਕਰਣ ਵਿੱਚ ਮਦਦ ਮਿਲੇਗੀ।
6. ਸੀ ਪੀ ਸੀ ਮੈਂਬਰਾਂ ਨੂੰ ਰਮੇਸ਼ ਦੇ ਮਾਪਿਆਂ ਨਾਲ ਸਕੂਲ ਵਿੱਚ ਜਾ ਕੇ ਪ੍ਰਿੰਸੀਪਲ ਅਤੇ ਅਧਿਆਪਕਾਂ ਨਾਲ ਗੱਲ ਕਰਕੇ ਤੁਰੰਤ ਹੀ ਬੱਚੇ ਨਾਲ ਹੁੰਦੀ ਹਿੰਸਾ ਨੂੰ ਬੰਦ ਕਰਵਾਓਣਾ ਚਾਹੀਦਾ ਹੈ।
7. ਇਹ ਵੀ ਮਦਦਗਾਰ ਸਾਬਿਤ ਹੋਵੇਗਾ ਕਿ ਸਕੂਲ ਦੇ ਅਧਿਕਾਰੀਆਂ ਨੂੰ ਅਹਿਸਾਸ ਕਰਵਾਇਆ ਜਾਵੇ, ਕਿ ਬੱਚੇ ਵੀ ਮਹੱਤਵਪੂਰਣ ਫੋਰਸ ਹੁੰਦੇ ਹਨ ਅਤੇ ਓਹਨਾਂ ਦੀ ਆਵਾਜ਼ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ।
8. ਜੇਕਰ ਜ਼ਰੂਰਤ ਹੋਵੇ ਤਾਂ ਸਮੁਦਾਏ ਦੀ ਮਦਦ ਲਈ ਜਾਵੇ ਜਾਂ ਕੇਸ ਗ੍ਰਾਮ ਸਭਾ ਵਿੱਚ ਲੈ ਜਾਇਆ ਜਾਵੇ।
9. ਜੇਕਰ ਬਦਸਲੂਕੀ ਕਾਨੂੰਨ ਦੁਆਰਾ ਮਾਨਤਾ ਦਿੱਤੇ ਗਏ ਕਿਸੇ ਅਪਰਾਧ ਦੇ ਬਰਾਬਰ ਹੋਵੇ, ਤਾਂ ਇਸ ਦੀ ਰਿਪੋਰਟ 3⇨3 ਜਾਂ ਚਾਈਲਡ ਹੈਲਪਲਾਈਨ ਜਾਂ ਪੁਲਿਸ ਨੂੰ ਕਰਨੀ ਚਾਹੀਦੀ ਹੈ।

ਜਾਣਕਾਰੀ ਅਤੇ ਕਾਨੂੰਨੀ ਗਿਆਨ ਦੀ ਪ੍ਰਾਪਤੀ

ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਸਕਦੀ, ਜੇਕਰ ਸੀ ਪੀ ਸੀ ਮੈਂਬਰਾਂ ਨੂੰ ਬਾਲ ਬਦਸਲੂਕੀ ਨਾਲ ਨਜਿੱਠਣ ਵਿੱਚ ਮਦਦ ਕਰਣ ਵਾਲੇ ਕਾਨੂੰਨਾਂ ਅਤੇ ਏਜੰਸੀਆਂ ਬਾਰੇ ਜ਼ਰੂਰੀ ਜਾਣਕਾਰੀ ਨਾ ਹੋਵੇ।

| ਜਾਣਨ ਵਾਲੀਆਂ ਕੁਝ ਮਹੱਤਵਪੂਰਣ ਚੀਜ਼ਾਂ | | |
|---|---|---|
| ਬੱਚਿਆਂ ਲਈ ਏਜੰਸੀ | ਅਜਿਹੀਆਂ ਸਥਿਤੀਆਂ ਵਿੱਚ ਮਦਦਗਾਰ ਸਾਬਿਤ ਹੋਣ ਵਾਲੇ ਵਿਅਕਤੀ | ਯਾਦ ਰੱਖਣ ਵਾਲੇ ਐਮਰਜੈਂਸੀ ਨੰਬਰ |
| • ਪੁਲਿਸ<br>• ਚਾਈਲਡ ਹੈਲਪਲਾਈਨ/ਐਨ ਜੀ ਓ<br>• ਬਾਲ ਕਲਿਆਣ ਸਮਿਤੀਆਂ<br>• ਜਿਲ੍ਹਾ ਮੈਜਿਸਟ੍ਰੇਟ<br>• ਜਿਲ੍ਹਾ ਬਾਲ ਸੁਰੱਖਿਆ ਸਮਿਤੀਆਂ<br>• ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਕਮਿਸ਼ਨ<br>• ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਸ਼ਟਰੀ ਕਮਿਸ਼ਨ | • ਪੰਚਾਇਤ ਦੇ ਮੈਂਬਰ<br>• ਆਂਗਨਵਾੜੀ ਵਰਕਰ<br>• ਸਕੂਲ ਦੇ ਅਧਿਆਪਕ<br>• ANM/ਡਾਕਟਰ<br>• ਆਸ਼ਾ ਦੀਦੀ<br>• ਜਿਲ੍ਹਾ ਬਾਲ ਸੁਰੱਖਿਆ ਅਧਿਕਾਰੀ<br>• ਹੋਰ ਜਿਲ੍ਹਾ ਅਧਿਕਾਰੀ | • ਪੁਲਿਸ - 100<br>• ਵੁਮੈਨ ਹੈਲਪਲਾਈਨ -<br>• ਚਾਈਲਡ ਹੈਲਪਲਾਈਨ - 1098<br>• ਐਂਬੂਲੈਂਸ ਨੰਬਰ - |

## ਕਿਹੜੇ ਕਾਨੂੰਨ ਬੱਚਿਆਂ ਦੀ ਬਦਸਲੂਕੀ ਤੋਂ ਸੁਰੱਖਿਆ ਕਰਦੇ ਹਨ ?

ਸ਼ਰੀਰਿਕ ਬਦਸਲੂਕੀ, ਭਾਵਨਾਤਮਕ ਬਦਸਲੂਕੀ ਜਾਂ ਅਣਗਹਿਲੀ

ਬਾਲ ਬਦਸਲੂਕੀ ਅਤੇ ਇਸ ਦੇ ਕਈ ਰੂਪਾਂ ਨਾਲ ਨਜਿੱਠਣ ਲਈ ਅਸਲ ਵਿੱਚ ਕੋਈ ਵੀ ਵੱਖਰੇ ਕਾਨੂੰਨ ਨਹੀਂ ਹਨ। ਪਰ ਕਈ ਕਾਨੂੰਨਾਂ ਵਿੱਚ ਕੁਝ ਪ੍ਰਾਵਧਾਨ ਅਪਰਾਧੀਆਂ ਨੂੰ ਬੁੱਕ ਕਰਣ ਵਿੱਚ ਮਦਦ ਕਰ ਸਕਦੇ ਹਨ।

ਅਕਸਰ, ਪੁਲਿਸ ਨੂੰ ਵੀ ਨਹੀਂ ਪਤਾ ਹੁੰਦਾ ਕਿ ਬਾਲ ਬਦਸਲੂਕੀ ਲਈ ਕੇਸਾਂ ਨੂੰ ਬੁੱਕ ਕਰਣ ਲਈ ਕਿਹੜੇ ਕਾਨੂੰਨੀ ਪ੍ਰਾਵਧਾਨਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਲਈ, ਅਜਿਹੀ ਜਾਣਕਾਰੀ ਦਾ ਗਿਆਨ ਇਹ ਸੁਨਿਸ਼ਚਿਤ ਕਰਦਾ ਹੈ ਕਿ ਕੇਸ ਸੰਬੰਧਤ ਕਾਨੂੰਨਾਂ ਅਤੇ ਪ੍ਰਾਵਧਾਨਾਂ ਦੇ ਅੰਤਰਗਤ ਬੁੱਕ ਕੀਤਾ ਜਾਵੇਗਾ।

### 2006 ਵਿੱਚ ਸੋਧੇ ਗਏ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ, 2000, ਵਿੱਚ ਪ੍ਰਾਵਧਾਨ

ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ, 2000 ਦੀ ਧਾਰਾ ਓਹਨਾਂ ਵਿਅਕਤੀਆਂ ਨੂੰ ਬੱਚਿਆਂ ਦੇ ਖਿਲਾਫ਼ ਬੇਰਹਿਮੀ ਕਰਣ ਲਈ ਸਜ਼ਾ ਦਿੰਦੀ ਹੈ, ਜਿਨਾਂ ਦੀ ਦੇਖਭਾਲ ਅਤੇ ਸੁਰੱਖਿਆ ਵਿੱਚ ਬੱਚਿਆਂ ਨੂੰ ਰੱਖਿਆ ਜਾਂਦਾ ਹੈ। ਇੱਥੇ ਬੇਰਹਿਮੀ ਵਿੱਚ ਸ਼ਰੀਰਿਕ ਅਤੇ ਮਾਨਸਿਕ ਬੇਰਹਿਮੀ ਦੋਵੇਂ ਹੀ ਸ਼ਾਮਿਲ ਹਨ।

ਇਸ ਲਈ ਧਾਰਾ 23 ਨੂੰ ਸ਼ਰੀਰਿਕ, ਮਾਨਸਿਕ ਅਤੇ ਭਾਵਨਾਤਮਕ ਬਦਸਲੂਕੀ ਅਤੇ ਅਣਗਹਿਲੀ ਦੇ ਕੇਸਾਂ ਲਈ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਬੱਚੇ ਦੇ ਸਰਪ੍ਰਸਤ ਵਿਅਕਤੀ ਵੱਲੋਂ ਉਸ ਨਾਲ ਯੌਨ ਬਦਸਲੂਕੀ ਕਰਣ ਤੇ ਵੀ ਕੇਸ ਬੁੱਕ ਕਰਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

ਬੱਚੇ ਦੇ ਸਰਪ੍ਰਸਤ ਵਿਅਕਤੀਆਂ ਵਿੱਚ ਨਿਮਨ ਸ਼ਾਮਿਲ ਹੁੰਦੇ ਹਨ:

- ਮਾਤਾ-ਪਿਤਾ
- ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕ
- ਨਿਯੁਕਤਾ
- ਆਂਗਨਵਾੜੀ ਜਾਂ ਹੋਰ ਅਜਿਹੇ ਕਾਰਜਕਰਤਾ ਜਿਨਾਂ ਦੀ ਦੇਖਭਾਲ ਵਿੱਚ ਬੱਚੇ ਨੂੰ ਰੱਖਿਆ ਜਾਂਦਾ ਹੈ
- ਬਾਲ ਘਰ ਜਾਂ ਸੰਸਥਾ ਜਿੱਥੇ ਬੱਚਾ ਰਹਿੰਦਾ ਹੈ, ਉੱਥੇ ਦਾ ਹੈੱਡ ਅਤੇ ਸਟਾਫ਼
- ਬੱਚੇ ਦੀ ਜਾਂਚ ਕਰਣ ਵਾਲਾ ਡਾਕਟਰ
- ਪੁਲਿਸ, ਜੇਕਰ ਬੱਚਾ ਪੁਲਿਸ ਦੀ ਹਿਰਾਸਤ ਵਿੱਚ ਹੋਵੇ
- ਬੱਚਿਆਂ ਲਈ ਕੰਮ ਕਰਣ ਵਾਲੀਆਂ ਬਾਲ ਕਲਿਆਣ ਸਮਿਤੀਆਂ ਅਤੇ ਜੁਵੇਨਾਈਲ ਜਸਟਿਸ ਬੋਰਡ
- ਕੋਈ ਵੀ ਵਿਅਕਤੀ ਜਾਂ ਸੰਸਥਾ ਜਿਸ ਦੀ ਦੇਖਭਾਲ ਅਤੇ ਸਰਪ੍ਰਸਤੀ ਵਿੱਚ ਬੱਚਾ ਕੁਝ ਸਮੇਂ ਲਈ ਜਾਂ ਹਮੇਸ਼ਾ ਲਈ ਰਹੇਗਾ

ਜੁਵੇਨਾਈਲ ਜਸਟਿਸ ਬੋਰਡ ਦੇ ਅਧੀਨ ਮਾਨਤਾ ਪ੍ਰਾਪਤ ਹੋਰ ਅਪਰਾਧ

- ਕਿਸੇ ਬੱਚੇ ਨੂੰ ਰੁਜ਼ਗਾਰ ਤੇ ਲਗਾਓਣਾ, ਉਸ ਦਾ ਇਸਤੇਮਾਲ ਕਰਨਾ ਜਾਂ ਉਸ ਤੋਂ ਭੀਖ ਮੰਗਵਾਓਣਾ (ਧਾਰਾ 24 (1))
- ਬੱਚੇ ਦੇ ਸਰਪ੍ਰਸਤ ਵਿਅਕਤੀ ਵੱਲੋਂ ਉਸ ਨੂੰ ਰੁਜ਼ਗਾਰ ਲਈ ਉਕਸਾਓਣਾ ਜਾਂ ਉਸ ਦਾ ਭੀਖ ਮੰਗਣ ਲਈ ਇਸਤੇਮਾਲ ਕਰਨਾ (ਧਾਰਾ 24 (2))
- ਕਿਸੇ ਬੱਚੇ ਨੂੰ ਮੈਡੀਕਲ ਪ੍ਰੈਕਟੀਸ਼ਨਰ ਦੀ ਤਜਵੀਜ਼ ਤੋਂ ਬਿਨਾਂ ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੇਣਾ ਜਾਂ ਉਸ ਨੂੰ ਲੈਣ ਲਈ ਉਕਸਾਓਣਾ (ਧਾਰਾ 25)
- ਬੱਚੇ ਨੂੰ ਖਤਰਨਾਕ ਰੁਜ਼ਗਾਰ ਲਈ ਖਰੀਦਣਾ, ਉਸ ਨੂੰ ਗੁਲਾਮ ਬਣਾਓਣਾ ਅਤੇ ਉਸ ਦੀ ਕਮਾਈ ਦਾ ਆਪਣੇ ਲਈ ਇਸਤੇਮਾਲ ਕਰਨਾ (ਧਾਰਾ 26)

ਧਾਰਾ 23, 24, 25 ਜਾਂ 26 ਦੇ ਤਹਿਤ ਕਿਸੇ ਵੀ ਅਪਰਾਧ ਦੀ ਰਿਪੋਰਟ ਸਿੱਧੇ ਹੀ ਪੁਲਿਸ ਨੂੰ ਜਾਂ ਬਾਲ ਕਲਿਆਣ ਸਮਿਤੀ ਨੂੰ ਜਾਂ ਜੁਵੇਨਾਈਲ ਜਸਟਿਸ ਬੋਰਡ ਨੂੰ ਕੀਤੀ ਜਾ ਸਕਦੀ ਹੈ।

ਕਾਰਵਾਈਆਂ ਅਤੇ ਪ੍ਰਕਿਰਿਆਵਾਂ

↓

ਦੇਖਭਾਲ ਅਤੇ ਸੁਰੱਖਿਆ ਦੀ ਜ਼ਰੂਰਤ ਵਾਲੇ ਬੱਚੇ

↓

ਬਾਲ ਕਲਿਆਣ

↓

- ਆਸਰਾ ਘਰ
- ਬਾਲ ਘਰ
- ਬਹਾਲੀ

ਦੇਖਭਾਲ ਅਤੇ ਸੁਰੱਖਿਆ ਦੀ ਜ਼ਰੂਰਤ ਵਾਲੇ ਬੱਚਿਆਂ ਵਿੱਚ ਨਿਮਨਲਿਖਿਤ ਬੱਚੇ ਸ਼ਾਮਿਲ ਹੁੰਦੇ ਹਨ:

- ਬੇਘਰ
- ਜਿਨਾਂ ਦੇ ਮਾਤਾ-ਪਿਤਾ ਅਸਮਰਥ ਹੋਣ
- ਛੱਡੇ ਗਏ, ਗੁੰਮੇ ਹੋਏ ਜਾਂ ਘਰੋਂ ਭੱਜੇ ਹੋਏ
- ਪ੍ਰਾਕ੍ਰਿਤਿਕ ਜਾਂ ਮਾਨਵ-ਨਿਰਮਿਤ ਬਿਪਤਾ ਦੇ ਸ਼ਿਕਾਰ
- ਸ਼ੋਸ਼ਣ ਅਤੇ ਬਦਸਲੂਕੀ ਦੇ ਸ਼ਿਕਾਰ
- ਮਾਨਸਿਕ ਜਾਂ ਸ਼ਰੀਰਿਕ ਚੁਣੌਤੀ ਵਾਲੇ
- ਮਾਨਸਿਕ ਜਾਂ ਸ਼ਰੀਰਿਕ ਬਿਮਾਰੀਆਂ ਵਾਲੇ
- ਐਚ ਆਈ ਵੀ/ ਏਡਜ਼ ਪ੍ਰਭਾਵਿਤ ਜਾਂ ਸੰਕ੍ਰਮਿਤ
- ਜਿਨਾਂ ਦੀ ਮਜ਼ਦੂਰੀ, ਵਪਾਰ ਜਾਂ ਯੌਨ ਸ਼ੋਸ਼ਣ ਦੇ ਮਕਸਦ ਲਈ ਤਸਕਰੀ ਕੀਤੀ ਗਈ ਹੋਵੇ

ਇਸ ਨਿਯਮ ਦੇ ਤਹਿਤ ਬੱਚਿਆਂ ਦੇ ਨਾਲ ਨਜਿੱਠਣਾ -

- ਬੱਚਿਆਂ ਨਾਲ ਗੱਲਬਾਤ ਕਰਦੇ ਸਮੇਂ ਪੁਲਿਸ ਨੂੰ ਸਾਦੇ ਕੱਪੜਿਆਂ ਵਿੱਚ ਹੋਣਾ ਚਾਹੀਦਾ ਹੈ
- ਕਿਸੇ ਵੀ ਬੱਚੇ ਨੂੰ ਪੁਲਿਸ ਸਟੇਸ਼ਨ ਵਿੱਚ ਨਹੀਂ ਰੱਖਿਆ ਜਾ ਸਕਦਾ
- ਬੱਚੇ ਨੂੰ ਬਾਲ ਕਲਿਆਣ ਸਮਿਤੀ ਅੱਗੇ 24 ਘੰਟੇ ਦੇ ਅੰਦਰ ਅੰਦਰ ਪੇਸ਼ ਕੀਤਾ ਜਾਣਾ ਚਾਹੀਦਾ ਹੈ

ਭਾਰਤੀ ਦੰਡ ਸੰਹਿਤਾ ਵਿੱਚ ਪ੍ਰਾਵਧਾਨ :

- ਸਾਧਾਰਣ ਅਤੇ ਗੰਭੀਰ ਚੋਟ (ਧਾਰਾ 319 ਤੋਂ 329 ਤੱਕ);
- ਅਪਰਾਧਿਕ ਬਲ ਅਤੇ ਅਪਰਾਧਿਕ ਹਮਲਾ (ਧਾਰਾ 350 ਅਤੇ 351);
- ਅਪਰਾਧਿਕ ਧਮਕੀ (ਧਾਰਾ 503 ਅਤੇ 506);
- 12 ਸਾਲ ਤੋਂ ਘੱਟ ਦੀ ਉਮਰ ਦੇ ਬੱਚੇ ਦੀ ਦੇਖਭਾਲ ਕਰਣ ਵਾਲੇ ਮਾਪੇ ਜਾਂ ਸਰਪ੍ਰਸਤ ਵੱਲੋਂ ਬੱਚੇ ਨੂੰ ਛੱਡ ਦੇਣਾ (ਧਾਰਾ 317);
- ਨਾਜਾਇਜ਼ ਸੰਯਮ ਅਤੇ ਨਾਜਾਇਜ਼ ਬੰਧਕ (ਧਾਰਾ 339, 340-346);

## ਸ਼ਰੀਰਿਕ ਦੰਡ

ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ, 2009ਸਕੂਲਾਂ ਵਿੱਚ ਸ਼ਰੀਰਿਕ ਦੰਡ ਉੱਤੇ ਰੋਕ ਲਗਾਓਂਦਾ ਹੈ।

ਜੇਕਰ ਬੱਚਿਆਂ ਨੂੰ ਸਕੂਲ ਵਿੱਚ ਸ਼ਰੀਰਿਕ ਦੰਡ ਦਿੱਤਾ ਜਾ ਰਿਹਾ ਹੋਵੇ, ਤਾਂ ਓਹ ਜਾਂ ਓਹਨਾਂ ਦੇ ਮਾਪੇ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਕਮਿਸ਼ਨ ਨੂੰ ਸ਼ਿਕਾਇਤ ਕਰ ਸਕਦੇ ਹਨ। ਜੇਕਰ ਰਾਜ ਕਮਿਸ਼ਨ ਨਾ ਹੋਵੇ ਤਾਂ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਸ਼ਟਰੀ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ।

ਸਕੂਲਾਂ ਅਤੇ ਸੰਸਥਾਵਾਂ ਵਿੱਚ ਵੀ ਸ਼ਰੀਰਿਕ ਦੰਡ ਲਈ, ਜੁਵੇਨਾਈਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2000 ਦੀ ਧਾਰਾ 23 ਦੇ ਅਧੀਨ ਕੇਸ ਬੁੱਕ ਕੀਤਾ ਜਾ ਸਕਦਾ ਹੈ।

ਯੌਨ ਬਦਸਲੂਕੀ ਨਾਲ ਨਜਿੱਠਣ ਲਈ ਵਿਸ਼ੇਸ਼ ਕਾਨੂੰਨ

ਬਾਲ ਯੌਨ ਬਦਸਲੂਕੀ ਨਾਲ ਨਜਿੱਠਣ ਲਈ ਕੋਈ ਵੱਖਰੇ ਕਾਨੂੰਨ ਤਾਂ ਨਹੀਂ ਹਨ। ਪਰ ਬੱਚਿਆਂ ਦੀ ਇਸ ਤੋਂ ਸੁਰੱਖਿਆ ਕਰਣ ਲਈ ਵੱਖਰੇ ਕਾਨੂੰਨ ਬਣਾਓਣ ਲਈ ਕਦਮ ਚੁੱਕੇ ਗਏ ਹਨ। ਯੌਨ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਬਿਲ, 2011 ਪਾਰਲੀਆਮੈਂਟ ਸਟੈਂਡਿੰਗ ਕਮੇਟੀ ਕੋਲ ਹੈ ਅਤੇ ਜਲਦ ਹੀ ਇਸ ਦੇ ਕਾਨੂੰਨ ਬਣ ਜਾਣ ਦੀ ਸੰਭਾਵਨਾ ਹੈ।

**About the bill:**

A Bill to protect children from offences of sexual assault, sexual harassment and pornography and provide for establishment of Special Courts for trial of such offences.



ਯੌਨ ਅਪਰਾਧ ਤੋਂ ਬੱਚਿਆਂ ਦੀ ਸੁਰੱਖਿਆ (♦®3♥®) ਐਕਟ 2012 ਵਿੱਚ ਬਣਾਇਆ ਗਿਆ ਸੀ। ਇਸ ਦੇ ਅਨੁਸਾਰ:

- 18 ਸਾਲ ਦੀ ਉਮਰ ਤੋਂ ਛੋਟਾ ਕੋਈ ਵੀ ਵਿਅਕਤੀ ਬੱਚਾ ਹੈ।
- ਇਹ ਬੱਚਿਆਂ ਦੀ ਯੌਨ ਉਤਪੀੜਨ, ਜਿਣਸੀ ਪਰੇਸ਼ਾਨੀ ਅਤੇ ਅਸ਼ਲੀਲਤਾ ਦੇ ਅਪਰਾਧ ਦੇ ਖਿਲਾਫ ਰੱਖਿਆ ਕਰਦਾ ਹੈ।
- ਯੌਨ ਉਤਪੀੜਨ ਦਾ ਅਪਰਾਧ ਘੱਟੋ-ਘੱਟ 3 ਸਾਲ ਤੱਕ ਜਾਂ ਉਮਰ ਕੈਦ ਦੀ ਸਖ਼ਤ ਕੈਦ ਅਤੇ ਅਪਰਾਧ ਦੀ ਗੰਭੀਰਤਾ ਦੇ ਅਨੁਸਾਰ ਜੁਰਮਾਨੇ ਨਾਲ ਸਜ਼ਾਯੋਗ ਹੈ।
- ਅਸ਼ਲੀਲਤਾ ਦੇ ਉਦੇਸ਼ ਲਈ ਬੱਚਿਆਂ ਦਾ ਇਸਤੇਮਾਲ ਕਰਨਾ 3 ਸਾਲ ਤੱਕ ਦੀ ਸਖ਼ਤ ਕੈਦ ਅਤੇ ਜੁਰਮਾਨੇ ਨਾਲ ਸਜ਼ਾਯੋਗ ਹੈ।
- ਬੱਚਿਆਂ ਦੇ ਖਿਲਾਫ਼ ਯੌਨ ਅਪਰਾਧਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।
- ਅਪਰਾਧ ਦੀ ਰਿਪੋਰਟ ਕਰਣ, ਸਬੂਤ ਦੀ ਰਿਕਾਰਡਿੰਗ ਕਰਣ, ਜਾਂਚ ਅਤੇ ਸੁਣਵਾਈ ਲਈ ਬੱਚਿਆਂ ਦੇ ਅਨੁਕੂਲ ਪ੍ਰਕਿਰਿਆਵਾਂ ਬਣਾਈਆਂ ਜਾਂਦੀਆਂ ਹਨ। ਇਹਨਾਂ ਵਿੱਚ ਸ਼ਾਮਿਲ ਹਨ:
  - ਬੱਚੇ ਦਾ ਬਿਆਨ ਉਸ ਦੇ ਘਰ ਆ ਕੇ ਜਾਂ ਉਸ ਦੀ ਮਰਜ਼ੀ ਦੀ ਥਾਂ ਤੇ ਰਿਕਾਰਡ ਕਰਨਾ ਅਤੇ ਇਹ ਰਿਕਾਰਡਿੰਗ ਹੋ ਸਕੇ ਤਾਂ ਕਿਸੇ ਮਹਿਲਾ ਪੁਲਿਸ ਅਧਿਕਾਰੀ ਦੁਆਰਾ ਕਰਨਾ, ਜੋ ਘੱਟੋ-ਘੱਟ ਸਬ-ਇੰਸਪੈਕਟਰ ਤਾਂ ਹੋਵੇ।
  - ਕਿਸੇ ਵੀ ਕਾਰਣ ਤੋਂ ਕਿਸੇ ਬੱਚੇ ਨੂੰ ਰਾਤ ਨੂੰ ਪੁਲਿਸ ਸਟੇਸ਼ਨ ਵਿੱਚ ਨਾ ਰੱਖਿਆ ਜਾਵੇ।
  - ਬੱਚੇ ਦਾ ਬਿਆਨ ਰਿਕਾਰਡ ਕਰਦੇ ਸਮੇਂ ਪੁਲਿਸ ਅਧਿਕਾਰੀ ਵਰਦੀ ਵਿੱਚ ਨਹੀਂ ਹੋਣਾ ਚਾਹੀਦਾ।
  - ਬੱਚੇ ਦਾ ਬਿਆਨ ਓਹੀ ਰਿਕਾਰਡ ਕੀਤਾ ਜਾਵੇ, ਜੋ ਬੱਚੇ ਨੇ ਬੋਲਿਆ ਹੈ। ਬੱਚੇ ਦੀ ਜ਼ਰੂਰਤ ਅਨੁਸਾਰ ਦੁਭਾਸ਼ੀਏ ਜਾਂ ਅਨੁਵਾਦਕ ਜਾਂ ਮਾਹਰ ਦੀ ਮਦਦ ਦਿੱਤੀ ਜਾਵੇ।
  - ਜੇਕਰ ਬੱਚਾ ਵਿਕਲਾਂਗ ਹੋਵੇ, ਤਾਂ ਵਿਸ਼ੇਸ਼ ਐਜੂਕੇਟਰ ਜਾਂ ਕਿਸੇ ਅਜਿਹੇ ਵਿਅਕਤੀ ਦੀ ਸਹਾਇਤਾ ਲਈ ਜਾਵੇ, ਜਿਹੜਾ ਬੱਚੇ ਦੇ ਸੰਚਾਰ ਦੇ ਤਰੀਕੇ ਨਾਲ ਪਰਿਚਿਤ ਹੋਵੇ।
  - ਬੱਚੇ ਦੀ ਮੈਡੀਕਲ ਪ੍ਰੀਖਿਆ ਬੱਚੇ ਦੇ ਮਾਪਿਆਂ ਦੀ ਮੌਜੂਦਗੀ ਵਿੱਚ ਜਾਂ ਕਿਸੇ ਅਜਿਹੇ ਵਿਅਕਤੀ ਦੀ ਮੌਜੂਦਗੀ ਵਿੱਚ ਕਰਵਾਈ ਜਾਵੇ, ਜਿਸ ਤੇ ਬੱਚੇ ਨੂੰ ਭਰੋਸਾ ਹੋਵੇ।
  - ਜੇਕਰ ਪੀੜਿਤ ਇੱਕ ਲੜਕੀ ਹੋਵੇ, ਤਾਂ ਮੈਡੀਕਲ ਪ੍ਰੀਖਿਆ ਮਹਿਲਾ ਡਾਕਟਰ ਦੁਆਰਾ ਕੀਤੀ ਜਾਵੇ।
  - ਸੁਣਵਾਈ ਦੇ ਦੌਰਾਨ ਬੱਚੇ ਨੂੰ ਵਾਰ-ਵਾਰ ਬ੍ਰੇਕ ਦਿੱਤਾ ਜਾਵੇ।
  - ਬੱਚੇ ਨੂੰ ਗਵਾਹੀ ਦੇਣ ਲਈ ਵਾਰ-ਵਾਰ ਨਾ ਬੁਲਾਇਆ ਜਾਵੇ।
  - ਬੱਚੇ ਨਾਲ ਕੋਈ ਸਖ਼ਤ ਪੁੱਛ-ਤਾਛ ਜਾਂ ਚਰਿੱਤਰ ਬਾਰੇ ਪੁੱਛ-ਤਾਛ ਨਾ ਹੋਵੇ।
  - ਕੇਸ ਦੀ ਸੁਣਵਾਈ ਸਮੇਂ ਕੈਮਰਾ ਦੀ ਰਿਕਾਰਡਿੰਗ ਹੋਣੀ ਜ਼ਰੂਰੀ ਹੈ।

POCSO ਦੇ ਤਹਿਤ ਅਪਰਾਧ ਅਤੇ ਸਜ਼ਾ:

- ਛੇਦਕ ਯੌਨ ਉਤਪੀੜਨ (ਧਾਰਾ 3) - ਘੱਟੋ-ਘੱਟ 7 ਸਾਲ ਦੀ ਸਜ਼ਾ ਜਿਹੜੀ ਉਮਰ ਕੈਦ ਵੀ ਬਣ ਸਕਦੀ ਹੈ ਅਤੇ ਜੁਰਮਾਨਾ (ਧਾਰਾ 4) ਗੰਭੀਰ ਛੇਦਕ ਯੌਨ ਉਤਪੀੜਨ (ਧਾਰਾ 5) - ਘੱਟੋ-ਘੱਟ 10 ਸਾਲ ਦੀ ਸਜ਼ਾ ਜਿਹੜੀ ਉਮਰ ਕੈਦ ਵੀ ਬਣ ਸਕਦੀ ਹੈ ਅਤੇ ਜੁਰਮਾਨਾ (ਧਾਰਾ 6)
- ਯੌਨ ਉਤਪੀੜਨ (ਧਾਰਾ 7) - ਘੱਟੋ-ਘੱਟ 3 ਸਾਲ ਦੀ ਸਜ਼ਾ ਜਿਹੜੀ ਉਮਰ ਕੈਦ ਵੀ ਬਣ ਸਕਦੀ ਹੈ ਅਤੇ ਜੁਰਮਾਨਾ (ਧਾਰਾ 8)
- ਗੰਭੀਰ ਯੌਨ ਉਤਪੀੜਨ (ਧਾਰਾ 9) - ਘੱਟੋ-ਘੱਟ 7 ਸਾਲ ਦੀ ਸਜ਼ਾ ਜਿਹੜੀ ਉਮਰ ਕੈਦ ਵੀ ਬਣ ਸਕਦੀ ਹੈ ਅਤੇ ਜੁਰਮਾਨਾ (ਧਾਰਾ 10)
- ਬੱਚੇ ਨੂੰ ਜਿਣਸੀ ਪਰੇਸ਼ਾਨੀ ਦੇਣਾ (ਧਾਰਾ 11) - 3 ਸਾਲ ਅਤੇ ਜੁਰਮਾਨਾ (ਧਾਰਾ 12)
- ਅਸ਼ਲੀਲ ਉਦੇਸ਼ਾਂ ਲਈ ਬੱਚੇ ਦਾ ਇਸਤੇਮਾਲ (ਧਾਰਾ 13) - 5 ਸਾਲ ਅਤੇ ਜੁਰਮਾਨਾ ਅਤੇ ਫਿਰ ਸੁਣਵਾਈ ਹੋਣ ਤੇ 7 ਸਾਲ ਅਤੇ ਜੁਰਮਾਨਾ (ਧਾਰਾ 14 (1))
- ਅਸ਼ਲੀਲ ਉਦੇਸ਼ਾਂ ਲਈ ਬੱਚੇ ਦਾ ਇਸਤੇਮਾਲ ਕਰਦੇ ਹੋਏ ਛੇਦਕ ਯੌਨ ਉਤਪੀੜਨ [ਧਾਰਾ 14 (2)]: ਘੱਟੋ-ਘੱਟ 10 ਸਾਲ ਦੀ ਸਜ਼ਾ ਜਿਹੜੀ ਉਮਰ ਕੈਦ ਵੀ ਬਣ ਸਕਦੀ ਹੈ ਅਤੇ ਜੁਰਮਾਨਾ
- ਅਸ਼ਲੀਲ ਉਦੇਸ਼ਾਂ ਲਈ ਬੱਚੇ ਦਾ ਇਸਤੇਮਾਲ ਕਰਦੇ ਹੋਏ ਗੰਭੀਰ ਛੇਦਕ ਯੌਨ ਉਤਪੀੜਨ [ਧਾਰਾ 14 (3)]: ਉਮਰ ਕੈਦ ਦੀ ਸਖ਼ਤ ਸਜ਼ਾ ਅਤੇ ਜੁਰਮਾਨਾ
- ਅਸ਼ਲੀਲ ਉਦੇਸ਼ਾਂ ਲਈ ਬੱਚੇ ਦਾ ਇਸਤੇਮਾਲ ਕਰਦੇ ਹੋਏ ਯੌਨ ਉਤਪੀੜਨ [ਧਾਰਾ 14 (4)]: ਘੱਟੋ-ਘੱਟ 6 ਸਾਲ ਦੀ ਸਜ਼ਾ ਜਿਹੜੀ 8 ਸਾਲ ਤੱਕ ਵਧਾਈ ਜਾ ਸਕਦੀ ਹੈ
- ਅਸ਼ਲੀਲ ਉਦੇਸ਼ਾਂ ਲਈ ਬੱਚੇ ਦਾ ਇਸਤੇਮਾਲ ਕਰਦੇ ਹੋਏ ਗੰਭੀਰ ਯੌਨ ਉਤਪੀੜਨ [ਧਾਰਾ 14(5)]: ਘੱਟੋ-ਘੱਟ 8 ਸਾਲ ਦੀ ਸਜ਼ਾ ਜਿਹੜੀ 10 ਸਾਲ ਤੱਕ ਵਧਾਈ ਜਾ ਸਕਦੀ ਹੈ ਅਤੇ ਜੁਰਮਾਨਾ
- ਕਿਸੇ ਵੀ ਤਰਾਂ ਦੀ ਅਸ਼ਲੀਲ ਸਮੱਗਰੀ ਨੂੰ ਵਪਾਰਕ ਉਦੇਸ਼ਾਂ ਲਈ ਕਿਸੇ ਵੀ ਤਰਾਂ ਸੰਭਾਲਣਾ, ਜਿਸ ਵਿੱਚ ਕੋਈ ਬੱਚਾ ਵੀ ਸ਼ਾਮਲ ਹੋਵੇ (ਧਾਰਾ 15): 3 ਸਾਲ ਤੱਕ ਦੀ ਸਜ਼ਾ ਜਾਂ ਜੁਰਮਾਨਾ ਜਾਂ ਦੋਵੇਂ
- ਇਹ ਐਕਟ ਅਪਰਾਧ ਲਈ ਉਕਸਾਓਣ ਤੇ ਵੀ ਸਜ਼ਾ ਦੇਣਾ ਪ੍ਰਦਾਨ ਕਰਦਾ ਹੈ, ਜਿਹੜਾ ਕਿ ਅਪਰਾਧ ਕਰਣ ਦੇ ਹੀ ਬਰਾਬਰ ਹੁੰਦਾ ਹੈ। ਇਸ ਵਿੱਚ ਜਿਣਸੀ ਮਕਸਦਾਂ ਲਈ ਬੱਚਿਆਂ ਦੀ ਤਸਕਰੀ ਵੀ ਸ਼ਾਮਲ ਹੈ। (ਧਾਰਾ 16)
- ਕਿਸੇ ਅਪਰਾਧ ਦੇ ਕਮਿਸ਼ਨ ਨੂੰ ਰਿਕਾਰਡ ਜਾਂ ਰਿਪੋਰਟ ਕਰਣ ਵਿੱਚ ਅਸਫਲਤਾ : ਧਾਰਾ 21(1)]: 6 ਮਹੀਨਿਆਂ ਤੱਕ ਦੀ ਸਜ਼ਾ ਜਾਂ ਜੁਰਮਾਨਾ ਜਾਂ ਦੋਵੇਂ

ਭਾਰਤੀ ਦੰਡ ਸੰਹਿਤਾ ਵਿੱਚ ਪ੍ਰਾਵਧਾਨ

- ਕਿਸੇ ਔਰਤ ਦੀ ਇੱਜ਼ਤ ਤੇ ਹੱਥ ਪਾਓਣ ਲਈ (ਧਾਰਾ 354);
- ਅਵੈਧ ਸੰਭੋਗ ਅਤੇ ਅਪਰਾਧਿਕ ਧਮਕੀ ਦੇ ਪ੍ਰਯੋਗ ਜਾਂ ਕਿਸੇ ਵੀ ਤਰਾਂ ਦੀ ਜ਼ਬਰਦਸਤੀ ਲਈ ਮਹਿਲਾ ਦਾ ਅਪਹਰਣ (ਧਾਰਾ 366);
- ਅਵੈਧ ਸੰਭੋਗ ਲਈ ਛੋਟੀਆਂ ਲੜਕੀਆਂ ਨੂੰ ਲੈ ਜਾਣਾ (ਧਾਰਾ 366 1);
- ਅਵੈਧ ਸੰਭੋਗ ਲਈ ਜ਼ਬਰਦਸਤੀ ਕਰਣ ਲਈ ਲੜਕੀਆਂ ਦੀ ਤਸਕਰੀ (ਧਾਰਾ 366 2);
- ਕਿਸੇ ਵਿਅਕਤੀ ਦਾ ਕਿਸੇ ਦੂਜੇ ਵਿਅਕਤੀ ਦੀ ਅਪ੍ਰਾਕ੍ਰਿਤਿਕ ਇੱਛਾ ਲਈ ਅਪਹਰਣ ਕਰਨਾ (ਧਾਰਾ 367);
- ਵੇਸਵਾਵ੍ਰਿੱਤੀ ਦੇ ਉਦੇਸ਼ ਲਈ ਨਾਬਾਲਗ ਲੜਕੀਆਂ ਨੂੰ ਵੇਚਣਾ (ਧਾਰਾ 372);
- ਵੇਸਵਾਵ੍ਰਿੱਤੀ ਦੇ ਉਦੇਸ਼ ਲਈ ਨਾਬਾਲਗ ਲੜਕੀਆਂ ਨੂੰ ਖਰੀਦਣਾ (ਧਾਰਾ 373);
- 'ਬਲਾਤਕਾਰ' (ਧਾਰਾ 375). ਮਹਿਲਾ ਦੀ ਮਰਜ਼ੀ ਤੋਂ ਬਿਨਾਂ ਉਸ ਦੇ ਨਾਲ ਸੰਭੋਗ ਕਰਨਾ ਜਦੋਂ ਕਿ ਉਹ 16 ਸਾਲ ਤੋਂ ਘੱਟ ਉਮਰ ਦੀ ਹੋਵੇ ਤਾਂ ਇਹ ਬਲਾਤਕਾਰ ਕਹਾਓਂਦਾ ਹੈ। ਅਪਰਾਧੀ ਨੂੰ ਜੀਵਨ ਕੈਦ ਦੀ ਸਜ਼ਾ ਮਿਲ ਸਕਦੀ ਹੈ;

ਬਲਾਤਕਾਰ ਦੇ ਜਾਂ ਅਪ੍ਰਾਕ੍ਰਿਤਿਕ ਯੌਨ ਅਪਰਾਧ ਦੇ ਪੀੜਿਤ ਦੀ ਮੈਡੀਕਲ ਜਾਂਚ

1) ਪੀੜਿਤ ਦੀ ਡਾਕਟਰ ਦੁਆਰਾ ਜਾਂਚ ਕਰਵਾਓਣੀ ਬਹੁਤ ਜ਼ਰੂਰੀ ਹੈ। ਜਿੰਨੀ ਜਲਦੀ ਹੋ ਸਕੇ, ਬੱਚੇ ਦੀ ਮੈਡੀਕਲ ਸਥਿਤੀ ਅਤੇ ਮਾਨਸਿਕ ਸਥਿਤੀ ਦਾ ਆਕਲਣ ਕੀਤਾ ਜਾਵੇ ਅਤੇ ਇਸ ਨੂੰ ਦਰਜ ਕੀਤਾ ਜਾਵੇ।

2) ਜਾਂਚ ਕਰਣ ਵਾਲੇ ਪੁਲਿਸ ਅਧਿਕਾਰੀ ਨੂੰ ਪੀੜਿਤ ਦੀ ਕਿਸੇ ਚੰਗੇ ਡਾਕਟਰ ਤੋਂ ਜਾਂਚ ਕਰਵਾਓਣੀ ਚਾਹੀਦੀ ਹੈ।

3) ਜਦੋਂ ਡਾਕਟਰ ਬੱਚੇ ਦੀ ਜਾਂਚ ਕਰ ਰਿਹਾ ਹੋਵੇ, ਤਾਂ ਬੱਚੇ ਦੇ ਪਰਿਵਾਰ ਦੀ ਕੋਈ ਮਹਿਲਾ ਜਾਂ ਉਸ ਦੀ ਕੋਈ ਪਰਿਚਿਤ ਭਰੋਸੇਯੋਗ ਮਹਿਲਾ ਜਾਂ ਕੋਈ ਸੋਸ਼ਲ ਵਰਕਰ ਜਾਂ ਬਾਲ ਸੁਰੱਖਿਆ ਸਮਿਤੀ ਦੀ ਕੋਈ ਮੈਂਬਰ ਜਾਂ ਐਨ ਜੀ ਓ ਸਟਾਫ਼ ਦੀ ਕੋਈ ਮੈਂਬਰ ਉਸ ਦੇ ਨਾਲ ਹੋਵੇ।

4) ਅਜਿਹੀ ਜਾਂਚ ਦੀ ਪ੍ਰਕਿਰਿਆ ਅਤੇ ਜ਼ਰੂਰਤ ਦਾ ਵਰਣਨ ਬੱਚੇ ਅਤੇ ਉਸ ਦੇ ਮਾਤਾ-ਪਿਤਾ/ਅਭਿਭਾਵਕ ਨੂੰ ਕਰਨਾ ਡਾਕਟਰ ਦਾ ਫਰਜ਼ ਹੈ। ਇਹ ਬੱਚੇ ਦੇ ਨਾਲ ਆਈ ਸੋਸ਼ਲ ਵਰਕਰ ਜਾਂ ਬਾਲ ਸੁਰੱਖਿਆ ਸਮਿਤੀ ਦੀ ਮੈਂਬਰ ਦੀ ਮਦਦ ਨਾਲ ਵੀ ਕੀਤਾ ਜਾ ਸਕਦਾ ਹੈ।

5) ਬਲਾਤਕਾਰ ਦੇ ਮਾਮਲੇ ਵਿੱਚ, ਪੀੜਿਤ ਬੱਚੇ ਦੀ ਮੈਡੀਕਲ ਜਾਂਚ ਤੋਂ ਪਹਿਲਾਂ ਉਸ ਦੀ ਸਹਿਮਤੀ ਲੈਣਾ ਲਾਜ਼ਮੀ ਹੈ। ਇਹ ਸਹਿਮਤੀ ਬੱਚੇ ਵੱਲੋਂ ਕਿਸੇ ਯੋਗ

ਵਿਅਕਤੀ ਦੁਆਰਾ ਵੀ ਦਿੱਤੀ ਜਾ ਸਕਦੀ ਹੈ।

6) ਮੈਡੀਕਲ ਜਾਂਚ ਕਿਸੇ ਸਰਕਾਰੀ ਹਸਪਤਾਲ ਜਾਂ ਰਾਜ ਸਰਕਾਰ ਦੁਆਰਾ ਅਨੁਮੋਦਿਤ ਕਿਸੇ ਹਸਪਤਾਲ ਤੋਂ ਕਰਵਾਈ ਜਾ ਸਕਦੀ ਹੈ। ਜਿੱਥੇ ਇਹ ਸੰਭਵ ਨਾ ਹੋਵੇ, ਉੱਥੇ ਪੀੜਿਤ ਨੂੰ ਕਿਸੇ ਸੁਤੰਤਰ ਡਾਕਟਰ ਕੋਲ ਮੈਡੀਕਲ ਜਾਂਚ ਲਈ ਲੈ ਜਾਇਆ ਜਾਵੇ। ਸੁੰਤਤਰ ਡਾਕਟਰ ਤੋਂ ਮੈਡੀਕਲ ਰਿਪੋਰਟ ਦੀ ਨਕਲ ਲੈ ਲਈ ਜਾਵੇ ਅਤੇ ਐਫ ਆਈ ਆਰ ਦਰਜ ਕਰਵਾਓਂਦੇ ਸਮੇਂ ਪੁਲਿਸ ਕੋਲ ਜਮਾਂ ਕਰਵਾਈ ਜਾਵੇ।

7) ਡਾਕਟਰ ਨੂੰ ਪੀੜਿਤ ਦੀ ਸ਼ਰੀਰਿਕ ਅਤੇ ਮਾਨਸਿਕ ਹਾਲਤ ਦੋਹਾਂ ਦੀ ਰਿਪੋਰਟ ਬਣਾਓਣੀ ਚਾਹੀਦੀ ਹੈ।

ਬਲਾਤਕਾਰ ਦੇ ਮਾਮਲੇ ਵਿੱਚ ਕੁਝ ਮਹੱਤਵਪੂਰਣ ਕੀਤੀਆਂ ਅਤੇ ਨਾ ਕੀਤੀਆਂ ਜਾਣ ਵਾਲੀਆਂ ਗੱਲਾਂ –

ਚਾਹੇ ਐਫ ਆਈ ਆਰ ਦਰਜ ਕਰਵਾਓਣ ਲਈ ਨੇੜੇ–ਤੇੜੇ ਕੋਈ ਪੁਲਿਸ ਸਟੇਸ਼ਨ ਨਾ ਵੀ ਹੋਵੇ, ਤਾਂ ਵੀ ਬੱਚੇ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ, ਕਿਸੇ ਸੁਤੰਤਰ ਡਾਕਟਰ ਕੋਲ ਮੈਡੀਕਲ ਜਾਂਚ ਲਈ ਲੈ ਜਾਣਾ ਚਾਹੀਦਾ ਹੈ।

ਜਿੱਥੋਂ ਤੱਕ ਸੰਭਵ ਹੋਵੇ, ਇਹ ਸੁਨਿਸ਼ਚਿਤ ਕਰੋ ਕਿ ਬੱਚੇ ਨੂੰ ਨੁਆਇਆ ਨਾ ਜਾਵੇ ਅਤੇ ਉਸ ਦੇ ਕੱਪੜੇ ਨਾ ਧੋਏ ਜਾਣ। ਗੰਦੇ ਕੱਪੜੇ ਅਤੇ ਬੱਚੇ ਦੇ ਸਰੀਰ ਜਾਂ ਕੱਪੜਿਆਂ ਤੋਂ ਮਿਲੇ ਦੋਸ਼ੀ ਦੇ ਵਾਲ ਫੋਰੈਂਸਿਕ ਸਬੂਤਾਂ ਦਾ ਜ਼ਰੂਰੀ ਹਿੱਸਾ ਹੁੰਦੇ ਹਨ।

ਡਾਕਟਰ ਨੂੰ ਕਹੋ ਕਿ ਬਲਾਤਕਾਰ ਦੇ ਸਮੇਂ ਲੱਗੇ ਜਖਮਾਂ ਦੇ ਦਿਖਣ ਵਾਲੇ ਚਿੰਨਾਂ ਦਾ ਮੈਡੀਕਲ ਰਿਪੋਰਟ ਵਿੱਚ ਜ਼ਿਕਰ ਜ਼ਰੂਰ ਕੀਤਾ ਜਾਵੇ।

ਜਾਂਚ ਤੋਂ ਬਾਅਦ ਮੈਡੀਕਲ ਚਿਕਿਤਸਾ ਹਾਸਿਲ ਕਰਨਾ ਅਜਿਹੇ ਹਰ ਸ਼ੋਸ਼ਿਤ ਬੱਚੇ ਦਾ ਅਧਿਕਾਰ ਹੈ। ਸੁਨਿਸ਼ਚਿਤ ਕਰੋ ਕਿ ਜ਼ਰੂਰੀ ਉਪਚਾਰ ਪ੍ਰਦਾਨ ਕੀਤਾ ਜਾਵੇ ਜਾਂ ਤੁਰੰਤ ਹਸਪਤਾਲ ਦੇ ਚੀਫ਼ ਮੈਡੀਕਲ ਅਧਿਕਾਰੀ ਜਾਂ SCPCR/NCPCR ਨੂੰ ਸ਼ਿਕਾਇਤ ਕਰੋ।





ਯੌਨ ਅਪਰਾਧਾਂ ਦੇ ਮਾਮਲੇ ਵਿੱਚ ਪੀੜਿਤ ਦੀ ਸੁਰੱਖਿਆ ਅਤੇ ਗਵਾਹ ਦੀ ਸਹਾਇਤਾ

- ਪਿਛਲੇ ਕੁਝ ਸਾਲਾਂ ਵਿੱਚ, ਅਦਾਲਤਾਂ ਦੁਆਰਾ ਵਾਰ–ਵਾਰ ਅਜਿਹੇ ਫ਼ੈਸਲੇ ਦਿੱਤੇ ਗਏ ਹਨ, ਜਿਹੜੇ ਯੌਨ ਸ਼ੋਸ਼ਣ ਦੇ ਪੀੜਿਤਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਪੁਲਿਸ ਨੂੰ, ਹਸਪਤਾਲਾਂ ਨੂੰ ਅਤੇ ਅਦਾਲਤਾਂ ਨੂੰ ਦਿਸ਼ਾ ਨਿਰਦੇਸ਼ ਦਿੰਦੇ ਹਨ।
- ਬੱਚਿਆਂ ਦੇ ਖਿਲਾਫ ਕੀਤੇ ਗਏ ਅਪਰਾਧਾਂ ਨਾਲ ਨਜਿੱਠਣ ਲਈ ਅਤੇ ਜਲਦੀ ਨਿਆਂ ਸੁਨਿਸ਼ਚਿਤ ਕਰਣ ਲਈ ਜ਼ਿਲ੍ਹਾ ਪੱਧਰ 'ਤੇ ਵਿਸ਼ੇਸ਼ ਅਦਾਲਤਾਂ ਸਥਾਪਤ ਕੀਤੀਆਂ ਜਾਂਦੀਆਂ ਹਨ।
- ਕਿਸੇ ਵੀ ਬੱਚੇ ਨੂੰ ਪੁਲਿਸ ਸਟੇਸ਼ਨ ਨਹੀਂ ਬੁਲਾਇਆ ਜਾ ਸਕਦਾ। ਬਦਸਲੂਕੀ ਦੇ ਸ਼ਿਕਾਰ ਬੱਚੇ ਤੱਕ ਪਹੁੰਚਣਾ ਪੁਲਿਸ ਦਾ ਫਰਜ਼ ਹੈ। ਬੱਚੇ ਨਾਲ ਗੱਲਬਾਤ ਕਰਦੇ ਹੋਏ ਪੁਲਿਸ ਨੂੰ ਵਰਦੀ ਵਿੱਚ ਨਹੀਂ ਹੋਣਾ ਚਾਹੀਦਾ।
- ਪੁਲਿਸ ਦੁਆਰਾ ਰਿਕਾਰਡ ਕੀਤੇ ਗਏ ਕਿਸੇ ਵੀ ਬਿਆਨ ਤੇ ਕਿਸੇ ਬੱਚੇ ਤੋਂ ਹਸਤਾਖਰ ਨਹੀਂ ਲਏ ਜਾ ਸਕਦੇ।
- ਮੈਜਿਸਟ੍ਰੇਟ ਦੇ ਸਾਹਮਣੇ ਬੱਚੇ ਦਾ ਬਿਆਨ ਜਿੰਨੀ ਜਲਦੀ ਹੋ ਸਕੇ, ਰਿਕਾਰਡ ਕੀਤਾ ਜਾਣਾ ਚਾਹੀਦਾ ਹੈ।
- ਬਲਾਤਕਾਰ ਦੇ ਮਾਮਲਿਆਂ ਵਿੱਚ ਇਨ–ਕੈਮਰਾ ਟਰਾਇਲ ਹੋਣੇ ਚਾਹੀਦੇ ਹਨ। ਇਸ ਦਾ ਮਤਲਬ ਹੈ ਕਿ ਟਰਾਇਲ ਓਪਨ ਕੋਰਟ ਵਿੱਚ ਨਹੀਂ ਕੀਤੇ ਜਾ ਸਕਦੇ। ਕੇਵਲ ਪੀੜਿਤ, ਪੀੜਿਤ ਦੇ ਵਕੀਲ, ਦੋਸ਼ੀ ਅਤੇ ਦੋਸ਼ੀ ਦਾ ਵਕੀਲ, ਪੀੜਿਤ ਦੇ ਮਾਤਾ–ਪਿਤਾ ਜਾਂ ਉਸ ਦਾ ਕੋਈ ਭਰੋਸੇਯੋਗ ਵਿਅਕਤੀ ਟਰਾਇਲ ਦਾ ਹਿੱਸਾ ਹੋ ਸਕਦੇ ਹਨ।
- ਪੀੜਿਤ ਅਤੇ ਦੋਸ਼ੀ ਦੇ ਵਿਚਕਾਰ ਇੱਕ ਸਕਰੀਨ ਹੋਣੀ ਚਾਹੀਦੀ ਹੈ।
- ਕ੍ਰਾਸ ਐਗਜ਼ਾਮੀਨੇਸ਼ਨ ਦੇ ਸਮੇਂ ਬਚਾਅ ਪੱਖ ਦਾ ਵਕੀਲ ਪੀੜਿਤ ਨੂੰ ਕੋਈ ਸਿੱਧਾ ਪ੍ਰਸ਼ਨ ਨਹੀਂ ਪੁੱਛ ਸਕਦਾ। ਬਚਾਅ ਪੱਖ ਦਾ ਵਕੀਲ ਲਿਖਤੀ ਰੂਪ ਵਿੱਚ ਪ੍ਰਸ਼ਨ ਜੱਜ ਨੂੰ ਦੇਵੇਗਾ ਅਤੇ ਜੱਜ ਫ਼ੈਸਲਾ ਕਰੇਗਾ ਕਿ ਓਹ ਪ੍ਰਸ਼ਨ ਪੁੱਛਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਜਿਹੜੇ ਪ੍ਰਸ਼ਨ ਉਹ ਸਵੀਕਾਰ ਕਰਦਾ ਹੈ, ਉਸ ਆਧਾਰ ਤੇ ਕੇਵਲ ਜੱਜ ਹੀ ਪੀੜਿਤ ਨੂੰ ਪ੍ਰਸ਼ਨ ਪੁੱਛ ਸਕਦਾ ਹੈ।
- ਜੇਕਰ ਸੰਭਵ ਹੋਵੇ, ਤਾਂ ਪੀੜਿਤ ਦੇ ਸਬੂਤਾਂ ਅਤੇ ਕ੍ਰਾਸ ਐਗਜ਼ਾਮੀਨੇਸ਼ਨ ਨੂੰ ਰਿਕਾਰਡ ਕਰਣ ਲਈ ਵੀਡੀਓ ਕਾਨਫਰੰਸਿੰਗ ਅਤੇ ਅਜਿਹੀਆਂ ਹੋਰ ਤਕਨੀਕਾਂ ਦਾ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਅਦਾਲਤ ਵਿੱਚ ਬੁਲਾਏ ਜਾਣ ਤੇ ਹੋਣ ਵਾਲੀ ਤਕਲੀਫ਼ ਤੋਂ ਪੀੜਿਤ ਨੂੰ ਬਚਾਇਆ ਜਾ ਸਕੇ।
- ਪੀੜਿਤ ਅਤੇ ਉਸ ਦੇ ਨਾਲ ਆਏ ਪਰਿਵਾਰ ਦੇ ਮੈਂਬਰਾਂ ਦੀ ਯਾਤਰਾ ਦੇ ਖਰਚੇ ਲਈ ਅਦਾਲਤ ਤੋਂ ਦਾਅਵਾ ਕੀਤਾ ਜਾ ਸਕਦਾ ਹੈ। ਹਰ ਬੱਚੇ ਨੂੰ ਕਾਨੂੰਨੀ ਮਦਦ ਪ੍ਰਾਪਤ ਕਰਣ ਦਾ ਅਧਿਕਾਰ ਹੈ। ਲੀਗਲ ਸਰਵਿਸਿਜ਼ ਅਥਾਰਟੀ ਐਕਟ, 1987 ਕਾਨੂੰਨੀ ਸੇਵਾਵਾਂ ਦਾ ਹੱਕ ਦਿੰਦਾ ਹੈ।

ਸ਼ਿਕਾਇਤ ਕੀ ਹੁੰਦੀ ਹੈ ?

ਸ਼ਿਕਾਇਤ ਕਿਸੇ ਵੀ ਵਿਅਕਤੀ ਦੁਆਰਾ ਕੀਤੀ ਜਾ ਸਕਦੀ ਹੈ। ਵਿਅਕਤੀਗਤ ਤੌਰ ਤੇ ਪੁਲਿਸ ਨੂੰ ਕੀਤੀ ਗਈ ਸ਼ਿਕਾਇਤ ਮੌਖਿਕ ਜਾਂ ਲਿਖਤੀ ਹੋ ਸਕਦੀ ਹੈ। ਸ਼ਿਕਾਇਤਕਰਤਾ ਪੁਲਿਸ ਨੂੰ ਕੀਤੀ ਗਈ ਲਿਖਤੀ ਸ਼ਿਕਾਇਤ ਦੀ ਨਕਲ ਆਪਣੇ ਕੋਲ ਰੱਖ ਸਕਦਾ ਹੈ ਅਤੇ ਇਸ ਦੇ ਲਈ ਸ਼ਿਕਾਇਤ ਨੰਬਰ ਵੀ ਲੈ ਸਕਦਾ ਹੈ।

ਰੋਜ਼ਾਨਾ ਡਾਇਰੀ / ਜਨਰਲ ਡਾਇਰੀ ਕੀ ਹੁੰਦੀ ਹੈ ?

ਪੁਲਿਸ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਸਾਰੀਆਂ ਸ਼ਿਕਾਇਤਾਂ, ਭਾਵੇਂ ਓਹ ਟੈਲੀਫੋਨ ਤੇ ਆਈਆਂ ਹੋਣ, ਮੌਖਿਕ ਹੋਣ ਜਾਂ ਲਿਖਤੀ ਹੋਣ, ਓਹਨਾਂ ਨੂੰ ਰੋਜ਼ਾਨਾ ਡਾਇਰੀ ਰਜਿਸਟਰ ਵਿੱਚ ਦਰਜ ਕਰਨਾ ਜ਼ਰੂਰੀ ਹੁੰਦਾ ਹੈ, ਜਿਹੜਾ ਕਿ ਹਰ ਪੁਲਿਸ ਸਟੇਸ਼ਨ ਵਿੱਚ ਰੱਖਿਆ ਜਾਂਦਾ ਹੈ। ਹਿੰਦੀ ਵਿਚ ਇਸ ਨੂੰ ਰੋਜ਼ਨਾਮਚਾ ਕਿਹਾ ਜਾਂਦਾ ਹੈ। ਕਈ ਵਾਰ ਇਸ ਨੂੰ ਸਟੇਸ਼ਨ ਡਾਇਰੀ ਵੀ ਕਿਹਾ ਜਾਂਦਾ ਹੈ।

ਸ਼ਿਕਾਇਤਕਰਤਾ ਨੂੰ DD No. ਜ਼ਰੂਰ ਲੈਣਾ ਚਾਹੀਦਾ ਹੈ (ਰੋਜ਼ਾਨਾ ਡਾਇਰੀ ਜਾਂ ਜਨਰਲ ਡਾਇਰੀ ਵਿੱਚ ਦਰਜ ਕੀਤੇ ਗਏ ਕੇਸ ਦਾ ਰਜਿਸਟ੍ਰੇਸ਼ਨ ਨੰਬਰ)।

ਐਫ ਆਈ ਆਰ ਕੀ ਹੁੰਦੀ ਹੈ ?

ਕਿਸੇ ਅਪਰਾਧ ਬਾਰੇ ਪੁਲਿਸ ਨੂੰ ਪ੍ਰਾਪਤ ਹੋਣ ਵਾਲੀ ਪਹਿਲੀ ਜਾਣਕਾਰੀ ਫਰਸਟ ਇਨਫਾਰਮੇਸ਼ਨ ਰਿਪੋਰਟ ਬਣ ਜਾਂਦੀ ਹੈ। ਇਹ ਪੁਲਿਸ ਦੁਆਰਾ ਹੋਰ ਪੜਤਾਲ ਕਰਣ ਲਈ ਆਧਾਰ ਹੁੰਦੀ ਹੈ। ਐਫ ਆਈ ਆਰ ਪੀੜਿਤ ਵਿਅਕਤੀ ਦੁਆਰਾ ਜਾਂ ਉਸ ਵੱਲੋਂ ਕਿਸੇ ਹੋਰ ਦੁਆਰਾ ਦਰਜ ਕਰਵਾਈ ਜਾ ਸਕਦੀ ਹੈ।

ਪੁਲਿਸ ਕੰਟਰੋਲ ਰੂਮ (PCR) ਨੰਬਰ 100 ਤੇ ਡਾਇਲ ਕਰ ਕੇ ਕੋਈ ਵੀ ਐਫ ਆਈ ਆਰ ਦਰਜ ਕਰਵਾ ਸਕਦਾ ਹੈ।

ਐਫ ਆਈ ਆਰ ਕੇਵਲ ਸੰਗੀਨ ਅਪਰਾਧਾਂ ਦੇ ਮਾਮਲੇ ਵਿੱਚ ਹੀ ਦਰਜ ਕੀਤੀ ਜਾਂਦੀ ਹੈ। ਸੰਗੀਨ ਅਪਰਾਧ ਉਹ ਹੁੰਦਾ ਹੈ, ਜਿਸ ਵਿੱਚ ਪੁਲਿਸ ਨੂੰ ਕਿਸੇ ਸ਼ਿਕਾਇਤ ਦੀ ਪੜਤਾਲ ਕਰਣ ਲਈ ਅਤੇ ਅਪਰਾਧੀ ਨੂੰ ਗ੍ਰਿਫਤਾਰ ਕਰਣ ਲਈ ਮੈਜਿਸਟ੍ਰੇਟ ਦੀ ਆਗਿਆ ਦੇ ਲੋੜ ਨਹੀਂ ਹੁੰਦੀ।

ਕਿਸੇ ਪੁਲਿਸ ਸਟੇਸ਼ਨ ਦੇ ਇੰਚਾਰਜ ਅਧਿਕਾਰੀ ਦੁਆਰਾ ਜਾਣਕਾਰੀ ਨੂੰ ਰਿਕਾਰਡ ਕਰਣ ਲਈ ਇਨਕਾਰ ਕਰਣ ਤੇ ਕੋਈ ਵੀ ਵਿਅਕਤੀ ਅਜਿਹੀ ਜਾਣਕਾਰੀ ਦੀ ਸਮੱਗਰੀ ਨੂੰ ਲਿਖਤੀ ਰੂਪ ਵਿੱਚ ਡਾਕ ਦੁਆਰਾ ਪੁਲਿਸ ਦੇ ਸੁਪਰਡੈਂਟ ਨੂੰ ਭੇਜ ਸਕਦਾ ਹੈ।

ਐਫ ਆਈ ਆਰ ਦੀ ਕੀ ਮਹੱਤਤਾ ਹੈ ?

ਐਫ ਆਈ ਆਰ ਕਿਸੇ ਅਪਰਾਧਿਕ ਮੁਕੱਦਮੇ ਵਿੱਚ ਉਤਪਾਦਿਤ ਸਬੂਤਾਂ ਦੀ ਮਦਦ ਲਈ ਕੁਝ ਬਹੁਤ ਹੀ ਕੀਮਤੀ ਅਤੇ ਬਹੁਤ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਦੀ ਹੈ।

ਇਹ ਘਟਨਾ ਦਾ ਪਹਿਲਾ ਸੰਸਕਰਣ ਹੁੰਦਾ ਹੈ ਅਤੇ ਬਹੁਤ ਮਹੱਤਵਪੂਰਣ ਹੁੰਦਾ ਹੈ ਕਿਓਂਕਿ ਇਸ ਤੋਂ ਹੀ ਪਤਾ ਚਲਦਾ ਹੈ ਕਿ ਜਾਂਚ ਕਿਸ ਬਿੰਦੂ ਤੋਂ ਸ਼ੁਰੂ ਹੋਈ ਸੀ ਅਤੇ ਕਹਾਣੀ ਦਾ ਮੂਲ ਸੰਸਕਰਣ ਕੀ ਸੀ।





ਜੇਕਰ ਪੁਲਿਸ ਨੂੰ ਮੂੰਹ ਜ਼ੁਬਾਨੀ ਦੀ ਸ਼ਿਕਾਇਤ ਕੀਤੀ ਗਈ ਹੋਵੇ, ਤਾਂ ਲਈ ਗਈ ਜਾਣਕਾਰੀ ਸ਼ਿਕਾਇਤਕਰਤਾ ਨੂੰ ਪੜ੍ਹ ਕੇ ਸੁਣਾਓਣੀ ਹੁੰਦੀ ਹੈ।

ਐਫ ਆਈ ਆਰ ਦੀ ਇੱਕ ਨਕਲ ਸ਼ਿਕਾਇਤਕਰਤਾ ਨੂੰ ਮੁਫਤ ਦਿੱਤੀ ਜਾਣੀ ਚਾਹੀਦੀ ਹੈ। ਇਹ ਲਾਜ਼ਮੀ ਹੈ।

ਐਫ ਆਈ ਆਰ ਲਈ ਕੀ ਜ਼ਰੂਰੀ ਹੈ ?

ਐਫ ਆਈ ਆਰ ਸਟੀਕ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਅਪਰਾਧ ਬਾਰੇ ਤੱਥ ਹੋਣੇ ਚਾਹੀਦੇ ਹਨ, ਤਾਂ ਜੋ ਪੁਲਿਸ ਸਹੀ ਪੜਤਾਲ ਸ਼ੁਰੂ ਕਰ ਸਕੇ।

ਅਪਰਾਧ ਦੇ ਹਾਲਾਤਾਂ ਦਾ ਵਿਵਰਣ ਸਟੀਕ ਦਿੱਤਾ ਜਾਣਾ ਚਾਹੀਦਾ ਹੈ।

ਜੇਕਰ ਸੰਭਵ ਹੋਵੇ, ਤਾਂ ਸ਼ਿਕਾਇਤਕਰਤਾ ਨੂੰ ਸਾਰੇ ਸਬੰਧਤ ਸਬੂਤਾਂ ਅਤੇ ਦਸਤਾਵੇਜ਼ਾਂ ਦੇ ਨਾਲ ਜਿੰਨੀ ਹੋ ਸਕੇ ਓਨੀ ਸਬੰਧਤ ਸਮੱਗਰੀ ਦੇ ਤੱਥਾਂ ਦੇ ਨਾਲ ਪੁਲਿਸ ਸਟੇਸ਼ਨ ਜਾਣਾ ਚਾਹੀਦਾ ਹੈ।

ਇਸ ਵਿੱਚ ਐਫ ਆਈ ਆਰ ਦਰਜ ਕਰਵਾਓਣ ਦੀ ਅਤੇ ਅਪਰਾਧ ਹੋਣ ਦੀ ਤਰੀਕ ਅਤੇ ਸਮਾਂ ਜਰੂਰ ਹੋਣੇ ਚਾਹੀਦੇ ਹਨ। ਜੇਕਰ ਐਫ ਆਈ ਆਰ ਦਰਜ ਕਰਵਾਓਣ ਵਿੱਚ ਦੇਰੀ ਹੋਈ ਹੋਵੇ, ਤਾਂ ਉਸ ਬਾਰੇ ਵੀ ਇਸ ਵਿੱਚ ਦੱਸਿਆ ਜਾਣਾ ਚਾਹੀਦਾ ਹੈ।

ਅਪਰਾਧੀ ਬਾਰੇ ਜਿੰਨਾ ਜ਼ਿਆਦਾ ਹੋ ਸਕੇ, ਵਿਵਰਣ ਦਿੱਤਾ ਜਾਣਾ ਚਾਹੀਦਾ ਹੈ।

ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

ਜਦੋਂ ਅਪਰਾਧੀ ਤੋਂ ਸਵਾਲ-ਜਵਾਬ ਪੁੱਛੇ ਜਾ ਰਹੇ ਹੋਣ, ਤਾਂ ਕੀ ਬੱਚੇ ਦਾ ਉੱਥੇ ਸਟੇਸ਼ਨ ਵਿੱਚ ਮੌਜੂਦ ਹੋਣਾ ਜ਼ਰੂਰੀ ਹੈ ?
ਨਹੀਂ। ਅਸਲ ਵਿੱਚ, ਬੱਚੇ ਨੂੰ ਪੁਲਿਸ ਸਟੇਸ਼ਨ ਵਿੱਚ ਲਿਆਓਣ ਦੀ ਜ਼ਰੂਰਤ ਹੀ ਨਹੀਂ ਹੁੰਦੀ।

ਕੀ ਫੋਟੋਆਂ ਖਿੱਚਣ ਦੀ ਕੋਈ ਪ੍ਰਕਿਰਿਆ ਹੈ ?

ਫੋਟੋਆਂ ਕੌਣ ਖਿੱਚਦਾ ਹੈ (NGO ਜਾਂ ਪੁਲਿਸ) ਸੱਟ ਅਤੇ ਹੋਰ ਅਜਿਹੇ ਵੇਰਵੇ ਨਾਲ ਸਬੰਧਤ ਫੋਟੋਆਂ ਵੀ ਦਰਜ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਪਰ, ਇਸ ਦੇ ਲਈ ਕੋਈ ਵਿਸ਼ੇਸ਼ ਪ੍ਰਕਿਰਿਆ ਨਹੀਂ ਰੱਖੀ ਗਈ ਹੈ।

ਬਾਲ ਪੀੜਿਤ ਦੇ ਮਾਮਲੇ ਵਿੱਚ, ਕੀ ਇਹ ਜ਼ਰੂਰੀ ਹੈ ਕਿ ਬੱਚਾ ਆਪ ਪੁਲਿਸ ਸਟੇਸ਼ਨ ਆ ਕੇ ਸ਼ਿਕਾਇਤ ਦਰਜ ਕਰਵਾਏ ?

ਨਹੀਂ। ਅਪਰਾਧ ਪੁਲਿਸ ਸਟੇਸ਼ਨ ਦੇ ਇੰਚਾਰਜ ਅਧਿਕਾਰੀ ਨੂੰ ਲਿਖਤੀ ਰੂਪ ਵਿੱਚ (ਨਿੱਜੀ ਤੌਰ 'ਤੇ ਜਾਂ ਪੋਸਟ ਦੁਆਰਾ) ਜਾਂ ਮੂੰਹ ਜ਼ੁਬਾਨੀ ਜਾਂ ਟੈਲੀਫੋਨ ਤੇ ਦੱਸ ਕੇ ਵੀ ਰਿਪੋਰਟ ਕੀਤੀ ਜਾ ਸਕਦੀ ਹੈ। ਜੁਰਮ ਦੇ ਸੰਬੰਧ ਵਿੱਚ ਕੋਈ ਵੀ ਵਿਅਕਤੀ ਜਿਸ ਨੂੰ ਇਸ ਦੇ ਹੋਣ ਦੀ ਜਾਣਕਾਰੀ ਹੋਵੇ, ਇਸ ਦੀ ਰਿਪੋਰਟ ਦਰਜ ਕਰਵਾ ਸਕਦਾ ਹੈ।

ਜਦੋਂ ਕੋਈ ਪੀੜਿਤ ਬੱਚਾ ਪੁਲਿਸ ਸਟੇਸ਼ਨ ਆਓਂਦਾ ਹੈ, ਤਾਂ ਉਸ ਦੀ ਤਕਲੀਫ਼ ਨੂੰ ਘੱਟ ਕਰਣ ਲਈ ਕੀ ਸੁਰੱਖਿਆ ਉਪਾਅ ਕੀਤੇ ਜਾਣੇ ਚਾਹੀਦੇ ਹਨ ?

ਹਰ ਪੁਲਿਸ ਸਟੇਸ਼ਨ ਵਿੱਚ 'ਕਿਸ਼ੋਰ ਜਾਂ ਬਾਲ ਕਲਿਆਣ ਅਧਿਕਾਰੀ' ਉਪਲਬਧ ਕਰਵਾਏ ਜਾਂਦੇ ਹਨ। ਉਹ ਪੀੜਿਤ ਬੱਚਿਆਂ ਅਤੇ ਕਿਸ਼ੋਰਾਂ ਨਾਲ ਸਬੰਧਤ ਮਾਮਲਿਆਂ ਨੂੰ ਸੰਭਾਲਦੇ ਹਨ। ਉਹ ਅਨੁਮੋਦਿਤ ਗੈਰ-ਸਰਕਾਰੀ ਸੰਗਠਨਾਂ ਨਾਲ ਮਿਲ ਕੇ ਕੰਮ ਕਰਦੇ ਹਨ। ਇਹ ਇਹ ਸੁਨਿਸ਼ਚਿਤ ਕਰਣ ਲਈ ਹੁੰਦਾ ਹੈ ਕਿ ਅਪ੍ਰਸ਼ਿਕਸ਼ਿਤ ਵਰਦੀਧਾਰੀ ਅਧਿਕਾਰੀ ਬੱਚੇ ਨਾਲ ਖਰਾਬ ਵਿਵਹਾਰ ਨਾ ਕਰਣ।

ਕੀ ਪੁੱਛ-ਤਾਛ ਦੇ ਦੌਰਾਨ ਕਿਸੇ ਬੱਚੇ ਨੂੰ ਪੁਲਿਸ ਸਟੇਸ਼ਨ ਵਿੱਚ ਰੱਖਿਆ ਜਾ ਸਕਦਾ ਹੈ ?

ਨਹੀਂ। ਕਿਸੇ ਵੀ ਕਾਨੂੰਨ ਤੋੜਨ ਵਾਲੇ ਬੱਚੇ ਨੂੰ ਜਾਂ ਕਿਸੇ ਪੀੜਿਤ ਬੱਚੇ ਨੂੰ ਪੁਲਿਸ ਸਟੇਸ਼ਨ ਵਿੱਚ ਨਹੀਂ ਰੱਖਿਆ ਜਾ ਸਕਦਾ। ਤੁਰੰਤ ਉਪਾਅ ਦੇ ਤੌਰ ਤੇ, ਪੀੜਿਤ ਬੱਚੇ ਦੀ ਦੇਖਭਾਲ ਦੀ ਜ਼ਿੰਮੇਦਾਰੀ ਅਨੁਮੋਦਿਤ ਐਨ ਜੀ ਓ/ ਚਾਈਲਡਲਾਈਨ ਵਲੰਟੀਅਰ ਨੂੰ ਦੇ ਦਿੱਤੀ ਜਾਣੀ ਚਾਹੀਦੀ ਹੈ। ਕਾਨੂੰਨ ਤੋੜਨ ਵਾਲੇ ਬੱਚੇ ਨੂੰ 24 ਘੰਟੇ ਦੇ ਅੰਦਰ-ਅੰਦਰ, ਬਾਲ ਜਸਟਿਸ ਬੋਰਡ ਦੇ ਸਾਹਮਣੇ ਪੇਸ਼ ਕੀਤਾ ਜਾਣਾ ਚਾਹੀਦਾ ਹੈ।

ਕੀ ਕਿਸੇ ਬੱਚੇ ਨੂੰ ਪੁੱਛ-ਤਾਛ ਦੇ ਲਈ ਪੁਲਿਸ ਸਟੇਸ਼ਨ ਲੈ ਜਾਇਆ ਜਾ ਸਕਦਾ ਹੈ ?

ਨਹੀਂ। ਪੁਲਿਸ ਨੇ ਬਾਲ ਗਵਾਹ ਤੋਂ ਪੁੱਛ-ਤਾਛ ਉਸ ਦੇ ਘਰ ਵਿੱਚ ਹੀ ਕਰਨੀ ਹੁੰਦੀ ਹੈ।

ਪੁਲਿਸ ਸਟੇਸ਼ਨ ਦੇ ਮਨੋਨੀਤ ਪੁਲੀਸ ਅਫਸਰ ਦੀ ਭੂਮਿਕਾ ਕੀ ਹੁੰਦੀ ਹੈ ?

ਪੁਲਿਸ ਸਟੇਸ਼ਨ ਵਿੱਚ ਮਨੋਨੀਤ ਪੁਲੀਸ ਅਫਸਰ ਕਿਸ਼ੋਰਾਂ ਨਾਲ ਜੁੜੇ ਮਾਮਲਿਆਂ ਨਾਲ ਨਜਿੱਠਣ ਤੋਂ ਇਲਾਵਾ, 'ਚਾਈਲਡ ਹੈਲਪਲਾਈਨ' ਤੋਂ ਕਾਲਾਂ ਲੈਣ ਲਈ ਅਤੇ ਬਾਲ ਬਦਸਲੂਕੀ ਨਾਲ ਸਬੰਧਤ ਮਾਮਲਿਆਂ ਦੀ ਪੜਤਾਲ ਲਈ ਨੋਡਲ ਅਧਿਕਾਰੀ ਵੀ ਹੁੰਦਾ ਹੈ। ਇਹ ਸੁਨਿਸ਼ਚਿਤ ਕਰਨਾ ਐਸ ਐਚ ਓ ਦਾ ਫਰਜ਼ ਹੁੰਦਾ ਹੈ ਕਿ ਮਨੋਨੀਤ ਅਧਿਕਾਰੀ ਨਿੱਜੀ ਤੌਰ 'ਤੇ ਬਾਲ ਪੀੜਤਾਂ ਨਾਲ ਜੁੜੇ ਮਾਮਲਿਆਂ ਨੂੰ ਨਜਿੱਠੇ।

[1] Combating Child Trafficking, A User's Handbook, 2007. HAQ: Centre for Child Rights



## ਪ੍ਰਤੀਕਿਰਿਆ

[45]ਕਿਸੇ ਵੀ ਟ੍ਰੇਨਿੰਗ ਪ੍ਰੋਗਰਾਮ ਦੇ ਅੰਤ ਵਿੱਚ ਪ੍ਰਤੀਭਾਗੀਆਂ ਤੋਂ ਪ੍ਰਤੀਕਿਰਿਆ ਲੈਣਾ ਇੱਕ ਚੰਗਾ ਅਭਿਆਸ ਹੁੰਦਾ ਹੈ। ਪ੍ਰਤੀਕਿਰਿਆ ਲੈਣ ਲਈ ਕੋਈ ਵਿਸ਼ੇਸ਼ ਟੂਲ ਨਹੀਂ ਹੁੰਦੇ। ਫਿਰ ਵੀ ਨਿਮਨਲਿਖਿਤ ਬਿੰਦੂਆਂ 'ਤੇ ਪ੍ਰਤੀਕਿਰਿਆ ਲੈਣਾ ਜ਼ਰੂਰੀ ਹੈ:

- ਕੀ ਫੈਸੀਲਿਟੇਟਰ ਜਾਂ ਟ੍ਰੇਨਰ ਟ੍ਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਰੱਖੀਆਂ ਗਈਆਂ ਉਮੀਦਾਂ ਤੇ ਖਰੇ ਉਤਰੇ ਹਨ
- ਕੀ ਪ੍ਰਤੀਭਾਗੀਆਂ ਦੀ ਸਮਝ ਦੇ ਪੱਧਰ ਵਿੱਚ ਪ੍ਰੋਗਰਾਮ ਦੇ ਅੰਤ ਵਿੱਚ ਸੁਧਾਰ ਹੋਇਆ ਹੈ
- ਕੀ ਟ੍ਰੇਨਿੰਗ ਮੋਡੀਊਲ ਦੀ ਸਮੱਗਰੀ ਪ੍ਰਸੰਗਿਕ ਸੀ
- ਕੀ ਪ੍ਰਤੀਭਾਗੀਆਂ ਨੂੰ ਟ੍ਰੇਨਿੰਗ ਦੇ ਟੂਲ ਅਤੇ ਤਕਨੀਕਾਂ ਉਪਯੋਗੀ ਲੱਗੀਆਂ
- ਉਹਨਾਂ ਨੂੰ ਪ੍ਰੋਗਰਾਮ ਬਾਰੇ ਕੀ ਚੰਗਾ ਲੱਗਾ ਅਤੇ ਕੀ ਚੰਗਾ ਨਹੀਂ ਲੱਗਾ
- ਕੀ ਕੋਈ ਅਜਿਹੇ ਬਿੰਦੂ ਹਨ ਜਿਨਾਂ ਤੇ ਹੋਰ ਸਪਸ਼ਟੀਕਰਣ ਦੀ ਜ਼ਰੂਰਤ ਹੈ
- ਪ੍ਰੋਗਰਾਮ ਦੀ ਅਵਧੀ ਬਾਰੇ ਪ੍ਰਤੀਕਿਰਿਆ
- ਪ੍ਰੋਗਰਾਮ ਵਿੱਚ ਹੋਰ ਸੁਧਾਰ ਕਿਵੇਂ ਕੀਤਾ ਜਾਵੇ

# ਅਨੁਬੰਧ

## ਬਾਲ ਬਦਸਲੂਕੀ ਦੀ ਰੋਕਥਾਮ ਅਤੇ ਇਸ ਨਾਲ ਨਜਿੱਠਣਾ

ਦਿਨ 1

ਸੈਸ਼ਨ 2 — 1 ਘੰਟਾ

ਜਾਣ-ਪਛਾਣ

ਉਮੀਦਾਂ

ਆਧਾਰਭੂਤ ਨਿਯਮ ਸੈੱਟ ਕਰਨਾ

ਸੈਸ਼ਨ 2 — 3 ਘੰਟੇ

ਬਾਲ ਬਦਸਲੂਕੀ ਬਾਰੇ ਟ੍ਰੇਨਿੰਗ: ਫੈਸੀਲਿਟੇਟਰ ਦੀ ਭੂਮਿਕਾ

ਸਵੈ ਰਵੱਈਏ ਨੂੰ ਸਮਝਣਾ: ਇੱਕ ਮੁੱਢਲੀ ਯੋਗਤਾ

ਬਾਲ ਅਧਿਕਾਰ ਕਿਓਂ ?

ਬਾਲ ਬਦਸਲੂਕੀ ਕਿਓਂ ?

ਸਮੁਦਾਏ ਆਧਾਰਿਤ ਗਰੁੱਪਾਂ ਨਾਲ ਬਾਲ ਬਦਸਲੂਕੀ ਬਾਰੇ ਚਰਚਾ

- ਗੱਲਬਾਤ ਦੇ ਹੁਨਰ
- ਗਿਆਨ ਅਤੇ ਜਾਣਕਾਰੀ
- ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਹੈ

ਸੈਸ਼ਨ 3 — 2 ਘੰਟੇ

ਬਾਲ ਬਦਸਲੂਕੀ ਬਾਰੇ ਚਰਚਾ - ਕੁਝ ਵਿਧੀਆਂ ਅਤੇ ਟੂਲ

ਬਾਲ ਬਦਸਲੂਕੀ ਨੂੰ ਸਮਝਣਾ

ਬਾਲ ਬਦਸਲੂਕੀ ਕੀ ਹੈ ?

ਬਦਸਲੂਕੀ ਦੀਆਂ ਵੱਖ-ਵੱਖ ਕਿਸਮਾਂ ਦੀ ਪਛਾਣ ਕਰਨਾ

ਮਿਥਕ ਅਤੇ ਤੱਥ

ਦਿਨ 2

ਸੈਸ਼ਨ 1 — ਅੱਧਾ ਘੰਟਾ

ਪੁਨਰਕਥਨ

ਸੈਸ਼ਨ 2 — 3 ਘੰਟੇ

ਬਾਲ ਬਦਸਲੂਕੀ ਨੂੰ ਸਮਝਣਾ - ਦਿਨ 1 ਤੋਂ ਅੱਗੇ ਜਾਰੀ

ਬਾਲ ਬਦਸਲੂਕੀ ਕੀ ਹੈ ?

ਬਦਸਲੂਕੀ ਦੀਆਂ ਵੱਖ-ਵੱਖ ਕਿਸਮਾਂ ਦੀ ਪਛਾਣ ਕਰਨਾ

ਮਿਥਕ ਅਤੇ ਤੱਥ

ਬਾਲ ਬਦਸਲੂਕੀ ਦੇ ਬੱਚਿਆਂ ਅਤੇ ਸਮਾਜ ਉੱਤੇ ਪ੍ਰਭਾਵ

ਸੈਸ਼ਨ 3 — 2 ਘੰਟੇ

ਬਾਲ ਬਦਸਲੂਕੀ ਦੀ ਰੋਕਥਾਮ ਅਤੇ ਇਸ ਨਾਲ ਨਜਿੱਠਣਾ

ਕਾਰਵਾਈ ਦੀ ਯੋਜਨਾ ਬਣਾਉਣਾ

ਬਾਲ ਸੁਰੱਖਿਆ ਸਮਿਤੀਆਂ ਅਤੇ ਬਾਲ ਸਮੂਹਾਂ ਦੀ ਭੂਮਿਕਾ

ਦਿਨ 3

ਸੈਸ਼ਨ 1 — ਅੱਧਾ ਘੰਟਾ

ਪੁਨਰਕਥਨ

ਸੈਸ਼ਨ 2 — 2 ਘੰਟੇ

ਬਾਲ ਬਦਸਲੂਕੀ ਦੀ ਰੋਕਥਾਮ ਅਤੇ ਇਸ ਨਾਲ ਨਜਿੱਠਣਾ

ਦਿਨ 2 ਤੋਂ ਅੱਗੇ ਜਾਰੀ

ਵਕਾਲਤ

- ਵਕਾਲਤ ਕੀ ਹੁੰਦੀ ਹੈ ?
- ਵਕੀਲ ਕੌਣ ਬਣ ਸਕਦਾ ਹੈ ?
- ਇੱਕ ਪ੍ਰਭਾਵਸ਼ਾਲੀ ਵਕੀਲ ਕਿਵੇਂ ਬਣਿਆ ਜਾਵੇ ?

ਸੈਸ਼ਨ 2 — 2 ਘੰਟੇ

ਬਾਲ ਬਦਸਲੂਕੀ ਦੀ ਰਿਪੋਰਟ ਕਰਨਾ

ਇਸਤੇਮਾਲ ਕੀਤੇ ਜਾਣ ਵਾਲੇ ਕਾਨੂੰਨ

ਸੈਸ਼ਨ 3 — 1 ਘੰਟਾ

ਸੰਖੇਪ ਅਤੇ ਪ੍ਰਤੀਕਿਰਿਆ





ਸ਼ਾਇਦ ਬਾਲ ਸੁਰੱਖਿਆ ਸਮਿਤੀਆਂ ਦੇ ਮੈਂਬਰਾਂ ਨੂੰ ਤਿੰਨ ਦਿਨ ਦੇ ਟ੍ਰੇਨਿੰਗ ਪ੍ਰੋਗਰਾਮ ਲਈ ਬਿਠਾਉਣਾ ਸੰਭਵ ਨਾ ਹੋਵੇ। ਉਹਨਾਂ ਦੀ ਟ੍ਰੇਨਿੰਗ ਦੇ ਲਈ ਅਜਿਹੇ ਪ੍ਰੋਗਰਾਮ ਦੀ ਜ਼ਰੂਰਤ ਹੋ ਸਕਦੀ ਹੈ, ਜਿਹੜਾ ਉਹਨਾਂ ਦੀ ਉਪਲਬਧਤਾ, ਉਹਨਾਂ ਦੇ ਸਮੇਂ ਅਤੇ ਉਹਨਾਂ ਦੀ ਇਕਾਗਰਤਾ ਅਵਧੀ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੋਵੇ ਅਤੇ ਕੁਝ ਅਧਿਕ ਦਿਨਾਂ ਦਾ ਹੋਵੇ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਸੀ ਪੀ ਸੀ ਮੈਂਬਰਾਂ ਨੂੰ ਬਾਲ ਬਦਸਲੂਕੀ ਬਾਰੇ, ਇਸ ਦੀਆਂ ਕਿਸਮਾਂ ਬਾਰੇ, ਇਸ ਦੀਆਂ ਵੱਖ-ਵੱਖ ਕਿਸਮਾਂ ਬਾਰੇ ਪ੍ਰਚੱਲਿਤ ਮਿਥਕਾਂ ਅਤੇ ਤੱਥਾਂ ਬਾਰੇ ਅਤੇ ਉਹ ਇਸ ਨੂੰ ਰੋਕਣ ਅਤੇ ਇਸ ਨਾਲ ਨਜਿੱਠਣ ਲਈ ਕੀ ਕਰ ਸਕਦੇ ਹਨ ਇਸ ਦੇ ਬਾਰੇ ਵਿੱਚ ਸਮਝਾਉਣ ਵਿੱਚ ਮਦਦ ਕਰਣ ਲਈ ਸੈਸ਼ਨਾਂ ਦੇ ਰੂਪ ਵਿੱਚ ਇੱਕ ਡਰਾਫਟ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ।

ਜਿੱਥੇ ਵੀ ਤਿੰਨ ਦਿਨਾਂ ਦਾ ਟ੍ਰੇਨਿੰਗ ਪ੍ਰੋਗਰਾਮ ਕਰਨਾ ਸੰਭਵ ਹੋਵੇ, ਉੱਥੇ ਉੱਪਰ ਦਿੱਤੇ ਅਨੁਸਾਰ ਟ੍ਰੇਨਰਾਂ ਦੀ ਟ੍ਰੇਨਿੰਗ ਲਈ ਡਰਾਫਟ ਪ੍ਰੋਗਰਾਮ ਸ਼ੈਡਿਊਲ ਦੇ ਅਨੁਸਾਰ ਚੱਲਿਆ ਜਾ ਸਕਦਾ ਹੈ।

ਸੈਸ਼ਨ 1 — 1 ਘੰਟਾ

ਜਾਣ-ਪਛਾਣ

ਉਮੀਦਾਂ

ਆਧਾਰਭੂਤ ਨਿਯਮ ਸੈੱਟ ਕਰਨਾ

ਸੈਸ਼ਨ 2 — 3 ਘੰਟੇ

ਸਵੈ ਰਵੱਈਏ ਨੂੰ ਸਮਝਣਾ: ਇੱਕ ਮੁੱਢਲੀ ਯੋਗਤਾ

ਬਾਲ ਅਧਿਕਾਰ ਕਿਓਂ ?

ਬਾਲ ਬਦਸਲੂਕੀ ਕਿਓਂ ?

ਸਮੁਦਾਏ ਦੇ ਅੰਦਰ ਬਾਲ ਬਦਸਲੂਕੀ ਬਾਰੇ ਚਰਚਾ

- ਗੱਲਬਾਤ ਕਿਵੇਂ ਕੀਤੀ ਜਾਵੇ
- ਜ਼ਰੂਰੀ ਗਿਆਨ ਅਤੇ ਜਾਣਕਾਰੀ ਦਾ ਮਹੱਤਵ
- ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਹੈ

ਸੈਸ਼ਨ 3 — 2 ਘੰਟੇ

ਬਾਲ ਬਦਸਲੂਕੀ ਬਾਰੇ ਚਰਚਾ - ਕੁਝ ਵਿਧੀਆਂ ਅਤੇ ਟੂਲ

ਬਾਲ ਬਦਸਲੂਕੀ ਨੂੰ ਸਮਝਣਾ

ਬਾਲ ਬਦਸਲੂਕੀ ਕੀ ਹੈ ?

ਸੈਸ਼ਨ 4 — 2 ਘੰਟੇ

ਸ਼ਰੀਰਿਕ ਬਦਸਲੂਕੀ ਕੀ ਹੁੰਦਾ ਹੈ ?

ਸ਼ਰੀਰਿਕ ਬਦਸਲੂਕੀ ਦੇ ਚਿੰਨਾਂ ਨੂੰ ਪਛਾਣਨਾ

ਮਿਥਕ ਅਤੇ ਤੱਥ

ਸੈਸ਼ਨ 5 — 2 ਘੰਟੇ

ਭਾਵਨਾਤਮਕ ਬਦਸਲੂਕੀ ਕੀ ਹੁੰਦਾ ਹੈ ?

ਭਾਵਨਾਤਮਕ ਬਦਸਲੂਕੀ ਦੇ ਚਿੰਨਾਂ ਨੂੰ ਪਛਾਣਨਾ

ਮਿਥਕ ਅਤੇ ਤੱਥ

ਸੈਸ਼ਨ 6 — 2 ਘੰਟੇ

ਬੇਪਰਵਾਹੀ ਕੀ ਹੁੰਦੀ ਹੈ ?

ਸ਼ਰੀਰਿਕ ਬਦਸਲੂਕੀ ਦੇ ਚਿੰਨਾਂ ਨੂੰ ਪਛਾਣਨਾ

ਮਿਥਕ ਅਤੇ ਤੱਥ

ਸੈਸ਼ਨ 7 — 1 ਘੰਟਾ

ਪੁਨਰਕਥਨ - ਸ਼ਰੀਰਿਕ ਬਦਸਲੂਕੀ, ਭਾਵਨਾਤਮਕ ਬਦਸਲੂਕੀ ਅਤੇ ਬੇਪਰਵਾਹੀ ਵਿੱਚ ਅੰਤਰ

ਸੈਸ਼ਨ 8 — 3 ਘੰਟੇ

ਬਾਲ ਬਦਸਲੂਕੀ ਦੀ ਰੋਕਥਾਮ ਅਤੇ ਇਸ ਨਾਲ ਨਜਿੱਠਣਾ

ਕਾਰਵਾਈ ਦੀ ਯੋਜਨਾ ਬਣਾਓਣਾ

ਬਾਲ ਸੁਰੱਖਿਆ ਸਮਿਤੀਆਂ ਦੀ ਭੂਮਿਕਾ

ਸੈਸ਼ਨ 9 — 2 ਘੰਟੇ

ਵਕਾਲਤ

- ਵਕਾਲਤ ਕੀ ਹੁੰਦੀ ਹੈ ?
- ਵਕੀਲ ਕੌਣ ਬਣ ਸਕਦਾ ਹੈ ?
- ਇੱਕ ਪ੍ਰਭਾਵਸ਼ਾਲੀ ਵਕੀਲ ਕਿਵੇਂ ਬਣਿਆ ਜਾਵੇ ?

ਸੈਸ਼ਨ 10 — 3 ਘੰਟੇ

ਬਾਲ ਬਦਸਲੂਕੀ ਨਾਲ ਸਬੰਧਤ ਕਾਨੂੰਨ

ਕਾਨੂੰਨੀ ਮਾਮਲਾ ਦਾਇਰ ਕਰਣ ਦੀ ਪ੍ਰਕਿਰਿਆ

ਸੰਖੇਪ ਅਤੇ ਪ੍ਰਤੀਕਿਰਿਆ

## ਬਾਲ ਸਮੂਹਾਂ ਦੀ ਟ੍ਰੇਨਿੰਗ ਲਈ ਡਰਾਫਟ ਪ੍ਰੋਗਰਾਮ

ਸ਼ਾਇਦ ਬੱਚਿਆਂ ਨੂੰ ਤਿੰਨ ਦਿਨ ਦੇ ਟ੍ਰੇਨਿੰਗ ਪ੍ਰੋਗਰਾਮ ਲਈ ਬਿਠਾਉਣਾ ਸੰਭਵ ਨਾ ਹੋਵੇ। ਬਾਲ ਸਮੂਹਾਂ ਦੀ ਟ੍ਰੇਨਿੰਗ ਦੇ ਲਈ ਅਜਿਹੇ ਪ੍ਰੋਗਰਾਮ ਦੀ ਜ਼ਰੂਰਤ ਹੁੰਦੀ ਹੈ, ਜਿਹੜਾ ਬੱਚਿਆਂ ਦੀ ਉਪਲਬਧਤਾ, ਉਹਨਾਂ ਦੇ ਸਮੇਂ ਅਤੇ ਉਹਨਾਂ ਦੀ ਇਕਾਗਰਤਾ ਅਵਧੀ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੋਵੇ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਬੱਚਿਆਂ ਨੂੰ ਬਾਲ ਬਦਸਲੂਕੀ ਬਾਰੇ, ਇਸ ਦੀਆਂ ਕਿਸਮਾਂ ਬਾਰੇ, ਇਸ ਦੀਆਂ ਵੱਖ-ਵੱਖ ਕਿਸਮਾਂ ਬਾਰੇ ਪ੍ਰਚੱਲਿਤ ਮਿਥਕਾਂ ਅਤੇ ਤੱਥਾਂ ਬਾਰੇ, ਬੱਚੇ ਇਸ ਨੂੰ ਰੋਕਣ ਅਤੇ ਇਸ ਨਾਲ ਨਜਿੱਠਣ ਲਈ ਕੀ ਕਰ ਸਕਦੇ ਹਨ ਇਸ ਦੇ ਬਾਰੇ, ਅਤੇ ਕਾਨੂੰਨ ਉਹਨਾਂ ਦੀ ਰੱਖਿਆ ਕਿਸ ਤਰਾਂ ਕਰਦੇ ਹਨ ਆਦਿ ਦੇ ਬਾਰੇ ਸਮਝਾਉਣ ਵਿੱਚ ਮਦਦ ਕਰਣ ਲਈ ਸੈਸ਼ਨਾਂ ਦੇ ਰੂਪ ਵਿੱਚ ਇੱਕ ਡਰਾਫਟ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ।

ਸੈਸ਼ਨ 1 — 2 ਘੰਟੇ

ਬਾਲ ਬਦਸਲੂਕੀ ਬਾਰੇ ਚਰਚਾਵਾਂ ਲਈ ਆਧਾਰ ਬਣਾਉਣਾ
ਬੱਚਾ ਕੌਣ ਹੈ ?
ਅਜਿਹੀਆਂ ਵਿਭਿੰਨ ਸਥਿਤੀਆਂ ਦੀ ਸੂਚੀ ਬਣਾਉਣਾ, ਜਦੋਂ ਬੱਚੇ ਅਸੁਰੱਖਿਅਤ ਮਹਿਸੂਸ ਕਰਦੇ ਹਨ
ਬਾਲ ਅਧਿਕਾਰ ਕੀ ਹੁੰਦੇ ਹਨ ?
ਸੁਰੱਖਿਆ ਦੇ ਅਧਿਕਾਰ ਤੋਂ ਤੁਹਾਡਾ ਕੀ ਮਤਲਬ ਹੈ ?

ਸੈਸ਼ਨ 2 — 2 ਘੰਟੇ

ਬਦਸਲੂਕੀ ਕੀਤੇ ਜਾਣ ਦਾ ਕੀ ਅਰਥ ਹੈ ?
ਸ਼ੋਸ਼ਿਤ ਬੱਚਾ ਕੌਣ ਹੁੰਦਾ ਹੈ ?
ਬਦਸਲੂਕੀ ਕਰਣ ਵਾਲਾ ਕੌਣ ਹੋ ਸਕਦਾ ਹੈ ?
ਕੋਈ ਬੱਚਾ ਬਦਸਲੂਕੀ ਨੂੰ ਕਿਸ ਤਰਾਂ ਸਮਝਦਾ ਹੈ ?
ਬਦਸਲੂਕੀ ਕੀਤੇ ਜਾਣ ਤੇ ਬੱਚੇ ਦੇ ਦਿਮਾਗ ਵਿੱਚ ਆਉਣ ਵਾਲੇ ਪ੍ਰਸ਼ਨ ?

ਸੈਸ਼ਨ 3

ਬਾਲ ਬਦਸਲੂਕੀ ਨੂੰ ਸਮਝਣਾ — 2 ਘੰਟੇ
ਸ਼ਰੀਰਿਕ ਬਦਸਲੂਕੀ
ਚਿੰਨ ਅਤੇ ਲੱਛਣ
ਪ੍ਰਭਾਵ
ਮਿਥਕ ਅਤੇ ਤੱਥ
(ਅਸਲ ਜਿੰਦਗੀ ਦੀਆਂ ਸਥਿਤੀਆਂ ਉੱਤੇ ਆਧਾਰਿਤ ਕੇਸਾਂ ਦੇ ਅਧਿਐਨ ਦਾ ਇਸਤੇਮਾਲ ਕਰਦੇ ਹੋਏ ਗਰੁੱਪ ਕਾਰਜ)

ਸੈਸ਼ਨ 4 — 2 ਘੰਟੇ

ਭਾਵਨਾਤਮਕ ਅਤੇ ਮੌਖਿਕ ਬਦਸਲੂਕੀ
ਚਿੰਨ ਅਤੇ ਲੱਛਣ
ਪ੍ਰਭਾਵ
ਮਿਥਕ ਅਤੇ ਤੱਥ
ਅਸਲ ਜਿੰਦਗੀ ਦੀਆਂ ਸਥਿਤੀਆਂ ਉੱਤੇ ਆਧਾਰਿਤ ਕੇਸਾਂ ਦੇ ਅਧਿਐਨ ਦਾ ਇਸਤੇਮਾਲ ਕਰਦੇ ਹੋਏ ਗਰੁੱਪ ਕਾਰਜ)

ਸੈਸ਼ਨ 5 — 2 ਘੰਟੇ

ਬੇਪਰਵਾਹੀ
ਚਿੰਨ ਅਤੇ ਲੱਛਣ
ਪ੍ਰਭਾਵ
ਮਿਥਕ ਅਤੇ ਤੱਥ
(ਅਸਲ ਜਿੰਦਗੀ ਦੀਆਂ ਸਥਿਤੀਆਂ ਉੱਤੇ ਆਧਾਰਿਤ ਕੇਸਾਂ ਦੇ ਅਧਿਐਨ ਦਾ ਇਸਤੇਮਾਲ ਕਰਦੇ ਹੋਏ ਗਰੁੱਪ ਕਾਰਜ)

ਸੈਸ਼ਨ 6 — 2-3 ਘੰਟੇ

ਯੌਨ ਬਦਸਲੂਕੀ

ਚਿੰਨ ਅਤੇ ਲੱਛਣ

ਪ੍ਰਭਾਵ

ਮਿਥਕ ਅਤੇ ਤੱਥ

ਬੱਚੇ ਆਪਣੀ ਸੁਰੱਖਿਆ ਕਿਵੇਂ ਕਰ ਸਕਦੇ ਹਨ

(ਅਸਲ ਜ਼ਿੰਦਗੀ ਦੀਆਂ ਸਥਿਤੀਆਂ ਉੱਤੇ ਆਧਾਰਿਤ ਕੇਸਾਂ ਦੇ ਅਧਿਐਨ ਦਾ ਇਸਤੇਮਾਲ ਕਰਦੇ ਹੋਏ ਗਰੁੱਪ ਕਾਰਜ)

ਸੈਸ਼ਨ 7 — 2 ਘੰਟੇ

ਕੁਝ ਸ਼ੋਸ਼ਣਕਾਰੀ ਸਥਿਤੀਆਂ ਜਿਨਾਂ ਵਿੱਚ ਬਦਸਲੂਕੀ ਕੀਤੀ ਜਾ ਸਕਦੀ ਹੈ

ਬਾਲ ਮਜ਼ਦੂਰੀ

ਸ਼ਰੀਰਿਕ ਦੰਡ

ਬਾਲ ਤਸਕਰੀ

ਬਾਲ ਵਿਆਹ

ਸੈਸ਼ਨ 8 — 2 ਘੰਟੇ

ਜਦੋਂ ਬੱਚੇ ਬਾਲ ਬਦਸਲੂਕੀ ਬਾਰੇ ਸੁਣਨ ਤਾਂ ਉਹ ਕੀ ਕਰ ਸਕਦੇ ਹਨ

ਵਿਅਕਤੀਗਤ ਤੌਰ ਤੇ

ਸਮੂਹਿਕ ਤੌਰ ਤੇ

(ਭੂਮਿਕਾਵਾਂ ਦਾ ਇਸਤੇਮਾਲ ਕਰ ਕੇ)

ਸੈਸ਼ਨ 9 — 3 ਘੰਟੇ

ਆਪਣੇ ਅਧਿਕਾਰਾਂ ਬਾਰੇ ਜਾਣਨਾ - ਬੱਚਿਆਂ ਦੀ ਸੁਰੱਖਿਆ ਕਰਣ ਵਾਲੇ ਕੁਝ ਮਹੱਤਵਪੂਰਣ ਕਾਨੂੰਨ

ਸੈਸ਼ਨ 10 — 1 ਘੰਟਾ

ਸੰਖੇਪ ਅਤੇ ਪ੍ਰਤੀਕਿਰਿਆ

## ਨੋਟ